# Ram Saroop Ankhi de Novela vich Aurat di satiti

**ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ ਦੀ ਸਥਿਤੀ**

**Ram Saroop Ankhi de Novela vich Aurat di satiti**

Submitted to

**LOVELY PROFESSIONAL UNIVERSITY**

In partial fulfillment of the requirements for the award of degree of

**M.PHIL IN PUNJABI**


**Submitted by:**

Sarabjeet

Reg. No. 11512115

**Supervised by:**

**Dr. Sandeep Kaur**

**FACULTY OF BUSINESS AND APPLIED ARTS**

**LOVELY PROFESSIONAL UNIVERSITY,**

**PUNJAB**


**2016**

## ਘੋਸ਼ਣਾ ਪੱਤਰ

ਮੈਂ ਸਰਬਜੀਤ ਇਹ ਬਿਆਨ ਕਰਦੀ ਹਾਂ ਕਿ "ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ ਦੀ ਸਥਿਤੀ (ਪਰਤਾਪੀ, ਦੁੱਲੇ ਦੀ ਢਾਬ ਅਤੇ ਗੇਲੋ ਦੇ ਸੰਦਰਭ ਵਿਚ" ਵਿਸ਼ੇ 'ਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਲ ਨਹੀਂ ਹੈ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

**ਸਰਬਜੀਤ**

**ਰਜਿ.ਨੰ.** 11512115

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸਰਬਜੀਤ ਨੇ "ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ ਦੀ ਸਥਿਤੀ (ਪਰਤਾਪੀ, ਦੁੱਲੇ ਦੀ ਢਾਬ, ਗੇਲੋ ਦੇ ਸੰਦਰਭ ਵਿਚ)" ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦੀ ਹਾਂ। ਇਸ ਤੋਂ ਪਹਿਲਾ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਸੰਦੀਪ ਕੌਰ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

## ਭੂਮਿਕਾ

ਸੁੰਦਰ ਸਾਹਿਤ ਕਿਰਤ ਨੂੰ ਰਚਨਾ ਕਲਾ ਕਿਹਾ ਜਾਂਦਾ ਹੈ। ਵਿਦਵਾਨ ਸਾਹਿਤ ਨੂੰ ਸਮਾਜ ਦਾ ਦਰਪਣ ਮੰਨਦੇ ਹਨ ਪਰੰਤੂ ਸਾਹਿਤ ਸਮਾਜ ਦਾ ਦਰਪਣ ਹੁੰਦਿਆ ਹੋਇਆ ਸਮਾਜ ਨੂੰ ਬਦਲਣ ਜਾਂ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸਬੰਧ ਸਿੱਧਾ ਮਨੁੱਖੀ ਮਾਨਸਿਕਤਾ ਨਾਲ ਹੁੰਦਾ ਹੈ। ਕਿਸੇ ਵਿਅਕਤੀ ਵਿਚ ਪਰਿਵਰਤਨ ਲਿਆਉਣ ਲਈ ਉਸ ਦੇ ਮਨ ਜਾਂ ਵਿਚਾਰਾਂ ਨੂੰ ਬਦਲਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਕਿਸੇ ਵਿਅਕਤੀ ਦੇ ਵਿਚਾਰਾਂ ਦਾ ਸਮੂਹ ਹੀ ਉਸ ਦਾ ਜੀਵਨ ਫਲਸਫ਼ਾ ਅਖਵਾਉਂਦਾ ਹੈ। ਮਨੁੱਖ ਦਾ ਸਾਹਿਤ ਨਾਲ ਰਿਸ਼ਤਾ ਮੁੱਢ ਕਦੀਮ ਤੋਂ ਹੀ ਚਲਦਾ ਆ ਰਿਹਾ ਹੈ। ਮਨੁੱਖ ਨੇ ਆਪਣੀਆਂ ਭਾਵਨਾਵਾਂ ਨੂੰ ਤ੍ਰਿਪਤ ਕਰਨ ਦੇ ਲਈ ਲਲਿਤ ਕਲਾਵਾਂ/ ਸਾਹਿਤ ਦਾ ਸਹਾਰਾ ਲਿਆ ਹੈ। "ਸਾਹਿਤ ਦੀ ਰਚਨਾ ਇਕ ਫੁਲਵਾੜੀ ਜਾਂ ਨਿਸ਼ਾਂਤ ਬਾਗ਼ ਵਾਂਗ, ਸ਼ਾਹੀ ਮਹੱਲ ਜਾਂ ਪਹਾੜੀ ਕਿਲੇ ਵਾਂਗ, ਕਾਰਖਾਨੇ ਜਾਂ ਮਾਡਲ ਟਾਊਨ ਵਾਂਗ, ਫ਼ਵਾਰੇ, ਝਰਨੇ ਜਾਂ ਝੀਲ ਵਾਂਗ ਹੋ ਸਕਦੀ ਹੈ।"[1]

ਹਰੇਕ ਸਾਹਿਤ ਦੇ ਦੋ ਰੂਪ ਹੁੰਦੇ ਹਨ ਪਦ ਅਤੇ ਗਦ। ਪਦ ਤੋਂ ਭਾਵ ਕਵਿਤਾ ਤੋਂ ਹੈ ਅਤੇ ਗਦ ਤੋਂ ਭਾਵ ਵਾਰਤਕ ਹੈ। ਇਸਤਰੀ ਦੇ ਦੁਖਾਂਤ ਦਾ ਵਿਸ਼ਲੇਸ਼ਣ ਕਰਨ ਲਈ ਹਥਲੇ ਖੋਜ ਪ੍ਰਬੰਧ ਵਿਚ ਗਲਪ ਸਾਹਿਤ ਨੂੰ ਆਧਾਰ ਬਣਾ ਇਸ ਦੇ ਨਾਵਲ ਰੂਪ ਦੀ ਚੋਣ ਕੀਤੀ ਗਈ ਹੈ। ਆਧੁਨਿਕ ਸਾਹਿਤ ਵਿਚ ਨਾਵਲ ਇਕ ਵਿਸ਼ੇਸ਼ ਥਾਂ ਰੱਖਦਾ ਹੈ। ਨਾਵਲ ਨੂੰ ਆਧੁਨਿਕ ਯੁੱਗ ਦਾ ਬਿਰਤਾਂਤ ਕਿਹਾ ਜਾਂਦਾ ਹੈ। ਨਾਵਲ ਇਕ ਗਲਪੀ ਪ੍ਰਵਚਨ ਹੁੰਦਾ ਹੈ। ਇਸ ਵਿਚ ਗਲਪੀ ਰਚਨਾ ਵਿਧੀ ਦੀ ਵਰਤੋਂ ਵਿਚਾਰਾ ਦੀ ਪ੍ਰਤੱਖਣ ਪ੍ਰਕਿਰੀਆ ਸਮੇਂ ਵੀ ਹੁੰਦੀ ਹੈ ਅਤੇ ਪ੍ਰਗਟਾਅ ਵੇਲੇ ਵੀ। ਨਾਵਲੀ ਬਿਰਤਾਂਤ ਦੇ ਯਥਾਰਥ ਦੇ ਵਸਤੂ ਵੇਰਵਿਆਂ ਨੂੰ ਨਵੇਂ ਸਿਰੇ ਤੋਂ ਵਿਉਂਤ ਕੇ, ਉਨ੍ਹਾਂ ਦਾ ਨਿਵੇਕਲਾ ਅਰਥ ਪ੍ਰਬੰਧ ਰਚਦਾ ਹੋਇਆ, ਉਸ ਨੂੰ ਨਵੇਕਲੇ ਸੰਸਾਰ ਦੀ ਹਸਤੀ ਪ੍ਰਦਾਨ ਕਰਦਾ ਹੈ। ਇਸੇ ਕਰਕੇ ਨਾਵਲੀ ਪਾਠ ਵਿਚ ਅਰਥਸ਼ੀਲ ਪ੍ਰਬੰਧ ਆਪਣੇ ਆਪ ਨੂੰ ਸਵੈ-ਸਿੱਧ ਸੰਸਾਰ ਵਿਚ ਬਦਲ ਕੇ ਖ਼ੁਦਮੁਖ਼ਤਾਰ ਵਸਤੂ ਬਣਦਾ ਹੈ। ਜ਼ਾਹਿਰ ਹੈ ਕਿ ਨਾਵਲ ਦਾ ਗਲਪੀ ਪ੍ਰਵਚਨ ਭਾਵੇਂ ਵਸਤੂ ਯਥਾਰਥ ਦਾ ਹੀ ਰੂਪ ਹੁੰਦਾ ਹੈ, ਪਰ ਇਸ ਦੇ ਆਪਣੇ ਨਿਯਮ, ਰਿਵਾਇਤਾਂ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਸ ਸਥਿਤੀ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਵਸਤੂ-ਯਥਾਰਥ ਵਿਚ ਵਾਪਰਨ ਵਾਲੀਆਂ ਘਟਨਾਵਾਂ, ਨਾਵਲ ਵਿਚ ਕਾਰਜ ਬਣ ਜਾਂਦੀਆਂ ਹਨ ਜਿਉਂਦੇ ਜਾਗਦੇ ਮਨੁੱਖ ਪਾਤਰ ਬਣ ਜਾਂਦੇ ਹਨ, ਜ਼ਿੰਦਗੀ ਵਿਚਲੇ ਇਤਫਾਕ, ਦੁਰਘਟਨਾਵਾਂ, ਸੰਗਤੀਆਂ, ਵਿਸੰਗਤੀਆਂ ਅਤੇ ਰੁਝਾਣ ਵਿਸ਼ੇਸ਼ ਕਿਸਮ ਦੀਆਂ ਪਾਠਕ ਯੁਗਤਾਂ ਬਣ ਜਾਂਦੇ ਹਨ।

ਹਥਲਾ ਖੋਜ ਪ੍ਰਬੰਧ ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ ਦੀ ਹਰ ਪ੍ਰਕਾਰ ਦੀ ਸਥਿਤੀ ਨੂੰ ਉਜਾਗਰ ਕਰਦਾ ਹੈ। ਅਣਖੀ ਨੇ ਆਪਣੇ ਨਾਵਲਾਂ ਵਿਚ ਇਸਤਰੀ ਨਾਲ ਸੰਬੰਧਿਤ ਹਰੇਕ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਵਰਣਨ ਕੀਤਾ ਹੈ। ਉਸ ਦੇ 'ਪਰਤਾਪੀ, ਦੁੱਲੇ ਦੀ ਢਾਬ ਅਤੇ ਗੇਲੋ' ਤਿੰਨਾਂ ਨਾਵਲਾਂ ਵਿਚ ਔਰਤ ਦੀ ਸਥਿਤੀ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਸਾਡੇ ਸਮਾਜ ਵਿਚ ਔਰਤ ਦੇ ਜਜ਼ਬਿਆਂ ਦੀ ਉਨ੍ਹਾਂ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕੀਤੀ

ਜਾਂਦੀ। ਅਣਖੀ ਦੇ ਨਾਵਲਾਂ ਵਿਚ ਔਰਤ ਦੀ ਇਕ ਵਿਲਕਣੀ ਸੁਰ ਵੇਖਣ ਨੂੰ ਮਿਲਦੀ ਹੈ ਇਹ ਵਿਲਕਣੀ ਸੁਰ ਔਰਤ ਦੀਆਂ ਸੰਵੇਦਨਾਵਾਂ ਦੀ ਉਸ ਅਭਿਵਿਅਕਤੀ ਨਾਲ ਸੰਬੰਧਿਤ ਹੈ, ਜੋ ਮੁੱਢ ਕਦੀਮ ਤੋਂ ਬਣਾਏ ਮੰਨੂ ਦੇ ਕਾਨੂੰਨ ਵਿਚ ਹਮੇਸ਼ਾ ਪਸੀਜੀ ਆ ਰਹੀ ਹੈ "ਅਣਖੀ ਨੇ ਮਰਦ, ਖਾਸ ਕਰਕੇ ਜੱਟ ਮਰਦ ਦੇ ਕਿਰਦਾਰ ਦਾ ਪ੍ਰਗਟਾਵਾ ਕੀਤਾ ਹੈ, ਜੋ ਔਰਤ ਨੂੰ ਵੇਚਣ ਅਤੇ ਖਰੀਦਣ ਵਿਚ ਵਿਸ਼ਵਾਸ਼ ਰੱਖਦੇ ਹਨ।"[2] ਮਰਦ ਨੇ ਹਮੇਸ਼ਾ ਹੀ ਔਰਤ ਨਾਲ ਧੱਕੇਸ਼ਾਹੀ ਕੀਤੀ ਹੈ। ਉਹ ਹਮੇਸ਼ਾ ਹੀ ਔਰਤ ਨੂੰ ਗੁਲਾਮ ਬਣਾ ਕੇ ਰੱਖਣ ਦੀ ਹਾਮੀ ਭਰਦਾ ਰਿਹਾ ਹੈ। ਅਜਿਹੇ ਅਣਸੁਖਾਵੇ ਵਾਤਾਵਰਨ ਵਿਚ ਔਰਤ ਦੀ ਜ਼ਿੰਦਗੀ ਦਾ ਹਰ ਪਲ ਦੁੱਖਾਂ ਭਰਿਆਂ ਹੁੰਦਾ ਹੈ। ਔਰਤ ਹਮੇਸ਼ਾ ਹੀ ਬੇਵੱਸ ਰਹੀ ਹੈ ਆਜ਼ਾਦੀ ਮਾਨਣ ਦਾ ਉਸ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਬੇਸ਼ੱਕ ਅੱਜ ਸਾਡੇ ਸਮਾਜ ਨੇ ਬਹੁਤ ਤਰੱਕੀ ਕਰ ਲਈ ਹੈ ਪ੍ਰੰਤੂ ਔਰਤ ਪ੍ਰਤੀ ਸਾਡੇ ਸਮਾਜ ਦੀ ਸੋਚ ਵਿਚ ਉਹ ਤਬਦੀਲੀ ਨਹੀਂ ਆਈ ਜੋ ਕਿ ਆਉਣੀ ਚਾਹੀਦੀ ਸੀ। ਇਸ ਬੰਦਸ਼ਾਂ ਭਰਪੂਰ ਸਮਾਜ ਵਿਚ ਰਹਿੰਦਿਆਂ ਔਰਤ ਦਾ ਵਜ਼ੂਦ ਖਿੰਡਰ ਗਿਆ ਅਜਿਹੀ ਸਥਿਤੀ ਵਿਚ ਉਸ ਵਾਸਤੇ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ।

ਰਾਮ ਸਰੂਪ ਅਣਖੀ ਇਕ ਅਜਿਹਾ ਨਾਵਲਕਾਰ ਹੈ ਜੋ ਔਰਤ ਦੇ ਦੁਖਾਂਤ ਨੂੰ ਮਹਿਸੂਸ ਕਰਦਾ ਹੈ ਅਤੇ ਆਪਣੀਆਂ ਰਚਨਾਵਾਂ ਵਿਚ ਅਜਿਹੀਆਂ ਇਸਤਰੀ ਪਾਤਰ ਸਿਰਜਦਾ ਹੈ ਜੋ ਕਿ ਸਾਡੇ ਸਮਾਜ ਵਿਚ ਸਾਨੂੰ ਆਮ ਵੇਖਣ ਨੂੰ ਮਿਲਦੀਆਂ ਹੋਣ ਕਰਕੇ ਯਥਾਰਥਕ ਪ੍ਰਤੀਤ ਹੁੰਦੀਆਂ ਹਨ। "ਰਾਮ ਸਰੂਪ ਅਣਖੀ ਨੇ ਨਾਵਲ ਸਿਰਜਣਾ ਉਸ ਸਮੇਂ ਸ਼ੁਰੂ ਕੀਤੀ ਜਦੋਂ ਪੰਜਾਬੀ ਵਿਚ ਯਥਾਰਥਵਾਦੀ, ਮਨੋਵਿਗਿਆਨਿਕ ਅਧਾਰਿਤ ਚੇਤਨਾ ਪ੍ਰਵਾਹ ਸ਼ੈਲੀ, ਪ੍ਰਗਤੀਵਾਦੀ, ਫ਼ਰਾਇਡ ਆਦਿ ਚੇਤਨਾ ਪ੍ਰਵਾਹ ਸ਼ੈਲੀ ਨਾਲ ਸੰਬੰਧਿਤ ਨਾਵਲ ਸਿਰਜਣਾ ਹੋ ਰਹੀ ਸੀ।"[3] ਅਣਖੀ ਨੂੰ ਪੇਂਡੂ ਜੀਵਨ ਦਾ ਅਥਾਹ ਅਨੁਭਵ ਹੈ ਅਤੇ ਉਸ ਨੇ ਆਪਣੇ ਨਾਵਲਾਂ ਵਿਚ ਮਲਵਈ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ। ਨਾਵਲੀ ਸੰਸਰ ਨੂੰ ਨਾਰੀ-ਪ੍ਰਵਚਨ ਦੀ ਸਿਰਜਣਾ ਦਾ ਸੰਸਾਰ ਵੀ ਆਖ ਸਕਦੇ ਹਾਂ। ਅਣਖੀ ਨੇ ਨਾਵਲੀ ਵਿਧਾ ਰਾਹੀਂ ਔਰਤ ਦੀ ਪੀੜਾ ਦਾ ਬਿਆਨ ਬਹੁਤ ਸੁਚੱਜੇ ਢੰਗ ਨਾਲ ਕੀਤਾ ਹੈ। ਆਧੁਨਿਕ ਯੁੱਗ ਦੇ ਨਵੀਨ ਨਾਵਲਕਾਰਾਂ ਵਿਚੋਂ ਰਾਮ ਸਰੂਪ ਅਣਖੀ ਪੰਜਾਬੀ ਪਾਠਕਾਂ ਵਿਚ ਇਕ ਪ੍ਰਵਾਨਿਤ ਨਾਵਲਕਾਰ ਹੈ। ਉਸ ਨੇ ਭਾਵੇਂ ਕਵਿਤਾ ਵੀ ਲਿਖੀ, ਕਹਾਣੀ ਦੀ ਰਚਨਾ ਵੀ ਕੀਤੀ ਪਰ ਨਾਵਲ ਜਗਤ ਵਿਚ ਅਣਖੀ ਨੇ ਸਭ ਤੋਂ ਵੱਧ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਗੱਲ ਦੀ ਪ੍ਰੋੜਤਾ ਡਾ. ਰਵਿੰਦਰ ਸਿੰਘ ਭੱਠਲ ਇਸ ਤਰ੍ਹਾਂ ਕਰਦਾ ਹੈ:- "ਰਾਮ ਸਰੂਪ ਅਣਖੀ ਰੇਗਿਸਤਾਨ 'ਚ ਵਹਿੰਦਾ ਦਰਿਆ ਹੈ।"[4] ਇਸ ਖੋਜ ਪ੍ਰਬੰਧ ਵਿਚ ਅਣਖੀ ਦੇ ਤਿੰਨ ਨਾਵਲ 'ਪਰਤਾਪੀ', 'ਦੁੱਲੇ ਦੀ ਢਾਬ' ਅਤੇ 'ਗੇਲੋ' ਲਏ ਗਏ ਹਨ। 'ਪਰਤਾਪੀ' ਨਾਵਲ ਵਿਚ ਉਸ ਨੇ ਪੇਂਡੂ ਕਿਸਾਨੀ ਵਿਚ ਆਰਥਿਕ ਤੰਗੀਆਂ ਭੋਗਦੀ ਔਰਤ ਦਾ ਦੁਖਾਂਤ ਬਿਆਨ ਕੀਤਾ ਹੈ। ਪਰਤਾਪੀ ਜੋ ਮੱਧ ਵਰਗੀ ਕਿਸਾਨੀ ਨਾਲ ਸੰਬੰਧ ਰੱਖਣ ਵਾਲੀ ਔਰਤ ਦੀ ਦਾਸਤਾਨ ਹੈ। ਅਣਖੀ ਨੇ ਇਸ ਨਾਵਲ ਵਿਚ ਪੂੰਜੀਵਾਦ ਤੋਂ ਪ੍ਰਭਾਵਿਤ ਪੰਜਾਬੀ ਸਭਿਆਚਾਰ ਵਿਚ ਬਦਲਦੇ ਕਿਸਾਨੀ ਰਿਸ਼ਤਿਆਂ, ਰਸਮਾਂ-ਰਿਵਾਜਾਂ, ਧਾਰਮਿਕ ਵਿਸ਼ਵਾਸ਼ਾਂ ਅਤੇ ਸਾਕਾਦਾਰੀ ਸੰਬੰਧਾਂ ਨੂੰ ਨਾਵਲ ਦੇ ਮੂਲ ਵਿਸ਼ੇ ਨਾਲ ਸੰਬੰਧਿਤ ਕਰਕੇ ਯਥਾਰਥਾਵਾਦੀ ਨਜ਼ਰੀਏ ਤੋਂ ਇਨ੍ਹਾਂ ਦਾ ਚਿਤਰਨ ਕੀਤਾ ਹੈ।

ਔਰਤ ਦਾ ਸਮਾਜਿਕ ਜੀਵਨ ਉਸ ਲਈ ਕੋਈ ਫੁੱਲਾਂ ਦੀ ਸੇਜ ਨਹੀਂ ਹੈ। ਕੇਵਲ ਵਿਆਹੁਤਾ ਲੋਕਾਂ ਨੂੰ ਹੀ ਸਮਾਜਿਕ ਮੰਨਿਆ ਜਾਂਦਾ ਹੈ। ਔਰਤ ਨੂੰ ਤਾਂ ਕੇਵਲ ਇਕ ਵਸਤੂ ਵਜੋਂ ਹੀ ਦੇਖਿਆ ਜਾਂਦਾ ਹੈ। ਉਸਦੀ ਪਹਿਚਾਣ ਕੇਵਲ ਮਰਦ ਨਾਲ ਹੈ, ਉਹ ਉਸਦਾ ਪਿਤਾ ਹੋਵੇ ਜਾਂ ਪਤੀ। ਸਭ ਤੋਂ ਪਹਿਲਾਂ ਉਸਦਾ ਫਰਜ਼ ਮੰਨਿਆਂ ਜਾਂਦਾ ਹੈ ਕਿ ਉਹ ਦਿਖਾਵੇ ਲਈ ਹੈ। ਉਸ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਘਰ ਨੂੰ ਖੂਬਸੂਰਤ ਬਣਾ ਕੇ ਰੱਖੇ, ਚੰਗੇ ਸਾਫ ਸੁਥਰੇ ਕੱਪੜੇ ਪਹਿਨ ਕੇ ਰੱਖੇ ਅਤੇ ਮਰਦ ਨੂੰ ਪਰਚਾ ਕੇ ਰੱਖੇ। ਅਜਿਹਾ ਹੀ 'ਪਰਤਾਪੀ' ਨਾਵਲ ਵਿਚ ਹੁੰਦਾ ਹੈ। ਵਿਆਹ ਸਾਡੇ ਸਮਾਜ ਦੀ ਇਕ ਅਜਿਹੀ ਸੰਸਥਾ ਹੈ ਜਿਸ ਵਿਚ ਸੁਧਾਰ ਦੀ ਕਾਫੀ ਜ਼ਰੂਰਤ ਹੈ। ਵਿਆਹ ਤੋਂ ਬਾਅਦ ਔਰਤ ਨੂੰ ਹਮੇਸ਼ਾ ਹੀ ਮਰਦ ਦੇ ਅਧੀਨ ਰਹਿਣਾ ਪੈਂਦਾ ਹੈ। ਪਰਤਾਪੀ ਸਾਰੀ ਉਮਰ ਮਰਦ ਦੇ ਅਧੀਨ ਰਹਿੰਦੀ ਹੈ। ਬੂਵਆਰ ਦੇ ਅਨੁਸਾਰ "ਵਿਆਹ ਵੀ ਅਜਿਹਾ ਬੰਧਨ ਹੈ ਜੋ ਸਮਾਜ ਦੁਆਰਾ ਔਰਤ ਦੀ ਕਿਸਮਤ ਨੂੰ ਨਿਰਧਾਰਿਤ ਕਰਦਾ ਹੈ।"[5] 'ਦੁੱਲੇ ਦੀ ਢਾਬ' ਅਣਖੀ ਦਾ ਵੱਡ ਆਕਾਰ ਨਾਵਲ ਹੈ। ਇਸ ਨਾਵਲ ਵਿਚ ਅਣਖੀ ਨੇ ਔਰਤ ਦੀ ਹਰ ਪ੍ਰਕਾਰ ਦੀ ਸਥਿਤੀ ਦਾ ਬਿਆਨ ਕੀਤਾ ਹੈ। ਉਸ ਨੇ ਆਪਣੇ ਇਸ ਨਾਵਲ ਵਿਚ ਮੂਲ ਰੂਪ ਵਿਚ ਅਣਜੋੜ ਵਿਆਹ ਦੀ ਸਮੱਸਿਆ ਨੂੰ ਆਧਾਰ ਬਣਾਇਆ ਹੈ। ਇਹ ਅਣਜੋੜ ਵਿਆਹ ਹੀ ਔਰਤ ਦੀ ਜ਼ਿੰਦਗੀ ਵਿਚ ਅਨੇਕ ਸਮੱਸਿਆਵਾਂ ਲੈ ਕੇ ਆਉਂਦਾ ਹੈ। ਇਹ ਨਾਵਲ ਔਰਤ-ਮਰਦ ਦੇ ਸੰਬੰਧਾਂ ਨੂੰ ਬਿਆਨ ਕਰਦਾ ਹੈ। 'ਗੇਲੋ' ਨਾਵਲ ਵਿਚ ਅਣਖੀ ਨੇ ਆਰਥਿਕ ਤੰਗੀਆਂ ਕਾਰਨ ਜਿਸਮਫਰੋਸ਼ੀ ਦਾ ਧੰਦਾ ਕਰਨ ਲਈ ਮਜ਼ਬੂਰ ਔਰਤ ਦਾ ਦੁਖਾਂਤ ਬਿਆਨ ਕੀਤਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਹਥਲੇ ਖੋਜ ਪ੍ਰਬੰਧ ਵਿਚ ਅਣਖੀ ਦੇ ਨਾਵਲਾਂ ਵਿਚ ਔਰਤ ਦੇ ਦੁਖਾਂਤ ਦਾ ਵਰਣਨ ਕੀਤਾ ਜਾਵੇਗਾ। ਬੇਸ਼ੱਕ ਅੱਜ ਸਾਡੇ ਸਮਾਜ ਨੇ ਬਹੁਤ ਤਰੱਕੀ ਕੀਤੀ ਹੈ ਪ੍ਰੰਤੂ ਔਰਤ ਦੀ ਹਾਲਤ ਵਿਚ ਬਹੁਤਾ ਸੁਧਾਰ ਨਹੀਂ ਆਇਆ। ਔਰਤ ਦੀ ਇਸੇ ਸਥਿਤੀ ਦਾ ਵਰਣਨ ਅਣਖੀ ਦੇ ਨਾਵਲਾਂ ਨੂੰ ਆਧਾਰ ਬਣਾ ਕੇ ਕੀਤਾ ਜਾਵੇਗਾ। ਕੁਦਰਤ ਨਰ ਅਤੇ ਮਾਦਾ ਵਿਚਕਾਰ ਖਿੱਚ ਦਾ ਰਿਸ਼ਤਾ ਕਾਇਮ ਰੱਖਦੀ ਹੈ ਕਾਇਮ ਰੱਖਦੀ ਹੈ ਨਾ ਕਿ ਕੋਈ ਲਿੰਗ ਵਿਤਕਰਾ ਸਥਾਪਿਤ ਕਰਦੀ ਹੈ, ਪ੍ਰੰਤੂ ਜਿਵੇਂ-ਜਿਵੇਂ ਸੱਭਿਅਤਾ ਵਿਕਾਸ ਕਰਦੀ ਗਈ ਮਰਦ ਦਾ ਉਤਪਾਦਕ ਦੇ ਸਾਧਨਾਂ ਉੱਪਰ ਅਧਿਕਾਰ ਸਥਾਪਿਤ ਹੁੰਦਾ ਗਿਆ। ਇਸੇ ਅਧਿਕਾਰ ਦੇ ਕਾਰਨ ਮਰਦ ਔਰਤ ਨੂੰ ਵੀ ਇਕ ਵਸਤੂ ਵਾਂਗ ਸਮਝਣ ਲੱਗਾ ਅਤੇ ਔਰਤ ਉੱਪਰ ਸੰਪੂਰਨ ਕਬਜ਼ਾ ਕਰਨ ਲਈ ਵਿਆਹ ਨੇ ਬਹੁਤ ਅਹਿਮ ਰੋਲ ਅਦਾ ਕੀਤਾ। "ਮੈਰੋ ਦਾ ਕਹਿਣਾ ਹੈ ਕਿ ਵਿਆਹੀ ਔਰਤ ਤੇ ਬਜਾਰੂ ਔਰਤ ਵਿਚ ਕੇਵਲ ਇੰਨਾ ਹੀ ਫਰਕ ਹੈ ਕਿ ਬਜਾਰੂ ਔਰਤ ਦਾ ਆਪਣੇ ਗਾਹਕ ਨਾਲ ਕੁਝ ਸੀਮਿਤ ਸਮੇਂ ਦਾ ਸੌਦਾ ਹੁੰਦਾ ਹੈ। ਪਰ ਵਿਆਹ ਵਿਚ ਉਹ ਹਮੇਸ਼ਾ ਲਈ ਵਿਕ ਜਾਂਦੀ ਹੈ।"[6] ਇਸੇ ਤਰ੍ਹਾਂ ਦਾ ਦੁਖਾਂਤ ਅਣਖੀ ਦੇ ਨਾਵਲਾਂ ਵਿਚ ਵੇਖਣ ਨੂੰ ਮਿਲਦਾ ਹੈ।

## ਅਧਿਆਇ ਪਹਿਲਾ


| | |
|---|---|
| ਘੋਸ਼ਣਾ ਪੱਤਰ | i |
| ਪ੍ਰਮਾਣ ਪੱਤਰ | ii |
| ਭੂਮਿਕਾ | iii-v |
| ਤਤਕਰਾ | vi-viii |


### 1. ਸਿਧਾਂਤਕ ਪਿੱਠ-ਭੂਮੀ


| | |
|---|---|
| 1.1. ਵਿਸ਼ੇ ਦੀ ਸਾਰਥਿਕਤਾ | 1 |
| 1.2. ਉਦੇਸ਼ | 1 |
| 1.3. ਖੋਜ ਵਿਧੀਆਂ | 1 |
| 1.3.1. ਮਨੋਵਿਸ਼ਲੇਸ਼ਣੀ ਵਿਧੀ | 1-2 |
| 1.3.2. ਸਮਾਜ ਸ਼ਾਸਤਰੀ ਵਿਧੀ | 2 |
| 1.3.3. ਮਾਰਕਸਵਾਦੀ ਵਿਧੀ | 2 |
| 1.4. ਪਰਿਕਲਪਨਾ | 2-3 |
| 1.5. ਪਹਿਲਾ ਹੋ ਚੁੱਕਾ ਖੋਜ ਕਾਰਜ | 3 |
| 1.5.1. ਪੀ.ਐਚ.ਡੀ ਦਾ ਖੋਜ ਕਾਰਜ | 3 |
| 1.5.2. ਐਮ.ਫਿਲ ਦਾ ਖੋਜ ਕਾਰਜ | 4 |
| 1.5.3 ਵਿਸ਼ੇ ਨਾਲ ਸੰਬੰਧਿਤ ਪੁਸਤਕਾਂ | 4-6 |
| 1.6. ਸਿਧਾਂਤ | 7 |
| 1.6.1 ਨਾਰੀਵਾਦੀ ਸਿਧਾਂਤ | 7 |
| 1.6.2. ਇਤਿਹਾਸਿਕ ਪੜਾਅ | 8-9 |
| 1.6.3. ਮਾਰਕਸਵਾਦੀ ਨਾਰੀਵਾਦ | 9-11 |
| 1.6.4. ਉਦਾਰਵਾਦੀ ਨਾਰੀਵਾਦ | 11-12 |
| 1.6.5 ਜੁਝਾਰੂ ਨਾਰੀਵਾਦ | 11-12 |
| 1.6.6.ਕਾਲਾ ਨਾਰੀਵਾਦ | 12 |
| 1.7. ਰਾਮ ਸਰੂਪ ਅਣਖੀ ਜੀਵਨ ਅਤੇ ਰਚਨਾ | 13-14 |

1.7.1. ਰਾਮ ਸਰੂਪ ਅਣਖੀ ਦੀਆਂ ਸਾਹਿਤਕ ਰਚਨਾਵਾਂ 14
1.7.2. ਅਣਖੀ ਦੀਆਂ ਕਹਾਣੀਆਂ 14-15
1.7.3. ਅਣਖੀ ਦੀ ਨਾਵਲ ਰਚਨਾ 15-17
1.7.4. ਲੇਖ ਸੰਗ੍ਰਹਿ 17

## ਅਧਿਆਇ ਦੂਜਾ

2. ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਅਣਜੋੜ ਵਿਆਹ ਦੀ ਸਮੱਸਿਆ 19
2.1. 'ਪਰਤਾਪੀ' ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ 19-23
2.1.1. 'ਸਰਦਾਰੋ ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ 23-27
2.1.2. 'ਹਮੀਰਗੜ' ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ 27-30
2.1.3. ਗੇਲੋ ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ 30-37

## ਅਧਿਆਇ ਤੀਜਾ

3.ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਨਜਾਇਜ਼ ਸੰਬੰਧਾਂ ਦੀ ਪੇਸ਼ਕਾਰੀ 40
3.1.ਨਜਾਇਜ਼ ਸੰਬੰਧ 40
3.2. ਪੂਰਵ ਵਿਆਹ ਸੰਬੰਧ 40
3.2.1. 'ਹਮੀਰਗੜ' ਨਾਵਲ ਵਿਚ ਪੂਰਵ ਵਿਆਹ ਸੰਬੰਧ 41-46
3.2.2. 'ਜੱਸੀ ਸਰਪੰਚ' ਵਿਚ ਪੂਰਵ-ਵਿਆਹ ਸੰਬੰਧਾਂ ਦੀ ਪੇਸ਼ਕਾਰੀ 46-47
3.2.3. 'ਗੇਲੋ' ਨਾਵਲ ਵਿਚ ਪੂਰਵ ਵਿਆਹ ਸੰਬੰਧਾਂ ਦੀ ਪੇਸ਼ਕਾਰੀ 48-52
3.2.4. 'ਪਰਤਾਪੀ' ਨਾਵਲ ਵਿਚ ਵਿਆਹ ਪੂਰਵ ਸੰਬੰਧਾਂ ਦੀ ਪੇਸ਼ਕਾਰੀ 52-55

3.3. ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ 55-56

3.3.1. 'ਸਰਦਾਰੋ' ਨਾਵਲ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ 56-60

3.3.2. 'ਹਮੀਰਗੜ' ਨਾਵਲ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ 60-65

3.3.3. 'ਜੱਸੀ ਸਰਪੰਚ' ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ 65-66

3.3.4. ਗੋਲੋ ਨਾਵਲ ਵਿਚ ਵਿਆਹ ਬਾਹਰੇ ਸੰਬੰਧ 67-68

## ਅਧਿਆਇ ਚੌਥਾ

4. ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪ੍ਰਸਤੁਤ ਔਰਤ ਦਾ ਆਰਥਿਕ ਸੰਤਾਪ 71-72

4.1. 'ਪਰਤਾਪੀ' ਨਾਵਲ ਵਿਚ ਛੋਟੀ ਕਿਸਾਨੀ ਦਾ ਸੰਤਾਪ 72-89

4.1.1. 'ਦੁੱਲੇ ਦੀ ਢਾਬ' ਵਿਚ ਛੋਟੀ ਕਿਸਾਨੀ ਦਾ ਦੁਖਾਂਤ 89

4.1.2. 'ਹਮੀਰਗੜ' ਵਿਚ ਛੋਟੀ ਕਿਸਾਨੀ ਦਾ ਸੰਤਾਪ ਭੋਗਦੀ ਔਰਤ 89-95

4.1.3. 'ਸਲਫਾਸ' ਵਿਚ ਛੋਟੀ ਕਿਸਾਨੀ ਦਾ ਦੁਖਾਂਤ 95-100

ਸਥਾਪਨਾਵਾਂ ਅਤੇ ਸਿੱਟੇ 104-108

ਪੁਸਤਕ ਸੂਚੀ 109-113

# ਅਧਿਆਇ ਪਹਿਲਾ

## ਸਿਧਾਂਤਕ ਪਿੱਠ ਭੂਮੀ

### ਵਿਸ਼ੇ ਦੀ ਸਾਰਥਿਕਤਾ

ਹਥਲਾ ਖੋਜ ਕਾਰਜ ਸਮਕਾਲੀ ਦੌਰ ਵਿਚ ਔਰਤ ਦੀ ਸਥਿਤੀ ਦਾ ਯਥਾਰਥਕ ਚਿਤ੍ਰਨ ਕਰਨ ਅਤੇ ਪ੍ਰਸਥਿਤੀਆਂ ਨੂੰ ਸਮਝਣ ਵਿਚ ਯੋਗਦਾਨ ਪਾਉਂਦਾ ਹੈ। ਇਸ ਦੀ ਮਹਤੱਤਾ ਇਸ ਲਈ ਵੀ ਵੱਧ ਗਈ ਹੈ ਕਿਉਂਕਿ ਔਰਤ ਦੀਆਂ ਪ੍ਰਸਥਿਤੀਆਂ ਨੂੰ ਘੋਖਦਾ ਹੀ ਨਹੀਂ ਉਸ ਪ੍ਰਤੀ ਕਾਰਨ ਵੀ ਬਿਆਨ ਕਰਦਾ ਹੈ। ਪੂੰਜੀਵਾਦੀ ਸਮਾਜ ਦੀ ਔਰਤ ਪ੍ਰਤੀ ਪਹੁੰਚ ਪਰੰਪਰਾ ਅਧਾਰਤ ਸਮਾਜ ਤੋਂ ਕੋਈ ਜ਼ਿਆਦਾ ਵੱਖਰੀ ਨਹੀਂ ਹੈ ਬੇਸ਼ੱਕ ਔਰਤ ਦੀਆਂ ਸਮਾਜਿਕ ਪ੍ਰਸਥਿਤੀਆਂ ਵਿਚ ਪਰਿਵਰਤਨ ਨਜ਼ਰ ਆਉਂਦੇ ਹਨ ਪਰ ਮਰਦ ਦੀ ਉਸ ਪ੍ਰਤੀ ਦ੍ਰਿਸ਼ਟੀ ਪਰੰਪਰਾ ਅਧਾਰਤ ਹੈ ਅਤੇ ਉਹੋ ਪੂੰਜੀਵਾਦੀ ਸਮਾਜ ਵਿਚ ਇਕ ਵਸਤੂ ਦੇ ਤੌਰ ਤੇ ਹੀ ਸਵੀਕਾਰੀ ਜਾਂਦੀ ਹੈ ਪਰ ਵਿੱਦਿਆ ਅਤੇ ਆਰਥਿਕ ਨਿਰਭਰਤਾ ਨੇ ਉਸਨੂੰ ਆਪਣੀ ਹੋਂਦ ਪ੍ਰਤੀ ਚੇਤੰਨ ਕਰਵਾਇਆ ਹੈ। ਇਸੇ ਲਈ ਸਮਕਾਲੀ ਸਮਾਜ ਵਿਚ ਔਰਤ ਅਤੇ ਮਰਦ ਦੇ ਰਿਸ਼ਤੇ ਵਿਚ ਤਨਾਉ ਆ ਗਿਆ ਹੈ। ਇਸੇ ਲਈ ਹਥਲੇ ਖੋਜ ਪ੍ਰਬੰਧ ਦੀ ਸਾਰਥਕਤਾ ਹੈ ਕਿਉਂਕਿ ਇਹ ਆਧੁਨਿਕ ਔਰਤ ਦੀ ਹੋਂਦ, ਉਸ ਦੀ ਤ੍ਰਾਸਦੀ, ਉਸਦੀ ਭੂਮਿਕਾ, ਉਸ ਦੀ ਸੰਵੇਦਨਾ ਪ੍ਰਤੀ ਸੰਵਾਦ ਰਚਾਉਂਦਾ ਹੈ।

### ਉਦੇਸ਼

ਹਥਲੇ ਖੋਜ ਕਾਰਜ ਦੇ ਉਦੇਸ਼ ਹਨ;

- ਛੋਟੀ ਕਿਸਾਨੀ ਦਾ ਦੁਖਾਂਤ ਭੋਗਦੀ ਔਰਤ ਦੀ ਆਰਥਿਕ ਸਥਿਤੀ ਦਾ ਬਿਆਨ ਕਰਨਾ।
- ਰਾਮ ਸਰੂਪ ਅਣਖੀ ਦੇ ਨਾਵਲਾਂ 'ਚ ਨਾਰੀ ਚਿੰਤਨ ਦਾ ਮੁਲਾਂਕਣ ਕਰਨਾ।
- ਔਰਤ ਦੀਆਂ ਸਮੱਸਿਆਵਾਂ ਦੇ ਮਨੋਵਿਗਿਆਨਿਕ ਕਾਰਕਾਂ ਨੂੰ ਸਮਝਣਾ।

### ਖੋਜ ਵਿਧੀਆਂ

ਇਸ ਖੋਜ ਕਾਰਜ ਨੂੰ ਪੂਰਾ ਕਰਨ ਵਾਸਤੇ ਹੇਠ ਲਿਖੀਆਂ ਵਿਧਿਆਂ ਦੀ ਵਰਤੋਂ ਕੀਤੀ ਗਈ ਹੈ:-

**ਮਨੋਵਿਸ਼ਲੇਸ਼ਣੀ ਵਿਧੀ** :- ਮਨੋਵਿਗਿਆਨੀ ਜਾਂ ਮਨੋਵਿਸ਼ਲੇਸ਼ਣੀ ਉਹ ਵਿਧੀ ਹੈ ਜਿਸ ਵਿਚ ਮਨੁੱਖੀ ਮਨ ਦਾ ਅਧਿਐਨ ਕੀਤਾ ਜਾਂਦਾ ਹੈ। ਮਨੁੱਖੀ ਮਨ ਹੀ ਮਨੁੱਖੀ ਵਿਵਹਾਰ ਦਾ ਆਧਾਰ ਹੈ ਅਤੇ ਵਿਵਹਾਰ ਹੀ ਚੰਗੇ-ਮਾੜੇ ਸਮਾਜ ਦਾ ਸਿਰਜਕ ਹੈ। ਇਸ ਤਰ੍ਹਾਂ ਮਨ, ਜਗਤ 'ਤੇ ਸਿਰਜਣਾ ਦਾ ਬੜਾ ਗੂੜ੍ਹਾ ਰਿਸ਼ਤਾ ਹੈ। ਮਨ ਦੇ 'ਅਚੇਤਨ' ਦੀ ਖੋਜ ਮਨੋਵਿਗਿਆਨੀਆਂ ਦੀ ਵਿਸ਼ੇਸ਼ ਉਪਲਬਧੀ ਹੈ। ਫ਼ਰਾਇਡ ਨੇ ਪਹਿਲੀ ਵਾਰ ਇਹ ਕਿਹਾ ਸੀ ਕਿ 'ਮਨੁੱਖ ਸ਼ੈਤਾਨ ਨਹੀਂ

ਬਿਮਾਰ ਹੈ'। ਉਸ ਨੇ ਮਨ ਦੇ ਤਿੰਨ ਭਾਗਾਂ ਬਾਰੇ ਗੱਲ ਕੀਤੀ ਇਦ, ਅਹੁੰ ਅਤੇ ਨੈਤਿਕ ਮਨ। ਇਦ ਦਾ ਸੰਬੰਧ 'ਅਵਚੇਤਨ' ਨਾਲ ਹੈ। ਇਦ 'ਅਵਚੇਤਨ' ਸ਼ਕਤੀਆਂ ਦਾ ਅਸੀਮ ਭੰਡਾਰ ਹੈ। ਮਨ ਦੇ ਇਸ ਭਾਗ ਦਾ ਕੰਮ ਸੁੱਖ, ਭੋਗ ਵਿਲਾਸ ਪਿੱਛੇ ਦੌੜਨਾ ਹੁੰਦਾ ਹੈ। 'ਅਹੁੰ' ਜਾਂ 'ਈਗੋ' ਇਹ ਮਨ ਦਾ ਚੇਤੰਨ ਭਾਗ ਹੁੰਦਾ ਹੈ। ਇਹ ਵਿਅਕਤੀਤਵ ਨੂੰ ਸ਼ਿਸ਼ਟਾਚਾਰੀ, ਸਭਿਅਕ ਅਤੇ ਸਮਾਜਿਕ ਬਣਾਉਂਦਾ ਹੈ। 'ਅਚੇਤਨ ਮਨ' ਮਨੋਵਿਗਿਆਨ ਦੇ ਅੱਜ ਦੇ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਖੋਜ ਹੈ। "ਅਚੇਤਨ ਦੀ ਖੋਜ ਫ਼ਰਾਇਡ ਦੀ ਕੋਈ ਨਵੀਂ ਖੋਜ ਨਹੀਂ ਸਗੋਂ ਅਚੇਤਨ ਦੀ ਪਰਿਕਲਪਨਾ ਮਨੋਵਿਗਿਆਨ ਨੂੰ ਨਵੀਂ ਦੇਣ ਸੀ ਜਿਸ ਵਿਚ ਫ਼ਰਾਇਡ ਨੇ ਅਚੇਤਨ ਦੇ ਨਿਰਧਾਰਿਤ ਕਾਰਜ਼ਾਂ ਦਾ ਪਤਾ ਲਗਾ ਕੇ ਮਨੋਤਾਪੀ ਵਿਅਕਤਿਤਵ ਦੀ ਪੁਨਰ-ਸਿਰਜਣਾ ਲਈ ਖੋਜ ਕੀਤੀ।"[7] ਫ਼ਰਾਇਡ ਅਨੁਸਾਰ ਭਾਵੇਂ 'ਅਚੇਤਨ' ਸਮਾਜ ਸਭਿਆਚਾਰਕ ਕਾਰਨਾਂ ਕਰਕੇ ਕਦੇ ਵੀ ਚੇਤਨ ਕਾਰਜ਼ ਦਿਖਾਈ ਨਹੀਂ ਦਿੰਦਾ ਪਰ ਇਹ ਵਿਅਕਤਿਵ-ਵਿਵਹਾਰ ਵਿਚ ਵਿਸ਼ੇਸ਼ ਯੋਗਦਾਨ ਪਾਉਂਦਾ ਹੈ। ਅਣਖੀ ਦੇ ਨਾਵਲਾਂ ਨੂੰ ਪੜ੍ਹ ਕੇ ਉਸ ਦੇ ਨਾਰੀ ਪਾਤਰਾਂ ਦੇ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਸੁਭਾਅ ਵਿਚ ਆਉਣ ਵਾਲੀਆਂ ਤਬਦੀਲੀਆਂ ਨੂੰ ਮਨੋਵਿਗਿਆਨ ਦੇ ਸਹਾਰੇ ਵਾਚਿਆ ਜਾ ਸਕਦਾ ਹੈ, ਕਿਉਂਕਿ ਇਹ ਵਿਧੀ ਔਰਤ ਦੇ ਮਨ ਦੀਆਂ ਕਈ ਪ੍ਰਕਾਰ ਦੀਆਂ ਗੁੰਝਲਾਂ ਨੂੰ ਖੋਲਦੀ ਹੈ ਅਤੇ ਔਰਤ ਦੇ ਮਨ ਨੂੰ ਸਮਝਣ ਵਿਚ ਸਹਾਈ ਹੋਵੇਗੀ।

**ਸਮਾਜ ਸ਼ਾਸਤਰੀ ਵਿਧੀ:-** ਇਸ ਵਿਚ ਕਿਸੇ ਵੀ ਰਚਨਾ ਨੂੰ ਸਮਾਜਿਕ ਪਰਿਪੇਖ ਵਿਚ ਰੱਖਕੇ ਵੇਖਿਆ ਜਾਂਦਾ ਹੈ। ਇਸ ਵਿਚ ਜੋ ਸਾਡੇ ਸਾਹਮਣੇ ਵਾਪਰਦਾ ਹੈ ਜਾਂ ਜਿਸ ਪ੍ਰਕਾਰ ਦਾ ਸਮਾਜ ਰਚਨਾਵਾਂ ਵਿਚ ਵਿਖਾਇਆ ਜਾਂਦਾ ਹੈ ਉਸੇ ਦਾ ਹੀ ਸਿੱਧਾ-ਸਿੱਧਾ ਅਧਿਐਨ ਕਰਨਾ ਹੁੰਦਾ ਹੈ। ਇਸ ਖੋਜ ਪ੍ਰਬੰਧ ਵਿਚ ਇਹ ਵਿਧੀ ਲਾਗੂ ਹੁੰਦੀ ਹੈ ਕਿਉਂਕਿ ਸਾਹਿਤ ਦੀ ਕੋਈ ਵੀ ਰਚਨਾ ਸਮਾਜ ਤੋਂ ਵੱਖ ਨਹੀਂ ਹੋ ਸਕਦੀ ਅਤੇ ਅਣਖੀ ਨੇ ਵੀ ਸਮਾਜ ਦੀਆਂ ਹੀ ਵੱਖ-ਵੱਖ ਸਥਿਤੀਆਂ ਨੂੰ ਸਾਹਮਣੇ ਲੈ ਕੇ ਆਉਣ ਦੀ ਕੋਸ਼ਿਸ਼ ਕੀਤੀ ਹੈ।

**ਮਾਰਕਸਵਾਦੀ ਵਿਧੀ:-** ਮਾਰਕਸਵਾਦੀ ਇਕ ਅਜਿਹੀ ਵਿਧੀ ਹੈ ਜੋ ਵਰਗ ਸੰਘਰਸ਼ ਦੀ ਗੱਲ ਕਰਦੀ ਹੈ। ਇਹ ਕਾਰਲ ਮਾਰਕਸ ਦੇ ਸਿਧਾਂਤ ਉੱਪਰ ਟਿਕੀ ਹੋਈ ਵਿਧੀ ਹੈ। "ਅਜੋਕੇ ਸਮੇਂ ਵਿਚ ਵਿਦਵਾਨਾਂ ਨੇ ਮਾਰਕਸਵਾਦ ਨੂੰ ਵੀ ਮਾਰਕਸਵਾਦ ਅਤੇ ਨਵ-ਮਾਰਕਸਵਾਦ ਵਿਚ ਵੰਡ ਦਿੱਤਾ ਹੈ। ਇਹ ਵੀ ਪੁਰਾਣੀ ਚੀਜ਼ 'ਤੇ ਨਵਾਂ ਲੇਬਲ ਲਗਾ ਕੇ ਵੇਚਣ ਵਾਲੀ ਗੱਲ ਹੈ।"[8] ਮਾਰਕਸਵਾਦੀਆਂ ਨੇ ਔਰਤ ਦੀ ਦਸ਼ਾ ਨੂੰ ਬਿਆਨ ਕਰਦਿਆਂ ਕਿਹਾ ਹੈ ਕਿ ਔਰਤ ਨੂੰ ਇਕ ਮਜ਼ਦੂਰ ਵਰਗ ਵਿਚ ਰੱਖਿਆ ਜਾਂਦਾ ਹੈ ਅਤੇ ਔਰਤ ਨੂੰ ਇਨਸਾਫ ਉਦੋਂ ਤੱਕ ਨਹੀਂ ਮਿਲ ਸਕਦਾ ਜਦੋਂ ਤੱਕ ਖੁਦ ਔਰਤ ਸੰਘਰਸ਼ ਨਹੀਂ ਕਰ ਦਿੰਦੀ।

## ਪਰਿਕਲਪਨਾ

ਪੰਜਾਬੀ ਔਰਤ ਦੀ ਸਥਿਤੀ ਉੱਪਰ ਆਰਥਿਕ, ਧਾਰਮਿਕ, ਰਾਜਨੀਤਿਕ, ਸਮਾਜਿਕ ਕਾਰਕ ਪ੍ਰਭਾਵ ਪਾਉਂਦੇ ਹਨ।

- ਅਣਖੀ ਨੇ ਆਪਣੇ ਨਾਵਲਾਂ ਵਿਚ ਛੋਟੀ ਕਿਸਾਨੀ ਹੇਠ ਰੁਲਦੀ ਔਰਤ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਹੈ।
- ਅਣਖੀ ਨੇ ਆਪਣੇ ਨਾਵਲਾਂ ਵਿਚ ਅਣਜੋੜ ਵਿਆਹ ਦੀ ਸਮੱਸਿਆ ਦਾ ਵਰਣਨ ਕੀਤਾ ਹੈ।
- ਅਣਖੀ ਨੇ ਆਪਣੇ ਨਾਵਲਾਂ ਵਿਚ ਨਜਾਇਜ਼ ਸੰਬੰਧਾਂ ਦਾ ਬਿਆਨ ਕੀਤਾ ਹੈ।
- ਅਣਖੀ ਨੇ ਆਪਣੇ ਨਾਵਲਾਂ ਵਿਚ ਆਰਥਿਕ ਤੰਗੀ ਕਾਰਨ ਜਿਸਮ ਫਰੋਸ਼ੀ ਕਰਨ ਲਈ ਮਜ਼ਬੂਰ ਔਰਤ ਦਾ ਦੁਖਾਂਤ ਵਰਣਨ ਕੀਤਾ ਹੈ।

## ਪਹਿਲਾ ਹੋ ਚੁੱਕਾ ਖੋਜ ਕਾਰਜ

### ਪੀ.ਐਚ.ਡੀ ਦਾ ਖੋਜ ਕਾਰਜ

**ਸਿੰਘ, ਅਮਰੀਕ , ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਉਪ-ਸਭਿਆਚਾਰਕ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ,** 2006

ਇਸ ਖੋਜ ਪ੍ਰਬੰਧ ਵਿਚ ਅਣਖੀ ਦੇ ਨਾਵਲਾਂ ਵਿਚ ਪੇਸ਼ ਮਲਵਈ ਸਭਿਆਚਾਰ ਬਿਆਨ ਕੀਤਾ ਹੈ। ਇਸ ਖੋਜ ਕਾਰਜ ਵਿਚ ਦੱਸਿਆ ਗਿਆ ਹੈ ਕਿ ਕਿਸ ਪ੍ਰਕਾਰ ਅਣਖੀ ਨੇ ਆਪਣੇ ਨਾਵਲਾਂ ਵਿਚ ਪੂਰੇ ਮਾਲਵਾ ਸਭਿਆਚਾਰ ਨੂੰ ਬਿਆਨ ਕੀਤਾ ਹੈ। ਮਲਵਈ ਭਾਸ਼ਾ ਅਤੇ ਮਲਵਈ ਖੇਤੀ ਨਾਲ ਸੰਬੰਧਿਤ ਕੰਮ ਧੰਦਿਆਂ ਦਾ ਬਿਆਨ ਵੀ ਇਸ ਖੋਜ ਪ੍ਰਬੰਧ ਵਿਚ ਕੀਤਾ ਗਿਆ ਹੈ।

**ਕੌਰ, ਅੰਮ੍ਰਿਤਪਾਲ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ,** 2004.

ਇਸ ਖੋਜ ਪ੍ਰਬੰਧ ਵਿਚ ਸਲਫਾਸ, ਜੱਸੀ ਸਰਪੰਚ, ਸਰਦਾਰੋ ਨਾਵਲਾਂ ਵਿਚ ਪਾਤਰਾਂ ਦੇ ਦਰਪੇਸ਼ ਆਉਣ ਵਾਲੀਆਂ ਸਮਾਜਿਕ ਸਮੱਸਿਆਵਾਂ ਨੂੰ ਮਨੋਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਖੋਜ ਪ੍ਰਬੰਧ ਦਾ ਮੁੱਖ ਉਦੇਸ਼ ਪਾਤਰਾਂ ਦੀ ਮਨੋਸਥਿਤੀ ਨੂੰ ਸਮਝਣਾ ਹੈ।

**ਕੌਰ, ਸੁਖਮਿੰਦਰ, ਰਾਮ ਸਰੂਪ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਦਾ ਲੋਕਧਾਰਕ ਅਧਿਐਨ** (**ਸਰਦਾਰੋ, ਹਮੀਰਗੜ੍ਹ, ਜੱਸੀ ਸਰਪੰਚ, ਚੰਡੀਗੜ੍ਹ, ਅੱਛਰਾ ਦਾਂਦੂ ਅਤੇ ਸਲਫਾਸ ਦੇ ਪ੍ਰਸੰਗ ਵਿਚ**), **ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ,** 2006.

ਇਸ ਖੋਜ ਪ੍ਰਬੰਧ ਵਿਚ ਦੁੱਲੇ ਦੀ ਢਾਬ ਨਾਵਲ ਦੇ ਪੰਜ ਭਾਗਾਂ ਦਾ ਲੋਕਧਰਾਈ ਅਧਿਐਨ ਕੀਤਾ ਗਿਆ ਹੈ। ਖੋਜਾਰਥੀ ਨੇ ਦੁੱਲੇ ਦੀ ਢਾਬ ਨਾਵਲ ਵਿਚ ਪ੍ਰਸਤੁਤ ਲੋਕ ਧਾਰਾ ਦੇ ਹਰੇਕ ਪੱਖ ਦਾ ਅਧਿਐਨ ਕੀਤਾ ਹੈ।

## ਐਮ.ਫਿਲ ਦਾ ਖੋਜ ਕਾਰਜ

**ਕੌਰ, ਨਰਿੰਦਰ ਪਾਲ , ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਸਭਿਆਚਾਰਕ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ**, 2009.

ਇਸ ਖੋਜ ਕਾਰਜ ਵਿਚ ਅਣਖੀ ਦੇ ਦੋ ਨਾਵਲ 'ਦੁੱਲੇ ਦੀ ਢਾਬ' 'ਬਾਰਾਂਤਾਲੀ' ਲਏ ਗਏ ਹਨ। ਇਨ੍ਹਾਂ ਨਾਵਲਾਂ ਵਿਚ ਪੇਸ਼ ਮਲਵਈ ਸਭਿਆਚਾਰ ਨੂੰ ਖੋਜਾਰਥੀ ਦੁਆਰਾ ਬਿਆਨ ਕੀਤਾ ਗਿਆ ਹੈ। ਇਸ ਤੋਂ ਬਗੈਰ ਇਸ ਖੋਜ ਕਾਰਜ ਵਿਚ ਕਿਸਾਨੀ ਸਭਿਆਚਾਰ ਵਿਚ ਔਰਤ ਦੀ ਸਥਿਤੀ ਦਾ ਬਿਆਨ ਕੀਤਾ ਗਿਆ ਹੈ।

**ਕੌਰ, ਪ੍ਰਭਜੋਤ, ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੇਸ਼ ਕਿਸਾਨੀ ਦਾ ਸਮਾਜ-ਇਤਿਹਾਸਮੂਲਕ ਅਧਿਐਨ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ**, 2010.

ਇਸ ਖੋਜ ਕਾਰਜ ਵਿਚ ਅਣਖੀ ਦੇ ਨਾਵਲਾਂ ਵਿਚ ਕਿਸਾਨੀ ਸੰਕਟ ਨੂੰ ਬਿਆਨ ਕੀਤਾ ਗਿਆ ਹੈ ਅਤੇ ਨਾਲ ਦੀ ਨਾਲ ਖੇਤੀਬਾੜੀ ਵਿਚ ਸਮੇਂ ਅਨੁਸਾਰ ਆਈ ਤਬਦੀਲੀ ਦਾ ਬਿਆਨ ਵੀ ਕੀਤਾ ਗਿਆ ਹੈ।

**ਕੌਰ, ਹਰਮੋਹਿੰਦਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ**, 2012.

ਇਸ ਖੋਜ ਕਾਰਜ ਵਿਚ ਅਣਖੀ ਦੇ ਨਾਵਲਾਂ ਦਾ ਸਮਾਜ ਸ਼ਾਸਤਰੀ ਅਧਿਐਨ ਕੀਤਾ ਗਿਆ ਹੈ। ਉਸ ਦੇ ਨਾਵਲਾਂ ਦੇ ਅਨੇਕਾਂ ਵਿਸ਼ੇ ਜਿਵੇਂ ਕਿ ਔਰਤ ਦੀ ਤ੍ਰਾਸਦੀ, ਛੋਟੀ ਕਿਸਾਨੀ ਦਾ ਸੰਕਟ, ਵਿਆਹ ਬਾਹਰੇ ਸੰਬੰਧਾਂ ਨੂੰ ਬਿਆਨ ਕੀਤਾ ਗਿਆ ਹੈ।

## ਵਿਸ਼ੇ ਨਾਲ ਸੰਬੰਧਿਤ ਪੁਸਤਕਾਂ

**ਸਿੰਘ, ਧਰਮ (ਸੰਪਾ), ਖੋਜ ਦਰਪਣ, ਪੰਜਾਬੀ ਗਲਪ ਵਿਸ਼ੇਸ਼ ਅੰਕ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ**, 2007.

ਇਸ ਵਿਚ ਅਣਖੀ ਦੇ ਨਾਵਲ ਗੇਲੋ ਦਾ ਮਨੋਵਿਸ਼ਲੇਸ਼ਣੀ ਅਧਿਐਨ ਕੀਤਾ ਗਿਆ ਹੈ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਔਰਤ ਦੇ ਸੰਤਾਪ ਨੂੰ ਬਿਆਨ ਕੀਤਾ ਹੈ। ਗਲਪ ਬਾਰੇ ਵੀ ਇਸ ਵਿਚੋਂ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

**ਸਿੰਘ, ਗੁਰਪ੍ਰੀਤ, ਪੰਜਾਬੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ**, 2013.

ਇਸ ਕਿਤਾਬ ਵਿਚ ਕੋਠੇ ਖੜਕ ਸਿੰਘ, ਦੁੱਲੇ ਦੀ ਢਾਬ, ਕਣਕਾਂ ਦਾ ਕਤਲਨਾਮਾ ਨਾਵਲਾਂ ਵਿਚ ਛੋਟੀ ਕਿਸਾਨੀ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ ਕਿ ਕਿਸ ਪ੍ਰਕਾਰ ਕਿਸਾਨ ਸਾਰਾ-ਸਾਰਾ ਸਾਲ ਮਿਹਨਤ ਕਰਦੇ ਹਨ ਪਰ ਉਨ੍ਹਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਸਹੀ ਮੁੱਲ ਨਹੀਂ ਮਿਲਦਾ। ਕਿਸਾਨਾਂ ਦੀ ਫਸਲ ਕਈ-ਕਈ ਮਹੀਨੇ ਮੰਡੀਆਂ ਵਿਚ ਰੁਲਦੀ ਰਹਿੰਦੀ ਹੈ।

**ਸਿੰਘ, ਬ੍ਰਹਮਜਗਦੀਸ਼ ਸਿੰਘ, ਪੰਜਾਬੀ ਨਾਵਲ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, 2012.**

ਇਸ ਕਿਤਾਬ ਵਿਚ ਨਾਵਲ ਦੀ ਪਰਿਭਾਸ਼ਾ, ਪੰਜਾਬੀ ਨਾਵਲ ਦਾ ਇਤਿਹਾਸ ਅਤੇ ਪ੍ਰਵਿਰਤੀਆਂ ਬਾਰੇ ਦੱਸਿਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਕਿਸ ਪ੍ਰਕਾਰ ਅਣਖੀ ਦੇ ਨਾਵਲਾਂ ਵਿਚ ਔਰਤਾਂ ਆਪਣੇ ਕਾਮ-ਵੇਗ ਨੂੰ ਦਬਾ ਕੇ ਨਹੀਂ ਰੱਖਦੀਆਂ ਸਗੋਂ ਇਸ ਦੀ ਪੂਰਤੀ ਲਈ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਵੀ ਦਾਅ ’ਤੇ ਲਾ ਦਿੰਦੀਆਂ ਹਨ ਅਤੇ ਭਈਆਂ ਨਾਲ ਵੀ ਔਰਤਾਂ ਦੇ ਸੰਬੰਧ ਸਥਾਪਤ ਹੁੰਦੇ ਹਨ।

**ਕੌਰ, ਰਾਜਦੀਪ, ਅਣਖੀ ਦੇ ਨਾਵਲਾਂ ਦਾ ਸੰਰਚਨਾਤਮਕ ਪੈਟਰਨ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2004.**

ਇਸ ਕਿਤਾਬ ਵਿਚ ਤ੍ਰਾਸਦੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅਣਖੀ ਦੇ ਸਾਹਿਤਕ ਸਫਰ ਬਾਰੇ ਬਿਆਨ ਕੀਤਾ ਗਿਆ ਹੈ। ਅਣਖੀ ਦੇ ਨਾਵਲਾਂ ਵਿਚ ਪੇਂਡੂ ਅਰਥਚਾਰੇ ਨੂੰ ਪੇਸ਼ ਕੀਤਾ ਹੈ। ਉਸ ਦੇ ਨਾਵਲ ਸੁਲਗਦੀ ਰਾਤ ਦੀ ਬਿਰਤਾਂਕ ਯੁਗਤਾਂ ਨੂੰ ਸਾਹਮਣੇ ਲਿਆਦਾ ਗਿਆ ਹੈ।

**ਕੌਰ, ਹਰਪ੍ਰੀਤ ਕੌਰ, ਦਲੀਪ ਕੌਰ ਟਿਵਾਣਾ ਦੇ ਨਾਵਲ ਨਾਰੀਵਾਦੀ ਦ੍ਰਿਸ਼ਟੀ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007.**

ਇਸ ਕਿਤਾਬ ਵਿਚ ਦਲੀਪ ਕੌਰ ਦੇ ਨਾਵਲਾਂ ਦੇ ਆਧਾਰ ’ਤੇ ਦੱਸਿਆ ਗਿਆ ਹੈ ਕਿ ਜਾਗੀਰਦਾਰੀ ਸਮਾਜ ਵਿਚ ਕਿਸ ਪ੍ਰਕਾਰ ਔਰਤ ਵੇਚੀ ਅਤੇ ਖਰੀਦੀ ਜਾਂਦੀ ਹੈ। ਕਿਵੇਂ ਭਾਨੋ ਵਰਗੀਆਂ ਔਰਤਾਂ ਨੂੰ ਸਮਾਜ ਗੰਦੀ ਨਜ਼ਰ ਨਾਲ ਵੇਖਦਾ ਹੈ ਜਾਂ ਫਿਰ ਮਨਦੀਪ ਵਰਗੀਆਂ ਔਰਤਾਂ ਅਗਨੀ ਪ੍ਰੀਖਿਆ ਦਿੰਦੀਆਂ ਹਨ।

**ਕੌਰ, ਤਜਿੰਦਰਪਾਲ (ਸੰਪਾ.), ਔਰਤ ਦਾ ਸੰਤਾਪ (ਗਿੱਲ ਮੋਰਾਂਵਾਲੀ ਦੀ ਰਚਨਾ ‘ਮੌਸਮ ਦਾ ਸੰਤਾਪ’ ਦੇ ਸੰਦਰਭ ਵਿਚ), ਚੰਡੀਗੜ੍ਹ, ਤ੍ਰਲੋਚਨ ਪਬਲੀਕੇਸ਼ਨ, 2013.**

ਇਸ ਕਿਤਾਬ ਵਿਚ ਲੇਖਿਕਾ ਨੇ ਭਾਰਤੀ ਸਮਾਜ ਵਿਚ ਫੈਲੀਆਂ ਅਣਜੋੜ ਵਿਆਹ ਦੀਆਂ ਸਮੱਸਿਆਵਾਂ, ਧੀਆਂ ਨੂੰ ਕੁੱਖ ਵਿਚ ਮਾਰਨ ਆਦਿ ਵਰਗੀਆਂ ਅਨੇਕਾਂ ਭਿਆਨਕ ਕੁਰੀਤੀਆਂ ’ਤੇ ਵਿੰਅਗ ਕਰਦਾ ਹੈ। ਜਿਵੇਂ

“ਜਿਸ ਦੇ ਪੇਟੋ ਜਮਨ ਕੇ, ਸਭ ਕੁਝ ਦਿੱਤਾ ਵਾਰ

ਉਹ ਹੀ ਬੰਦਾ ਨਾ ਕਰੇ, ਔਰਤ ਦਾ ਸਤਿਕਾਰ।"

**ਖਾਹਰਾ, ਸੁਖਦੇਵ ਸਿੰਘ (ਸੰਪਾ), ਰਾਮ ਸਰੂਪ ਅਣਖੀ ਦੀ ਗਪਲ ਰਚਨਾ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ,** 2006.

ਇਸ ਕਿਤਾਬ ਵਿਚ ਸੰਪਾਦਕ ਨੇ ਵੱਖ ਵੱਖ ਲੇਖਕਾਂ ਦੁਆਰਾ ਰਾਮ ਸਰੂਪ ਅਣਖੀ ਦੇ ਨਾਵਲਾਂ ਉੱਤੇ ਛਪੇ ਪਰਚਿਆਂ ਨੂੰ ਸੰਪਾਦਕ ਕਰਵਾਇਆ ਹੈ। ਇਸ ਵਿਚ ਪਰਤਾਪੀ ਦੇ ਦੁਖਾਂਤ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ।

**ਢਿੱਲੋਂ ਚੰਨਣ ਸਿੰਘ, ਇੱਕਵੀਂ ਸਦੀ ਔਰਤ ਦੀ ਚੜ੍ਹਦੀ ਕਲਾ, ਲੁਧਿਆਣਾ, ਜਸਵੰਤ ਪ੍ਰਿੰਟਰਜ਼,** 2001.

ਇਸ ਕਿਤਾਬ ਵਿਚ ਲੇਖਕ ਨੇ ਦੱਸਿਆ ਹੈ ਕਿ ਅੱਜ ਬੇਸ਼ੱਕ ਔਰਤ ਦੀ ਸਥਿਤੀ ਪਹਿਲਾਂ ਨਾਲੋਂ ਬਦਲ ਗਈ ਹੈ ਪਰ ਅੱਜ ਵੀ ਔਰਤ ਪੂਰਨ ਰੂਪ ਵਿਚ ਸਤੁੰਤਰ ਨਹੀਂ ਹੈ ਅੱਜ ਵੀ ਘਰਾਂ ਅਤੇ ਦਫ਼ਤਰਾਂ ਵਿਚ ਉਸ ਨਾਲ ਵਿਤਕਰਾ ਹੁੰਦਾ ਹੈ।

**ਧਾਲੀਵਾਲ, ਬਲਦੇਵ ਸਿੰਘ, ਕਰਮਜੀਤ ਸਿੰਘ ਕੁੱਸਾ ਦੇ ਨਾਵਲ ਬਿਰਤਾਂਤ ਚੇਤਨਾ ਦੇ ਪਾਸਾਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ,** 1989.

ਇਸ ਕਿਤਾਬ ਵਿਚ ਕਿਸਾਨੀ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ। ਕੁੱਸਾ ਦੇ ਨਾਵਲਾਂ ਵਿਚ ਛੋਟੀ ਕਿਸਾਨੀ ਦੀਆਂ ਮੂਲ ਸਮੱਸਿਆਵਾਂ ਦਾ ਬਿਆਨ ਕੀਤਾ ਗਿਆ ਹੈ।

**ਧਾਲੀਵਾਲ, ਬਲਦੇਵ ਸਿੰਘ (ਸੰਪਾ.), ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦਾ ਰਚਨਾ-ਪ੍ਰਬੰਧ, ਲੁਧਿਆਣਾ, ਲਾਹੌਰ ਬੁੱਕ ਸ਼ਾਪ,** 1998.

ਇਸ ਕਿਤਾਬ ਵਿਚ 'ਬੁਰਕੇ ਵਾਲੇ ਲੁਟੇਰੇ', 'ਰੋਹੀ ਬੀਆਬਾਨ', 'ਅੱਗ ਦਾ ਗੀਤ', ਨਾਵਲਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ ਅਤੇ ਕੁੱਸਾ ਦੇ ਨਾਵਲਾਂ ਵਿਚ ਛੋਟੀ ਕਿਸਾਨੀ ਦੇ ਦੁਖਾਂਤ ਨੂੰ ਉਭਾਰਿਆ ਹੈ। ਇਸ ਕਿਤਾਬ ਵਿਚ ਛੋਟੀ ਕਿਸਾਨੀ ਵਿਚ ਮਾਨਸਿਕ ਅਤੇ ਜਿਸਮਾਨੀ ਸੰਤਾਪ ਭੋਗ ਰਹੀ ਔਰਤ ਦੇ ਦੁੱਖਾਂ ਨੂੰ ਵੀ ਬਿਆਨ ਕੀਤਾ ਹੈ।

**ਮਿੱਤਲ ਵਿਨੋਦ, ਕੌਰ, ਪਰਮਜੀਤ, ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ,** 2011.

ਇਸ ਕਿਤਾਬ ਵਿਚ ਨਾਰੀ ਦੇ ਇਤਿਹਾਸਕ ਪੜਾਅ ਬਾਰੇ ਦੱਸਿਆ ਗਿਆ ਹੈ ਕਿ ਕਿਸ ਪ੍ਰਕਾਰ ਮਾਰਕਸਵਾਦੀ ਨਾਰੀਵਾਦ, ਉਦਾਰਵਾਦੀ ਨਾਰੀਵਾਦ, ਉਗਰ ਨਾਰੀਵਾਦ, ਚੇਤਨਾ ਨਾਰੀਵਾਦ ਆਦਿ ਵਾਦ ਨਾਰੀ ਦੇ ਪੱਖ ਵਿਚ ਚੱਲਦੇ

ਹਨ ਅਤੇ ਇਸ ਤੋਂ ਇਲਾਵਾਂ ਬੂਵਆਰ ਦੀ 'Second Sex' ਕਿਤਾਬ ਵਿਚ ਨਾਰੀ ਦੇ ਸੰਕਲਪ ਬਾਰੇ ਦੱਸਿਆ ਗਿਆ ਹੈ।

## ਸਿਧਾਂਤ:-

ਹਰੇਕ ਖੋਜ ਕਿਸੇ ਨਾ ਕਿਸੇ ਸਿਧਾਂਤ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ ਹਥਲੇ ਖੋਜ ਪ੍ਰਬੰਧ ਵਿਚ ਨਾਰੀਵਾਦੀ ਸਿਧਾਂਤ ਦਾ ਪ੍ਰਯੋਗ ਕੀਤਾ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ;

**ਨਾਰੀਵਾਦੀ ਸਿਧਾਂਤ:-** ਔਰਤ ਦੀ ਸਮਾਜ ਵਿਚ ਸਥਿਤੀ ਸਮੇਂ ਅਨੁਸਾਰ ਬਦਲਦੀ ਰਹੀ ਹੈ। ਜਿਸ ਦੀ ਉਦਾਹਰਨ ਸਾਨੂੰ ਸਾਹਿਤ ਵਿਚ ਵੀ ਵੇਖਣ ਨੂੰ ਮਿਲਦੀ ਹੈ। ਬੇਸ਼ੱਕ ਇਸ ਖੋਜ ਪ੍ਰਬੰਧ ਦਾ ਮੁੱਖ ਵਿਸ਼ਾ 'ਅਣਖੀ' ਦੇ ਨਾਵਲਾਂ ਵਿਚ ਔਰਤ ਦੀ ਸਥਿਤੀ ਨੂੰ ਉਜਾਗਰ ਕਰਨਾ ਹੈ, ਪ੍ਰੰਤੂ ਅਣਖੀ ਦੇ ਨਾਵਲ ਸਮਾਜ ਨਾਲੋਂ ਟੁੱਟੇ ਨਹੀਂ ਬਲਕਿ ਸਮਾਜ ਦੇ ਯਥਾਰਥ ਨੂੰ ਬਿਆਨ ਕਰਦੇ ਹਨ। ਸਾਹਿਤ ਕਦੇ ਵੀ ਸਮਾਜ ਨਾਲੋ ਟੁੱਟ ਨਹੀਂ ਸਕਿਆ ਉਹ ਸਮਾਜ ਦੇ ਹਰੇਕ ਪਹਿਲੂ ਨੂੰ ਆਪਣੇ ਨਾਲ ਲੈ ਕੇ ਚਲਦਾ ਆਇਆ ਹੈ। ਸਮਾਜ ਵਿਚਲੇ ਵਿਕਾਸ ਦੇ ਨਾਲ ਹੀ ਸਾਹਿਤ ਵਿਕਾਸ ਕਰਦਾ ਹੈ। ਜਿਸ ਦੀਆਂ ਉਦਾਹਰਨਾ ਸਾਨੂੰ ਆਮ ਸਾਹਿਤ ਵਿਚੋਂ ਵੇਖਣ ਨੂੰ ਮਿਲਦੀਆਂ ਹਨ। ਜਿਵੇਂ ਕਿ 'ਨਾਨਕ ਸਿੰਘ' ਦੇ ਨਾਵਲ ਆਦਰਸ਼ਵਾਦੀ ਹਨ ਜਿਸ ਦੀਆਂ ਔਰਤਾਂ ਵਿਦਰੋਹ ਦੀ ਭਾਵਨਾਂ ਨਹੀਂ ਰੱਖਦੀਆਂ ਹਰ ਜ਼ੁਲਮ ਹੰਢਾਉਂਦੀਆਂ ਹਨ ਜਦਕਿ 'ਅਣਖੀ' ਅਤੇ 'ਵੀਨਾ ਵਰਮਾ' ਦੀਆਂ ਪਾਤਰਾਂ ਕਈ ਸੰਸਾਰਿਕ ਬੰਦਸ਼ਾਂ ਨੂੰ ਤੋੜ ਕੇ ਖੁੱਲ੍ਹ ਕੇ ਜ਼ਿੰਦਗੀ ਮਾਣਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਔਰਤ ਦੀ ਸਥਿਤੀ ਸਮੇਂ ਅਤੇ ਪ੍ਰਸਥਿਤੀ ਅਨੁਸਾਰ ਬਦਲਦੀ ਰਹੀ ਹੈ। ਔਰਤ ਦੀ ਸਥਿਤੀ ਬਾਰੇ ਜਾਨਣ ਲਈ ਸਾਨੂੰ ਨਾਰੀਵਾਦੀ ਦ੍ਰਿਸ਼ਟੀ ਦਾ ਸਹਾਰਾ ਲੈਣਾ ਪਵੇਗਾ, ਕਿਉਂਕਿ ਇਹ ਔਰਤ ਦੇ ਸੰਘਰਸ਼ ਦੀ ਕਹਾਣੀ ਦੀ ਦਾਸਤਾਨ ਨੂੰ ਬਿਆਨ ਕਰਦਾ ਹੈ। "ਭਾਰਤੀ ਇਤਿਹਾਸ ਮਿਥਿਹਾਸ ਵਿਚ ਵੀ ਜ਼ਿਆਦਾ ਕਰਕੇ ਔਰਤ ਪ੍ਰਤੀ ਵਿਰੋਧੀ ਵਿਚਾਰਧਾਰਾਵਾਂ ਉਪਲੱਬਧ ਹਨ। ਔਰਤ ਘਰ ਦੀ ਚਾਰਦੀਵਾਰੀ ਵਿਚ ਕੈਦ ਹੋ ਕੇ ਰਹਿ ਗਈ ਹੈ ਮਰਦ ਸਮੁੱਚੇ ਢਾਂਚੇ ਦਾ ਮਾਲਕ ਬਣ ਬੈਠਾ ਹੈ।"[9] ਇਹੀ ਭਾਰਤੀ ਮਾਨਸਿਕਤਾ ਔਰਤ ਨੂੰ ਅੰਦਰੋਂ-ਅੰਦਰੀ ਮਰਨ ਲਈ ਛੱਡ ਦਿੰਦੀ ਹੈ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਚੱਲੀ ਨਾਰੀਵਾਦੀ ਲਹਿਰ ਨੂੰ ਆਮ ਤੌਰ 'ਤੇ ਨਾਰੀਵਾਦ ਦਾ ਆਗ਼ਜ਼ ਮੰਨਿਆਂ ਜਾਂਦਾ ਹੈ, ਪ੍ਰੰਤੂ ਜਦੋਂ ਅਸੀਂ ਇਤਿਹਾਸ ਵਾਚਦੇ ਹਾਂ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਔਰਤ ਦੀ ਸਥਿਤੀ ਨੂੰ ਸੁਧਾਰਨ ਲਈ ਪਹਿਲਾਂ ਵੀ ਉਪਰਾਲੇ ਹੁੰਦੇ ਰਹੇ ਹਨ। ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਚਿੰਤਕਾਂ ਨੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਨਾਰੀਵਾਦ ਦੀ ਹਮਾਇਤ ਕੀਤੀ ਹੈ। ਜਿਵੇਂ ਕਿ ਸੀਮੌਨ ਦਾ ਬੂਵਆਰ ਦੀ ਕਿਤਾਬ 'Second Sex' 1949 ਵਿਚ ਪ੍ਰਕਾਸ਼ਿਤ ਹੋ ਚੁੱਕੀ ਸੀ। ਇਨ੍ਹਾਂ ਤੋਂ ਵੀ ਪਹਿਲਾਂ ਗੁਰੂ ਨਾਨਕ ਦੇਵ ਜੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਜਿਹੇ ਮਹਾਵਾਕ ਦੁਅਰਾ ਔਰਤ ਦੀ ਸਥਿਤੀ ਨੂੰ ਸੁਧਾਰਨ ਲਈ ਆਵਾਜ਼ ਉਠਾ ਚੁੱਕੇ ਸਨ। ਪ੍ਰੰਤੂ ਜੋ ਮੌਜੂਦਾ ਸਮੇਂ ਵਿਚ ਸਾਡੇ ਕੋਲ ਨਾਰੀਵਾਦੀ ਸਾਹਿਤਕ ਆਲੋਚਨਾ ਹੈ ਉਹ ਵੀਹਵੀਂ ਸਦੀ ਦੀ ਨਾਰੀਵਾਦੀ ਲਹਿਰ ਦੀ ਹੀ

ਦੇਣ ਹੈ। ਵੱਖੋ-ਵੱਖਰੇ ਨਾਰੀਵਾਦੀਆਂ ਨੇ ਆਪਣੇ-ਆਪਣੇ ਅਨੁਸਾਰ ਨਵੀਆਂ ਧਾਰਨਾਵਾਂ ਦਿੱਤੀਆਂ ਅਤੇ ਅਸਮਾਨਤਾਵਾਂ ਦੇ ਕਾਰਨਾਂ ਨੂੰ ਦੂਰ ਕਰਨ ਦਾ ਯਤਨ ਕੀਤਾ।

**ਇਤਿਹਾਸਿਕ ਪੜਾਅ:-** ਨਾਰੀਵਾਦੀ ਔਰਤਾਂ ਦੇ ਹੱਕਾਂ ਵਿਚ ਇਸ ਲਹਿਰ ਨੂੰ ਇਤਿਹਾਸਿਕ ਪੱਖੋਂ ਤਿੰਨ ਲਹਿਰਾਂ ਵਿਚ ਵੰਡਦੇ ਹਨ। ਪਹਿਲੇ ਗੇੜ ਵਿਚ 19 ਵੀਂ ਸਦੀ ਵਿਚ ਔਰਤ ਦੇ ਵੋਟ ਦੇ ਅਧਿਕਾਰ ਲਈ ਲੜੀਆਂ ਲੜਾਈਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਦੂਜੇ ਗੇੜ ਵਿਚ ਉਨ੍ਹਾਂ ਵਿਚਾਰਾਂ ਤੇ ਕੰਮਾਂ ਨੂੰ ਵਿਚਾਰਿਆ ਜਾ ਸਕਦਾ ਹੈ ਜੋ ਸੱਤਵੇਂ ਦਹਾਕੇ ਵਿਚ ਔਰਤਾਂ ਦੀ ਕਾਨੂੰਨੀ ਤੇ ਸਮਾਜਿਕ ਸਮਾਨਤਾ ਲਈ ਸ਼ੁਰੂ ਹੋਈ। ਤੀਜੇ ਗੇੜ ਵਿਚ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਸ਼ੁਰੂ ਹੋਈ ਨਾਰੀਵਾਦੀ ਲਹਿਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜੋ ਨਾਰੀਵਾਦ ਦੀਆਂ ਪੁਰਾਣੀਆਂ ਅਧੂਰੀਆਂ ਪ੍ਰਾਪਤੀਆਂ ਕਾਰਨ ਰੋਹ ਵਿਚ ਸੀ। ਸਭਿਆਚਾਰ ਤੋਂ ਬਿਨਾਂ ਕਿਸੇ ਵੀ ਚੀਜ਼ ਦਾ ਅਸਤਿਤਵ ਨਹੀਂ ਹੈ। ਕਿਸੇ ਇਨਸਾਨ ਨੂੰ ਔਰਤ ਤੇ ਕਿਸੇ ਮਰਦ ਦਾ ਨਾਂ ਦੇਣਾ ਕੋਈ ਸਰੀਰਕ ਤੋਰ 'ਤੇ ਨਿਰਧਾਰਿਤ ਨਹੀਂ ਬਲਕਿ ਇਹ ਸਭਿਆਚਾਰ ਦੀ ਦੇਣ ਹੈ। ਅਸੀਂ ਦੇਖਦੇ ਹਾਂ ਕਿ ਹਰ ਚੀਜ਼ ਜੋ ਅੱਜ ਕੋਈ ਪਹਿਚਾਣ ਰੱਖਦੀ ਹੈ ਉਹ ਪਹਿਚਾਣ ਉਸਨੂੰ ਸਾਡੇ ਇਤਿਹਾਸਿਕ ਸਭਿਆਚਾਰ ਤੇ ਸਭਿਆਚਾਰਕ ਤਬਦੀਲੀਆਂ ਨੇ ਦਿੱਤੀ ਹੈ। ਜਦੋਂ ਅਸੀਂ ਨਾਰੀਵਾਦ ਦਾ ਵਿਸ਼ਾ ਤੋਰਦੇ ਹਾਂ ਤਦ ਇਹ ਇਸੇ ਗੱਲ 'ਤੇ ਜਾ ਕੇਂਦਰਿਤ ਹੁੰਦਾ ਹੈ ਕਿ ਔਰਤ ਜਾਂ ਮਰਦ ਦਾ ਰੁਤਬਾ ਹੋਣਾ ਸਭਿਆਚਾਰਕ ਦੇਣ ਹੈ। ਨਾਰੀਵਾਦ ਦਾ ਵਿਸ਼ਾ ਉਸ ਰਾਜਨੀਤਿਕਤਾ ਨੂੰ ਸਮਝਣਾ ਹੈ ਜਿਸਨੇ ਇਹ ਵੱਖੋ-ਵੱਖਰੇ ਰੁਤਬੇ ਪੈਦਾ ਕੀਤੇ ਭਾਵ ਔਰਤ ਅਤੇ ਮਰਦ ਵਿਚਕਾਰ ਭੇਦ।

ਨਾਰੀਵਾਦ ਇਕ ਪ੍ਰਵਚਨ ਹੈ ਕਿਉਂਕਿ ਇਹ ਸਾਡੇ ਵਿਚ ਉਸ ਚੀਜ਼ ਦੀ ਪੁਨਰਸਿਰਜਣਾ ਕਰਦਾ ਹੈ ਜੋ ਪੁਰਖਵਾਦ ਸਾਡੇ ਵਿਚ ਖਤਮ ਕਰਦਾ ਹੈ ਅਤੇ ਇਹ ਹਰ ਗੱਲਬਾਤ ਦੇ ਵਿਸ਼ੇ ਨੂੰ ਪੁਨਰ ਨਿਰਧਾਰਿਤ ਕਰਦਾ ਹੈ। ਮਾਰਕਸਵਾਦ ਕਹਿੰਦਾ ਹੈ ਕਿ ਇਹ ਕੋਈ ਅਕਾਦਮਿਕ ਹੰਭਲਾ ਨਹੀਂ ਬਲਕਿ ਸਿਧਾਂਤ ਤੇ ਪ੍ਰਯੋਗ ਹੈ। ਇਹ ਪੁਰਖਵਾਦੀ ਸੋਚ ਦੇ ਖਿਲਾਫ ਹੈ। ਇਹ ਨਿੱਜੀ ਵੀ ਹੈ ਅਤੇ ਸਮਾਜਿਕ ਵੀ। ਇਹ ਜ਼ਿੰਦਗੀ ਜਿਉਣ ਦਾ ਇਕ ਨਵਾਂ ਤਰੀਕਾ ਹੈ। ਮਰਦ ਵੀ ਇਸ ਵਿਸ਼ੇ ਦੇ ਅਧਿਐਨ ਰਾਹੀਂ ਆਪਣੇ ਆਪ ਨੂੰ ਆਪਣੀ ਸਥਿਤੀ ਨੂੰ ਸਮਝ ਸਕਦੇ ਹਨ। ਇਹ ਆਪਣੇ ਆਪ ਵਿਚ ਰਾਜਨੀਤੀ ਦਾ ਅਧਿਐਨ ਹੈ ਕਿ ਅਸਲ ਵਿਚ ਕਿਵੇਂ ਸ਼ਕਤੀ ਦਾ ਵਰਤਾਰਾ ਸਭ ਕੁੱਝ ਨਿਰਧਾਰਿਤ ਕਰਦਾ ਹੈ। ਪੁਰਖਵਾਦ ਦਾ ਅਰਥ ਹੈ ਕਿ ਮਰਦ ਸਾਡੇ ਸਾਰੇ ਸਭਿਆਚਾਰ 'ਤੇ ਰਾਜ ਕਰਦੇ ਹਨ ਅਤੇ ਨਾਰੀਵਾਦ ਦਾ ਮਕਸਦ ਹੈ ਕਿ ਔਰਤਾਂ ਦਾ ਵੀ ਸਭਿਆਚਾਰ ਹੋਣਾ ਚਾਹੀਦਾ ਹੈ, ਜੋ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਦਿਵਾ ਸਕੇ। ਜਦੋਂ ਮਰਦਾਂ ਦਾ ਸਭਿਆਚਾਰ ਹੁੰਦਾ ਹੈ ਤਾਂ ਹਰ ਚੀਜ਼ ਉਨ੍ਹਾਂ ਦੀ ਨਜ਼ਰ ਤੋਂ ਹੀ ਨਿਰਧਾਰਿਤ ਹੁੰਦੀ ਹੈ। ਨਾਰੀਵਾਦ ਇਸ ਚੀਜ਼ ਦੇ ਖਿਲਾਫ਼ ਹੈ ਤੇ ਬਰਾਬਰਤਾ ਦੀ ਮੰਗ ਕਰਦਾ ਹੈ।

ਅਸੀਂ ਨਾਰੀਵਦ ਨੂੰ ਕਿਸੇ ਵੀ ਪੁਰਾਣੀ ਕਦਰ ਕੀਮਤ ਦਾ ਸ਼ਿਕਾਰ ਹੋ ਕੇ ਨਹੀਂ ਮਾਪ ਸਕਦੇ ਕਿਉਂਕਿ ਪਹਿਲਾਂ ਵਾਲੀ ਹਰ ਚੀਜ਼ ਪੁਰਖਵਾਦ ਦੁਆਰਾ ਨਿਰਧਾਰਿਤ ਹੈ। ਸਾਨੂੰ ਸਾਡੀ ਸੋਚ ਨੂੰ ਪੁਨਰ ਸੁਰਜੀਤ ਕਰਨਾ ਪਵੇਗਾ। ਅਸੀਂ ਇਸਨੂੰ ਤਦ

ਹੀ ਸਮਝ ਸਕਦੇ ਹਾਂ। ਕੋਈ ਪੁਰਖਵਾਦ ਦਾ ਸ਼ਿਕਾਰ ਵਿਅਕਤੀ ਇਹ ਵੀ ਕਹਿ ਸਕਦਾ ਹੈ ਕਿ ਜੇਕਰ ਔਰਤ ਬਰਾਬਰ ਹੈ ਤਾਂ ਉਸਨੂੰ ਹੱਕ ਮੰਗਣ ਦੀ ਕੀ ਲੋੜ ਹੈ, ਉਹ ਆਪਣੇ ਬਲ 'ਤੇ ਆਪਣੀ ਥਾਂ ਬਣਾਵੇ। ਇਸਦਾ ਜਵਾਬ ਇਹ ਹੈ ਕਿ ਔਰਤਵਾਦ ਤਾਂ ਕਿਤੇ ਹੈ ਹੀ ਨਹੀਂ ਸਭ ਥਾਂ ਪੁਰਖਵਾਦ ਹੈ ਤੇ ਨਾਰੀਵਾਦ ਕਿਸੇ ਔਰਤਵਾਦ ਜਾਂ ਪੁਰਖਵਾਦ ਦੀ ਗੱਲ ਨਹੀਂ ਕਰਦਾ ਬਲਕਿ ਬਰਾਬਰਤਾ ਦੀ ਮੰਗ ਕਰਦਾ ਹੈ। ਨਾਰੀਵਾਦੀ ਲਹਿਰਾਂ ਸਮੇਂ-ਸਮੇਂ ਤੇ ਉਠੀਆਂ। ਹਰ ਇਕ ਨਾਰੀਵਾਦੀ ਨੇ ਇਸਨੂੰ ਆਪੋ-ਆਪਣੇ ਤਰੀਕੇ ਨਾਲ ਸਮਝਿਆ ਤੇ ਵਿਚਾਰ ਦਿੱਤੇ। ਅਸੀਂ ਇਨ੍ਹਾਂ ਚਿੰਤਕਾਂ ਦੇ ਨਾਰੀਵਾਦ ਨੂੰ ਮੋਟੇ ਤੌਰ ਤੇ ਮਾਰਕਸਵਾਦੀ ਨਾਰੀਵਾਦ, ਉਦਾਰਵਾਦੀ ਨਾਰੀਵਾਦ, ਉਗਰ ਨਾਰੀਵਾਦ ਅਤੇ ਅਸਤਿਤਵਾਦੀ ਨਾਰੀਵਾਦ ਦੇ ਤੌਰ ਤੇ ਵੰਡ ਲੈਂਦੇ ਹਾਂ:-

**ਮਾਰਕਸਵਾਦੀ ਨਾਰੀਵਾਦ:-** ਮਾਰਕਸਵਾਦ ਸਮਾਜ ਬਾਰੇ ਇਹੋ ਸਿਧਾਂਤ ਦਿੰਦਾ ਹੈ ਕਿ ਇਹ ਬੁਨਿਆਦੀ ਰੂਪ ਵਿਚ ਉਨ੍ਹਾਂ ਲੋਕਾਂ ਦੇ ਸੰਬੰਧਾਂ ਦਾ ਰੂਪ ਹੈ ਜੋ ਜ਼ਿੰਦਗੀ ਨੂੰ ਚਲਾਉਣ ਵਾਸਤੇ ਲੋੜੀਦੀਆਂ ਵਸਤੂਆਂ 'ਤੇ ਪਰਸਥਿਤੀਆਂ ਸਿਰਜਦੇ ਹਨ। ਮਿਹਨਤ ਇਕ ਅਜਿਹੀ ਪਰਿਕਿਰਿਆ ਹੈ ਜੋ ਪਦਾਰਥਕ ਤੇ ਸਮਾਜਕ ਸੰਸਾਰ ਨੂੰ ਰੂਪ ਪ੍ਰਦਾਨ ਕਰਦੀ ਹੈ। ਇਸ ਮਿਹਨਤ ਰਾਹੀਂ ਹੀ ਪਦਾਰਥਕ ਲੋੜਾਂ ਪੂਰੀਆਂ ਹੁੰਦੀਆਂ ਹਨ, ਨਾਲੋ-ਨਾਲ ਸਮਾਜਿਕ ਜੀਵਨ ਦੀਆਂ ਕਦਰਾਂ-ਕੀਮਤਾਂ ਉਸਰਦੀਆਂ ਹਨ, ਭਾਵ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ। ਕੰਮ ਕਰਨ ਵਾਲਾ ਸਮੂਹ 'ਤੇ ਉਸ ਕੰਮ ਦੀ ਲੁੱਟ ਕਰਨ ਵਾਲਾ ਸਮੂਹ ਮਨੁੱਖ ਨੂੰ ਦੋ ਜਮਾਤਾਂ ਵਿਚ ਵੰਡ ਦਿੰਦਾ ਹੈ। ਮਾਰਕਸਵਾਦੀ ਨਾਰੀਵਾਦ ਪੱਛਮੀ ਪੂੰਜੀਵਾਦੀ ਸਮਾਜ ਦੀਆਂ ਕਦਰਾਂ-ਕੀਮਤਾਂ ਉੱਪਰ ਤਿੱਖਾ ਹਮਲਾ ਹੈ।

ਮਾਰਕਸਵਾਦ ਨਾਲ ਸੰਬੰਧਿਤ ਵਿਚਾਰਧਾਰਾ ਪਦਾਰਥਵਾਦ ਨਾਲ ਜੁੜੀ ਹੋਈ ਹੈ। ਔਰਤ ਦੇ ਸੰਦਰਭ ਵਿਚ ਵੇਖੀਏ ਤਾਂ ਇਹ ਕੁਝ ਏਦਾਂ ਹੋਵੇਗੀ ਕਿ ਔਰਤ ਦਾ ਉਤਪਾਦਨ ਉਪਰ ਕਿੰਨਾ ਕੰਟਰੋਲ ਹੈ? ਉਹ ਇਸ ਵਿਚ ਕਿੰਨੀ ਕੁ ਭਾਗੀਦਾਰ ਹੈ? ਉਸਦੀ ਮਾਲਕੀ ਕਿੰਨੀ ਕੁ ਹੈ? ਉਸਦੀਆਂ ਪਦਾਰਥਕ ਲੋੜਾਂ ਦੀ ਪੂਰਤੀ ਕਿੰਨੀ ਕੁ 'ਤੇ ਕਿਵੇਂ ਹੋ ਰਹੀ ਹੈ? ਆਦਿ। ਔਰਤ ਨੂੰ ਇਤਿਹਾਸਿਕ ਪੱਖ ਤੋਂ ਪਹਿਲਾਂ ਹੀ ਦਬਾ ਕੇ ਰੱਖਿਆ ਗਿਆ ਹੈ। ਮਸ਼ੀਨੀ ਯੁੱਗ ਆ ਜਾਣ ਨਾਲ ਕੁਝ ਆਸ ਬੱਝੀ ਸੀ। ਪਰ ਹੁਣ ਵੀ ਕੁਝ ਨਹੀਂ ਹੋਇਆ। ਹੁਣ ਔਰਤ ਨੂੰ ਰੋਜ਼ਗਾਰ ਦੇ ਨਾਲ-ਨਾਲ ਘਰੇਲੂ ਕੰਮ ਵੀ ਕਰਨਾ ਪਿਆ। ਮਰਦਾਂ ਨੂੰ ਉਤਪਾਦਨ ਵਿਚ ਇਥੇ ਵੀ ਔਰਤ ਨਾਲੋਂ ਵਿਸ਼ੇਸ਼ ਅਧਿਕਾਰ ਤੇ ਉੱਚ ਰੋਜ਼ਗਾਰ ਦੇ ਮੌਕੇ ਮਿਲੇ। ਤਦ ਮਾਰਕਸਵਾਦ ਨੇ ਸਮਾਜਵਾਦੀ ਰਾਜ ਦਾ ਸੰਕਲਪ ਦਿੱਤਾ। ਜਿਸ ਵਿਚ ਹਰ ਇਨਸਾਨ (ਔਰਤ-ਮਰਦ) ਸੁਖੀ ਜੀਵਨ ਬਤੀਤ ਕਰੇਗਾ। ਇਸ ਵਿਚਾਰਧਾਰਾ ਅਧੀਨ ਔਰਤ ਨੂੰ ਬਰਾਬਰ ਸਮਝਿਆ ਜਾਣ ਲੱਗਾ। ਕਈ ਵਿਸ਼ੇਸ਼ ਅਧਿਕਾਰ ਵੀ ਦਿੱਤੇ ਗਏ, ਪਰ ਪੂਰਨ ਸਥਿਤੀ ਵਿਚ ਕੋਈ ਬਹੁਤੀ ਕ੍ਰਾਂਤੀ ਨਹੀਂ ਆਈ। ਮੰਡੀ ਦਾ ਯੁੱਗ ਆ ਜਾਣ ਨਾਲ ਔਰਤ ਨੂੰ ਇਸ ਵਿਚ ਨਿਭਾਉਣ ਦੀ ਭੂਮਿਕਾ ਤਾਂ ਮਿਲੀ ਪਰ ਇਹ ਨਾਂਹ ਪੱਖੀ ਸੀ। ਟੈਲੀਵਿਜ਼ਨ, ਫਿਲਮਾਂ, ਇਸ਼ਤਿਹਾਰਾਂ ਤੇ ਹੋਰ ਸੰਚਾਰ ਦੇ ਸਾਧਨਾਂ ਵਿਚ ਵਸਤੂ ਨੂੰ ਵੇਚਣ ਲਈ ਔਰਤ ਦੇ ਜਿਸਮ ਦਾ ਆਸਰਾ ਲੈਣਾ ਸ਼ੁਰੂ ਹੋ ਗਿਆ। ਔਰਤ ਨੂੰ ਪੈਸਾ ਕਮਾਉਣ ਦਾ ਰਾਹ ਤਾਂ ਮਿਲਿਆ, ਪਰ ਉਹ ਉਪਭੋਗ ਦੀ ਵਸਤੂ ਬਣ ਕੇ ਰਹਿ ਗਈ।। ਅਜੋਕੇ ਸਮੇਂ ਵਿਚ ਵਿਦਵਾਨਾਂ ਨੇ ਮਾਰਕਸਵਾਦ ਨੂੰ ਵੀ ਮਾਰਕਸਵਾਦ ਅਤੇ ਨਵ-ਮਾਰਕਸਵਾਦ ਵਿਚ ਵੰਡ ਦਿੱਤਾ ਹੈ। ਮਾਰਕਸਵਾਦੀ ਨਾਰੀਵਾਦ ਸਮਾਜਿਕ,

ਸਭਿਆਚਾਰਕ, ਰਾਜਨੀਤਿਕ, ਆਰਥਿਕ ਸ਼ਕਤੀਆਂ ਆਦਿ ਦੇ ਪ੍ਰਭਾਵ ਨਾਲ ਸੰਬੰਧਿਤ ਹੈ। ਸਾਡੀ ਵਿਚਾਰਧਾਰਾ ਨਿਰੋਲ ਵਿਅਕਤੀਗਤ ਮਾਨਸਿਕਤਾ ਨੂੰ ਨਹੀਂ ਪ੍ਰਗਟਾਉਂਦੀ ਸਗੋਂ ਇਹ ਪੂਰੀ ਸਮਾਜਿਕ ਜਮਾਤ ਦੇ ਅਵਚੇਤਨ ਅਤੇ ਪੁਰਖਵਾਦੀ ਸ਼ੋਸ਼ਣ ਨੂੰ ਦ੍ਰਿੜ ਕਰਵਾਉਂਦੀ ਹੈ। 'ਟੈਰੀ ਈਗਲਟਨ' ਲਿਖਦਾ ਹੈ "ਵਿਚਾਰਧਾਰਾ ਸਮਾਜ ਵਿਚ ਸ਼ਾਸਕ ਜਮਾਤ ਦੀ ਸ਼ਕਤੀ ਨੂੰ ਜਾਇਜ਼ ਦਾ ਕਾਰਜ ਕਰਦੀ ਹੈ।"[10] ਜੇਕਰ ਅਸੀਂ ਹੁਣ ਸਾਹਿਤ ਅਤੇ ਵਿਚਾਰਧਾਰਾ ਦਾ ਸੰਬੰਧ ਘੋਖੀਏ ਤਾਂ ਸੁਭਾਵਿਕ ਹੀ ਸਾਹਿਤ ਵੀ ਸ਼ਾਸ਼ਤ ਵਿਚਾਰਧਾਰਾ ਦੀ ਪੇਸ਼ਕਾਰੀ ਹੀ ਹੈ। ਲੇਖਕ ਵੀ ਅਣਜਾਣਪੁਣੇ ਵਿਚ ਗਲਪ ਚੇਤਨਾ ਦਾ ਸ਼ਿਕਾਰ ਹੁੰਦਾ ਹੈ। ਉਸੇ ਤਰ੍ਹਾਂ ਔਰਤ ਵੀ ਅਸਲ ਸਥਿਤੀ ਨੂੰ ਸਮਝਣ ਵਿਚ ਅਸਮਰੱਥ ਰਹੀ ਹੈ। 'ਅਲਥੂਸਰ' ਵੀ ਕਹਿੰਦਾ ਹੈ ਕਿ "ਸਾਡੀ ਵਿਚਾਰਧਾਰਾ ਸੱਚਾਈ ਨਾਲ ਇਕ ਕਾਲਪਨਿਕ ਰਿਸ਼ਤੇ ਵਾਂਗ ਹੈ।"[11] ਪੁਰਖਵਾਦੀ ਸਭਿਆਚਾਰ ਔਰਤ ਨੂੰ ਨਿਗੂਣਾ ਬਣਾਉਂਦਾ ਹੈ। ਇਸ ਲਈ ਉਸਨੂੰ (ਔਰਤ ਨੂੰ) ਕੰਮ ਵੀ ਨਿਗੂਣੇ ਸੌਂਪੇ ਜਾਂਦੇ ਹਨ ਜੋ ਉਸਦੀ ਸਥਿਤੀ ਵਿਚ ਕ੍ਰਾਂਤੀਕਾਰੀ ਪਰਿਵਰਤਨ ਨਹੀਂ ਲਿਆਉਂਦੇ ਇਸ ਲਈ ਮਾਰਕਸਵਾਦੀ ਨਾਰੀਵਾਦ ਸਭਿਆਚਾਰਕ ਪਰਿਵਰਤਨ ਦੇ ਮਸਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਾਰਕਸਵਾਦੀ ਦੱਸਦੇ ਹਨ ਕਿ ਲਿੰਗਕ ਵਿਚਾਰਧਾਰਾਵਾਂ ਸਦਾ ਕਾਰਜ ਨਹੀਂ ਕਰਦੀਆਂ, ਜਿਵੇਂ ਪੁਰਖਵਾਦੀ ਵਿਚਾਰਧਾਰਾਵਾਂ ਕਦੇ-ਕਦੇ ਪੂੰਜੀਵਾਦ ਦਾ ਵਿਰੋਧ ਵੀ ਕਰਦੀਆਂ ਹਨ। ਕਿਸੇ ਰਚਨਾ ਦਾ ਵਿਸ਼ਸ਼ਟ ਹੋਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਅਵਚੇਤਨ ਨਾਲ ਸੰਬੰਧਿਤ ਪ੍ਰਸ਼ਨ, ਲਿਖਤ ਦੇ ਪ੍ਰਭਾਵ ਨੂੰ ਬਣਾਉਂਦੇ ਹਨ ਜਾਂ ਨਹੀਂ ਜਿਥੇ ਕਿ ਸਭਿਆਚਾਰਕ ਪ੍ਰਤੀਨਿਧਤਾ ਅਤੇ ਔਰਤ ਦੇ ਦਮਨ ਦੀ ਸਮਾਜਿਕ ਮਕਾਨਕੀ ਅੰਤਰ ਸੰਬੰਧਿਤ ਹਨ ਅਤੇ ਨਾਰੀਵਾਦ ਦਾ ਉਨ੍ਹਾਂ ਨਾਲ ਡੂੰਘਾ ਸੰਬੰਧ ਹੈ। ਪੀਅਰ ਮੈਸ਼ਰੇ ਵਿਕੇਂਦਰੀਕਰਣ ਦਾ ਸਿਧਾਂਤ ਦਿੰਦਾ ਹੈ। ਉਹ ਕਹਿੰਦਾ ਹੈ ਕਿ ਲਿਖਤ ਵਿਚ ਅਰਥ ਇਕ ਥਾਂ 'ਤੇ ਨਹੀਂ ਬਲਕਿ ਖਿਲਰੇ ਪਏ ਹੁੰਦੇ ਹਨ। ਵਿਚਾਰਧਾਰਾ ਲਿਖਤ ਨੂੰ ਬਹੁਤ ਕੁਝ ਬੋਲਣ ਤੋਂ ਰੋਕਦੀ ਹੈ। ਲਿਖਤ ਦੀ ਇਹ ਚੁੱਪ ਹੀ ਧਿਆਨ ਦੇਣ ਯੋਗ ਚੀਜ਼ ਹੁੰਦੀ ਹੈ। 'ਈਗਲਟਨ' ਕਹਿੰਦਾ ਹੈ ਕਿ "ਇਹਨ੍ਹਾਂ ਖੱਪਿਆਂ ਤੇ ਛੁਪਾ ਕਰਕੇ ਹੀ ਇਕ ਲਿਖਤ ਅਧੂਰੀ ਹੁੰਦੀ ਹੈ ਅਤੇ ਇਕ ਆਲੋਚਕ ਜਾਂ ਪਾਠਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹਨਾਂ ਖੱਪਿਆਂ ਨੂੰ ਪੂਰੇ 'ਤੇ ਅਣਕਹੇ ਸ਼ਬਦਾਂ ਨੂੰ ਬੋਲਣ ਲਾਵੇ।"[12]

ਨਾਰੀਵਾਦ ਵੀ ਇਸੇ ਅਣਕਹੇ ਦੇ ਸਿਧਾਂਤ ਵਿਚ ਲੁਕਿਆ ਹੋਇਆ ਹੈ। ਜਦੋਂ ਔਰਤ ਰਚਨਾਵਾਂ ਵਿਚ ਇਨ੍ਹਾਂ ਖੱਪਿਆਂ ਨੂੰ ਪੂਰੇਗੀ ਤਦ ਉਹ ਵੀ ਉਸਦੀ ਬੋਲੀ ਬੋਲਣਗੇ। ਮਾਰਕਸਵਾਦ ਦੇ ਵੱਡੇ ਥੰਮ ਲੈਲਿਨ ਨੇ ਔਰਤ ਬਾਰੇ ਬਹੁਤ ਸਾਰੀਆਂ ਤਕਰੀਰਾਂ ਕੀਤੀਆਂ, ਲਿਖਤਾਂ ਲਿਖੀਆਂ ਅਤੇ ਔਰਤ ਦੀ ਜ਼ਿੰਦਗੀ ਵਿਚ ਮਹੱਤਵਪੂਰਨ ਭੂਮਿਕਾ ਨੂੰ ਪੇਸ਼ ਕਰਨ ਦੇ 'ਤੇ ਔਰਤ ਨੂੰ ਅੱਗੇ ਲਿਆਉਣ ਦੇ ਯਤਨ ਕੀਤੇ। ਉਸ ਅਨੁਸਾਰ ਸਮਾਜੀ ਪੈਦਵਾਰ ਵਿਚ ਔਰਤ ਦੀ ਵੱਡੀ ਭੂਮਿਕਾ ਹੈ। ਉਹ ਕਹਿੰਦਾ ਹੈ, "ਪੂਰਨ ਬਰਾਬਰੀ ਲਈ ਉਹਦੇ ਤੇ ਪ੍ਰਭਾਵ ਪੈਣ ਦਿਉ ਅਤੇ ਮਰਦਾਂ ਦੇ ਬਰਾਬਰ ਦਾ ਬਣਨ ਦਿਉ, ਇਹ ਕੌਮੀ ਆਰਥਿਕਤਾ ਤੇ ਸਮਾਜੀਕਰਨ ਲਈ ਜ਼ਰੂਰੀ ਹੈ ਅਤੇ ਸਾਂਝੀ ਪੈਦਾਵਰ ਕਿਰਤ ਵਿਚ ਔਰਤ ਦੀ ਸ਼ਾਮੂਲੀਅਤ ਬੜੀ ਜ਼ਰੂਰੀ ਹੈ ਤਾਂ ਹੀ ਔਰਤਾਂ ਮਰਦਾਂ ਵਰਗਾ ਰੁਤਬਾ ਹਾਸਿਲ ਕਰਨਗੀਆਂ।"[13] ਉਸਨੇ ਔਰਤਾਂ ਨੂੰ ਵੱਧ ਤੋਂ ਵੱਧ ਮੌਕੇ ਉਪਲਬਧ ਕਰਵਾਉਣ ਦੇ ਯਤਨ ਕੀਤੇ "ਕੰਮ ਕਰਨ ਵਾਲੀਆਂ ਔਰਤਾਂ ਨੂੰ ਸਮਾਜੀ ਪੈਦਾਵਰ ਦੇ ਅਦਾਰਿਆਂ ਦੇ ਪ੍ਰਸ਼ਾਸ਼ਨ

ਵਿਚ ਰਾਜ ਦੇ ਪ੍ਰਸ਼ਾਸ਼ਨ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਪ੍ਰਸ਼ਾਸਨ ਵਿਚ ਹਿੱਸਾ ਲੈਂਦਿਆਂ ਔਰਤਾਂ ਛੇਤੀ ਸਿੱਖਣਗੀਆਂ ਅਤੇ ਮਰਦਾਂ ਤੱਕ ਪਹੁੰਚ ਜਾਣਗੀਆਂ।"[14] ਮਾਰਕਸਵਾਦੀ ਨਾਰੀਵਾਦੀ ਔਰਤ ਦੀ ਮਾੜੀ ਹਾਲਤ ਨੂੰ ਉਸਦੀ ਰੋਜ਼ਗਾਰ ਤੇ ਘਰ ਵਿਚ ਨਾ ਬਰਾਬਰੀ ਨਾਲ ਜੋੜਦੇ ਹਨ। ਵੇਸਵਾਪੁਣਾ, ਘਰੇਲੂ ਕੰਮ, ਬੱਚਿਆਂ ਦੀ ਦੇਖਭਾਲ ਅਤੇ ਵਿਆਹ, ਮਾਰਕਸਵਾਦ ਅਨੁਸਾਰ ਇਹ ਸਭ ਚੀਜ਼ਾਂ ਔਰਤ ਨੂੰ ਪੁਰਖਵਾਦ ਦਾ ਗੁਲਾਮ ਬਣਾਉਂਦੀਆਂ ਹਨ। ਮਾਰਕਸਵਾਦੀ ਸਮਾਜ ਦੀ ਵੱਡੇ ਪ੍ਰੱਧਰ 'ਤੇ ਬਦਲ ਚਾਹੁੰਦੇ ਹਨ, ਜਿਸ ਨਾਲ ਕੇਵਲ ਔਰਤਾਂ ਦੀ ਹੀ ਨਹੀਂ ਸਗੋਂ ਸਭ ਦੀ ਸਥਿਤੀ ਬਦਲ ਜਾਵੇਗੀ। ਮਾਰਕਸ ਦਾ ਵਿਚਾਰ ਹੈ ਕਿ ਜਦੋਂ ਜਮਾਤੀ ਜ਼ੁਲਮ ਮੁੱਕ ਜਾਵੇਗਾ ਤਾਂ ਜੈਂਡਰ ਆਧਾਰਿਤ ਜ਼ੁਲਮ ਨੂੰ ਠੱਲ ਪਵੇਗੀ। 'ਲੈਲਿਨ' ਕਹਿੰਦਾ ਹੈ, "ਕੋਈ ਵੀ ਸਮਾਜਵਾਦੀ ਇਨਕਲਾਬ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਕਿ ਬਹੁਤ ਸਾਰੀਆਂ ਕਿਰਤੀ ਔਰਤਾਂ ਇਸ ਵਿਚ ਵੱਡੀ ਪੱਧਰ 'ਤੇ ਭਾਗ ਨਾ ਲੈਣ।"[15]

**ਉਦਾਰਵਾਦੀ ਨਾਰੀਵਾਦ:-** ਇਹ ਇਕ ਸੀਮਿਤ ਨਾਰੀਵਾਦ ਹੈ ਕਿਉਂਕਿ ਇਹ ਤਰਕ 'ਤੇ ਅਧਾਰਿਤ ਨਹੀਂ। ਇਹ ਨਾਰੀਵਾਦ ਕੇਵਲ ਸਰੀਰਿਕ ਅਜ਼ਾਦੀ ਦੀ ਗੱਲ ਕਰਦਾ ਹੈ। ਇਹ ਮਰਦਾਂ ਵੱਲ ਵੇਖਦਾ ਹੈ ਅਤੇ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦਾ ਹੈ। ਇਹ ਨਾਰੀਵਾਦੀ ਕ੍ਰਾਂਤੀ ਦੀ ਗੱਲ ਤਾਂ ਕਰਦੇ ਹਨ ਪਰ ਇਹ ਵੀ ਸੋਚਦੇ ਹਨ ਕਿ ਮਰਦ ਚੰਗੇ ਹਨ, ਪੁਰਖਵਾਦ ਬਹੁਤ ਚੰਗੀ ਚੀਜ਼ ਹੈ, ਪਰ ਇਸ ਵਿਚ ਕੁਝ ਸੁਧਾਰਾਂ ਦੀ ਲੋੜ ਹੈ। ਇਹ ਨੈਤਿਕਤਾ 'ਤੇ ਜ਼ੋਰ ਦਿੰਦੇ ਹਨ। ਇਹ ਮੰਨਦੇ ਹਨ ਕਿ ਔਰਤਾਂ ਵੱਖਰੀਆਂ ਨਹੀਂ ਹਨ ਉਨ੍ਹਾਂ ਦੀ ਗਤੀ ਮਰਦ ਦੇ ਨਾਲ ਹੀ ਹੈ। ਉਹ ਕਾਨੂੰਨੀ ਸੁਧਾਰਾਂ ਰਾਹੀਂ ਬਰਾਬਰੀ ਚਾਹੁੰਦੇ ਹਨ। ਇਹ ਨਾਰੀਵਾਦ ਔਰਤਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਬਰਾਬਰੀ ਪ੍ਰਾਪਤ ਕਰਨ ਲਈ ਕਹਿੰਦਾ ਹੈ। ਇਸ ਅਨੁਸਾਰ ਔਰਤਾਂ ਆਪਣੇ ਕੰਮਾਂ, ਚੋਣ ਵਿਧੀਆਂ 'ਤੇ ਯੋਗਤਾਵਾਂ ਰਾਹੀਂ ਮਰਦ ਬਰਾਬਰ ਖੜ ਸਕਦੀਆਂ ਹਨ। ਇਹ ਨਾਰੀਵਾਦ ਮਰਦ ਅਤੇ ਔਰਤ ਵਿਚਾਲੇ ਮਿਲਵਰਤਨ ਰਾਹੀਂ ਬਰਾਬਰੀ ਲਿਆਉਣ ਦੀ ਗੱਲ ਕਰਦਾ ਹੈ। ਇਹ ਕਹਿੰਦਾ ਹੈ ਕਿ ਬਰਾਬਰੀ ਲਿਆਉਣ ਲਈ ਪੂਰੇ ਸਮਾਜ ਦਾ ਢਾਂਚਾ ਬਦਲਣ ਦੀ ਕੋਈ ਲੋੜ ਨਹੀਂ, ਕੁਝ ਸੁਧਾਰਾਂ ਰਾਹੀਂ ਅਸੀਂ ਇਸਨੂੰ ਆਪਣੇ ਯੋਗ ਬਣਾ ਸਕਦੇ ਹਾਂ। ਇਹ ਨਾਰੀਵਾਦੀ ਗਰਭਪਾਤ, ਜਿਣਸੀ ਧੱਕੇਸ਼ਾਹੀ, ਵੋਟ ਦਾ ਅਧਿਕਾਰ, ਸਿੱਖਿਆ, ਬੱਚੇ ਪਾਲਣ ਲਈ ਉਚਿਤ ਸਿਹਤ ਸੇਵਾਵਾਂ, ਘਰੇਲੂ ਹਿੰਸਾ ਆਦਿ ਵਿਸ਼ਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ। "ਇਹ ਸਮਾਜਿਕ ਪ੍ਰਬੰਧ ਦੀ ਇਨਕਲਾਬੀ ਢੰਗ ਨਾਲ ਬਦਲਣ ਦੀ ਥਾਂ ਸੰਵਿਧਾਨਿਕ ਘੇਰੇ ਵਿਚ ਰਹਿੰਦਿਆਂ ਔਰਤ ਲਈ ਕੁਝ ਰਿਆਇਤਾਂ 'ਤੇ ਸੁਧਾਰਾਂ ਲਈ ਯਤਨਸ਼ੀਲ ਹੁੰਦੇ ਹਨ।"[16]

ਔਰਤ ਦੀ ਬੰਦ ਖੁਲਾਸੀ ਨੂੰ ਵਧੇਰੇ ਸਮਾਜਿਕ ਜਮਾਤੀ ਸੰਘਰਸ਼ ਨਾਲ ਜੋੜਨ ਦੀ ਚਿੰਤਾ ਅਤੇ ਚੇਤਨਾ ਇਨ੍ਹਾਂ ਦੀਆਂ ਆਪਣੀਆਂ ਜਮਾਤੀ ਸੀਮਾਵਾਂ ਅਤੇ ਜਮਾਤੀ ਹਿੱਤਾਂ ਕਾਰਨ ਸ਼ਾਇਦ ਇਨ੍ਹਾਂ ਨੂੰ ਨਹੀਂ ਪੁੱਗਦੀ।

**ਜੁਝਾਰੂ ਨਾਰੀਵਾਦ:-** ਔਰਤ ਉੱਪਰ ਜਬਰ ਦੇ ਸਾਰੇ ਵਿਭਿੰਨ ਰੂਪਾਂ ਨੂੰ ਇਹ ਪਹੁੰਚ ਲਿੰਗ ਜਬਰ ਦੇ ਵਿਸ਼ਾਲ ਪਰਿਪੇਖ ਵਿਚ ਰੱਖ ਕੇ ਹੀ ਵਿਚਾਰਦੀ ਹੈ। "ਉਹ ਉਦਾਰਵਾਦੀਆਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਔਰਤਾਂ ਉੱਪਰ ਜਬਰ ਦਾ ਕਾਰਨ ਉਨ੍ਹਾਂ ਨੂੰ ਮਿਲਣ ਵਾਲੇ ਜਮਹੂਰੀ ਅਤੇ ਰਾਜਨੀਤਿਕ ਅਧਿਕਾਰਾਂ ਦੀ ਘਾਟ ਹੈ।"[17] ਜੁਝਾਰੂ ਨਾਰੀਵਾਦੀ

ਖਿਆਲ ਕਰਦੇ ਹਨ ਕਿ ਔਰਤ ਦੀ ਮੁਕਤੀ ਇਕ ਸਰੀਰ ਵਿਗਿਆਨਕ ਇਨਕਲਾਬ ਨਾਲ ਆਵੇਗੀ। ਉਨ੍ਹਾਂ ਅਨੁਸਾਰ ਔਰਤ ਉੱਪਰ ਜਬਰ ਦਾ ਕਾਰਨ ਉਸ ਦੀ ਸਰੀਰਿਕ ਬਣਤਰ ਕਰਕੇ ਹੈ। ਬੱਚੇ ਪੈਦਾ ਕਰਨਾ ਔਰਤ ਦੀ ਕਮਜ਼ੋਰੀ ਬਣ ਜਾਂਦੀ ਹੈ ਉਹ ਮਰਦ ਉੱਪਰ ਨਿਰਭਰ ਰਹਿ ਜਾਂਦੀ ਹੈ। ਪਰਿਵਾਰ ਦਾ ਆਧਾਰ ਸਰੀਰਕ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਨਿੱਜੀ ਜਾਇਦਾਦ ਅਤੇ ਜਮਾਤੀ-ਸਮਾਜ ਦੀ ਹੋਂਦ ਤੋਂ ਪਹਿਲਾਂ ਹੀ ਔਰਤ ਸਰੀਰਿਕ ਤੌਰ ’ਤੇ ਮਰਦ ਦੇ ਜਬਰ ਦਾ ਸ਼ਿਕਾਰ ਹੈ। ਸੋ ਪਰਿਵਾਰਿਕ ਖੇਤਰ ਵਿਚ ਸਰੀਰਿਕ ਪੱਧਰ ’ਤੇ ਜਬਰ ਦਾ ਜੋ ਮਾਡਲ ਬਣਿਆ ਹੈ ਉਹ ਨਕਸਲਵਾਦੀ ਵਿਤਕਰੇ ਨਾਲ ਲੜਾਈ ਲੜਨ ਤੋਂ ਪਹਿਲਾਂ ਲਿੰਗ ਵਾਦ ਦੇ ਖ਼ਿਲਾਫ਼ ਲੜਾਈ ਉਸ ਤੋਂ ਪਹਿਲਾਂ ਕਰਨੀ ਜ਼ਰੂਰੀ ਬਣਦੀ ਹੈ।

ਸਿਰਫ਼ ਤਕਨਾਲੋਜੀ ਦੇ ਇਨਕਲਾਬ ਨਾਲ ਔਰਤ ਨੂੰ ਬੱਚੇ ਜੰਮਣ ਅਤੇ ਪਾਲਣ ਦੇ ਬੋਝ ਤੋਂ ਮੁਕਤ ਕਰਵਾਇਆ ਜਾ ਸਕਦਾ ਹੈ। ਉਹ ਨਕਲੀ ਢੰਗ ਨਾਲ ਬੱਚੇ ਪੈਦਾ ਕਰਨ ਦੀ ਤਕਨੀਕ ਤੇ ਬਲ ਦਿੰਦੇ ਹਨ। ਉਹ ਸੋਚਦੇ ਹਨ ਕਿ ਤਕਨਾਲੋਜੀ ਪਰਿਵਾਰ ਨੂੰ ਔਰਤ ਤੇ ਮਰਦ ਦੋਹਾਂ ਨੂੰ ਬੱਚੇ ਪੈਦਾ ਕਰਨ ਦੇ ਬੋਝ ਤੋਂ ਮੁਕਤ ਕਰੇਗੀ। ਇਹ ਪਰਿਵਾਰ ਦੇ ਤਾਨਾਸ਼ਾਹੀ ਅਤੇ ਜਬਰਾਨਾਂ ਸੰਬੰਧਾਂ ਨੂੰ ਸਮਾਪਤ ਕਰ ਦੇਵੇਗੀ।

**ਕਾਲਾ ਨਾਰੀਵਾਦ:-** ਨਾਰੀਵਾਦ ਜਿੱਥੇ ਨਰ ਅਤੇ ਨਾਰੀ ਵਿਚਲੇ ਲਿੰਗੀ ਅਤੇ ਸਮਾਜਿਕ ਵਖਰੇਵੇਂ ਨੂੰ ਆਪਣੇ ਆਧਾਰ ਬਣਾਉਂਦਾ ਹੈ ਉੱਥੇ ਨਾਰੀਵਾਦੀਆਂ ਨੇ ਆਪਣੀ ਸਾਂਝ ਨੂੰ ਬਰਕਰਾਰ ਰੱਖਣ ਲਈ ਨਾਰੀਵਾਦ ਦੇ ਸਾਂਝੇ ਸੰਕਲਪ ਅਧੀਨ ਆਪਣੇ ਆਪ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਪ੍ਰੰਤੂ ਜਿੱਥੇ ਸਮਾਜ ਵਿਚ ਅਤੇ ਸੰਸਾਰ ਵਿਚ ਤਕਰੀਬਨ ਹਰ ਦੇਸ਼ ਜਾਂ ਖਿਤੇ ਵਿਚ ਨਸਲ, ਪਛਾਣ, ਬੋਲੀ, ਸਭਿਆਚਾਰ, ਰੰਗ, ਲਿੰਗ ਦੇ ਆਧਾਰ ਉੱਪਰ ਬਹੁਤ ਸਾਰੇ ਵਖਰੇਵੇਂ ਦਰਜ ਹੋ ਚੁੱਕੇ ਹਨ ਅਤੇ ਜਿਨ੍ਹਾਂ ਚਿੰਤਕਾਂ ਦੀ ਵੱਡੀ ਗਿਣਤੀ ਵਲੋਂ ਮਾਨਤਾ ਵੀ ਦਿੱਤੀ ਜਾ ਚੁੱਕੀ ਹੈ। ਇਥੇ ਇਹ ਦੱਸਣਾ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਕਿ ਨਾਰੀ ਉਪਰ ਸੰਸਾਰ ਪੱਧਰ ਉਪਰ ਹੋ ਰਹੇ ਇਕੋ ਪ੍ਰਕਾਰ ਦੇ ਸਾਮੂਹਿਕ ਤਸ਼ੱਦਦ ਦੇ ਖ਼ਿਲਾਫ਼ ਭਾਵੇਂ ਨਾਰੀਵਾਦੀਆਂ ਵਿਚ ਇਸ ਸਾਂਝੇ ਜਬਰ ਦੇ ਖ਼ਿਲਾਫ਼ ਲੜਨ ਦੀ ਯੁੱਧਨੀਤੀ ਅਤੇ ਦਾਅ ਪੇਚ ਵੀ ਸਾਂਝੇ ਹਨ ਫਿਰ ਵੀ ਨਾਰੀਵਾਦੀਆਂ ਵਿਚ ਸਾਂਝ ਦੇ ਬਾਵਜੂਦ ਬਹੁਤ ਸਾਰੇ ਮਸਲਿਆਂ ਉਤੇ ਵਖਰੇਵਾਂ ਵੀ ਬੜੀ ਉਘੜਵੇਂ ਰੂਪ ਵਿਚ ਪ੍ਰਾਪਤ ਹੁੰਦਾ ਹੈ।

## ਰਾਮ ਸਰੂਪ ਅਣਖੀ ਜੀਵਨ ਅਤੇ ਰਚਨਾ

ਰਾਮ ਸਰੂਪ ਅਣਖੀ ਪੰਜਾਬੀ ਸਾਹਿਤ ਦਾ ਪ੍ਰਸਿੱਧ ਸਾਹਿਤਕਾਰ ਹੈ। ਜਿਸ ਦਾ ਜਨਮ ਮਾਲਵੇ ਖੇਤਰ ਦੇ ਜ਼ਿਲ੍ਹਾ ਸੰਗਰੂਰ, ਤਹਿਸੀਲ ਬਰਨਾਲਾ ਵਿਚ ਪੈਂਦੇ ਪਿੰਡ ਧੌਲੇ ਵਿਚ ਹੋਇਆ। ਉਸਦੇ ਜਨਮ ਸੰਬੰਧੀ 'ਬਿਕਰਮ ਸਿੰਘ ਘੁੰਮਣ' ਲਿਖਦੇ ਹਨ, "ਜਦੋਂ ਅਣਖੀ ਦੀ ਮਾਤਾ ਸਕੂਲ ਵਿਚ ਦਾਖਲ ਕਰਵਾਉਣ ਲੈ ਕੇ ਗਈ ਤਾਂ ਉਸ ਸਮੇਂ ਸਕੂਲ ਦਾ ਮਾਸਟਰ ਦੇਸ ਰਾਜ ਸੀ। ਮਾਸਟਰ ਨੇ ਅਣਖੀ ਦੀ ਮਾਂ ਕੋਲੋਂ ਪੁਛਿਆ ਕਿ ਮੁੰਡੇ ਦਾ ਨਾਂ ਕੀ ਹੈ? ਮਾਂ ਨੇ ਕਿਹਾ 'ਸਰੂਪ' ਤੇ ਮਾਸਟਰ ਨੇ ਅਣਖੀ ਦਾ ਨਾਂ 'ਸਰੂਪ ਲਾਲ' ਲਿਖ ਦਿੱਤਾ। ਪਿਉ ਦਾ ਨਾਂ? 'ਇੰਦਰ' ਮਾਸਟਰ ਨੇ ਇੰਦਰਸੈਨ ਲਿਖ ਦਿੱਤਾ। 'ਜਨਮ ਤਾਰੀਖ' ਮਾਤਾ ਨੇ ਕਿਹਾ 'ਭਾਦੋ' ਦਾ ਜਨਮ ਹੈ ਭਾਈ। ਉਸ ਸਾਲ ਮੀਂਹ ਬਹੁਤ ਪਏ। ਮਾਸਟਰ ਨੇ ਆਪੇ ਹੀ ਤੇਰਾਂ ਭਾਦੋਂ ਉੱਨੀ ਸੌ ਨਿਵਾਸੀ ਲਿਖ ਦਿੱਤਾ ਜਿਹੜਾ ਬਾਅਦ ਵਿਚ ਆ ਕੇ ਸਰੂਪ ਲਾਲ ਤੋਂ ਰਾਮ ਸਰੂਪ, ਇੰਦਰ ਸੈਨ ਤੋਂ ਇੰਦਰ ਰਾਮ ਤੇ ਤੇਰਾਂ ਭਾਦੋਂ ਉੱਨੀ ਸੌ ਨਿਵਾਸੀ ਤੋਂ ਅਠਾਈ ਅਗਸਤ ਉੱਨੀ ਸੌ ਬੱਤੀ ਬਣ ਗਈ।"[18] ਉਸਦਾ ਪਿਤਾ ਪੰਡਤ ਹੋਣ ਦੇ ਬਾਵਜੂਦ ਵੀ ਅੰਧ-ਵਿਸ਼ਵਾਸੀ ਸੀ ਅਤੇ ਮਾਤਾ ਕੋਰੀ ਅਨਪੜ੍ਹ ਸੀ। ਉਸਦੇ ਪਿਤਾ ਕੋਲ ਪਿੰਡ ਦੇ ਬਾਕੀ ਸਾਰੇ ਬ੍ਰਹਾਮਣਾਂ ਨਾਲੋਂ ਵੱਧ ਜ਼ਮੀਨ ਸੀ ਜਿਸ ਕਾਰਨ ਉਸ ਦਾ ਰਹਿਣਾ ਸਹਿਣਾ ਅਤੇ ਖਾਣਾ-ਪੀਣਾ ਜੱਟਾਂ ਵਰਗਾ ਹੋ ਗਿਆ। ਬਾਪ ਦੇ ਜੱਟਪੁਣੇ ਸਬੰਧੀ ਰਾਮ ਸਰੂਪ ਅਣਖੀ ਆਪਣੀ ਸਵੈ ਜੀਵਨੀ 'ਮੱਲੇ ਝਾੜੀਆਂ' ਵਿਚ ਲਿਖਦਾ ਹੈ, "ਇਕ ਜੱਟ ਨੇ ਮੇਰੇ ਬਾਪੂ ਨੂੰ ਦੋ ਵਿੱਘੇ ਜ਼ਮੀਨ ਦਾਨ ਕਰ ਦਿੱਤੀ। ਜਦੋਂ ਜੱਟ ਮਰ ਗਿਆ ਤਾਂ ਉਸਦੇ ਪੁੱਤਰ ਕਹਿਣ ਲੱਗੇ ਕਿ ਸਾਡਾ ਬਾਪੂ ਤਾਂ ਕਮਲਾ ਸੀ ਸਾਡੀ ਜ਼ਮੀਨ ਵਾਪਿਸ ਕਰੋ। ਬਾਪੂ ਨੇ ਇਨਕਾਰ ਕਰ ਦਿੱਤਾ। ਗੱਲ ਵੱਧ ਜਾਣ ਨਾਲ ਉੱਤੇ ਮਕੁੱਦਮਾ ਚੱਲਿਆ। ਇਸ ਮੁਕੱਦਮੇ ਦੇ ਝੰਜਟ ਵਿਚ ਪੱਚੀ ਕਿੱਲੇ ਜ਼ਮੀਨ ਗਹਿਣੇ ਪੈ ਗਈ ਪਰ ਅੱਧਾ ਕਿੱਲਾ ਜਿੱਤ ਲਿਆ। ਬਾਪੂ ਨੂੰ ਅੱਧਾ ਕਿੱਲਾ ਜਿੱਤਣ ਦੀ ਖੁਸ਼ੀ ਸੀ ਪਰ ਪੱਚੀ ਕਿੱਲੇ ਗਈ ਜ਼ਮੀਨ ਦਾ ਕੋਈ ਝੋਰਾ ਤਕ ਨਹੀਂ ਸੀ।"[19] ਰਾਮ ਸਰੂਪ ਅਣਖੀ ਮੁੰਡਾ ਹੋਣ ਕਰਕੇ ਬੜਾ ਲਾਡਲਾ ਰੱਖਿਆ ਗਿਆ। ਜਿੰਨੀਆਂ ਮਰਜ਼ੀ ਇਲਤਾਂ ਕਰਦਾ ਕੋਈ ਰੋਕ ਟੋਕ ਨਹੀਂ ਸੀ। ਨਿੱਤ ਦੇ ਉਲਾਂਭਿਆਂ ਤੋਂ ਤੰਗ ਆ ਕੇ ਮਾਤਾ-ਪਿਤਾ ਨੇ ਅਣਖੀ ਨੂੰ ਮਹੀਆਂ ਮਗਰ ਲਾ ਦਿੱਤਾ। ਛੋਟੀ ਉਮਰੇ ਹੀ ਸਕੂਲ ਵਿਚ ਪੜ੍ਹਦੇ ਦਾ ਉਸ ਦਾ ਵਿਆਹ ਕਰ ਦਿੱਤਾ ਗਿਆ। ਛੇਂਵੀ ਜਮਾਤ ਪਾਸ ਕਰ ਲਈ, ਫਿਰ ਅਗਲੇਰੀ ਪੜਾਈ ਲਈ ਬਰਨਾਲੇ ਸਕੂਲ ਵਿਚ ਦਾਖਿਲ ਹੋ ਗਿਆ। ਫਿਰ ਪੜ੍ਹਦੇ-ਪੜ੍ਹਦੇ ਹੀ ਉਸ ਨੂੰ ਸਾਹਿਤ ਪੜਨ ਦਾ ਸ਼ੌਂਕ ਪੈਦਾ ਹੋ ਗਿਆ। "ਪਹਿਲਾਂ ਪਹਿਲ ਅਣਖੀ ਨੇ ਸਾਹਿਤ ਚੋਰੀ ਕਰ ਕੇ ਪੜਿਆ।"[20] ਬਰਨਾਲੇ ਉਸ ਨੇ ਆਪਣੇ ਸਾਥੀਆਂ ਤੋਂ ਵੀਹ ਰੁਪਏ ਉਧਾਰ ਲਏ ਅਤੇ ਦਸ ਰੁਪਏ ਵਿਚ ਆਪ ਪਾ ਕੇ ਤੀਹ ਰੁਪਏ ਵਿਚ ਪਹਿਲੀ ਵਾਰ ਨਾਭੇ ਪ੍ਰੈਸ ਤੋਂ ਆਪਣੀ ਪੱਤਲ ਛਪਾਈ। ਕੁੱਲ ਪੰਜ ਸੋ ਕਾਪੀ।

ਪਹਿਲੀ ਪਤਨੀ ਦੀ ਮੌਤ ਤੋਂ ਬਾਅਦ 6 ਦਸੰਬਰ 1954 ਨੂੰ ਅਣਖੀ ਨੂੰ ਜੋਗੇ ਵਿਆਹਿਆ ਗਿਆ। 1955 ਵਿਚ ਉਸ ਨੂੰ ਪੰਜਾਬੀ ਸਾਹਿਤ ਸਭਾ ਬਰਨਾਲਾ ਦਾ ਪ੍ਰਚਾਰ ਸਕੱਤਰ ਚੁਣ ਲਿਆ ਗਿਆ। ਹਰ ਐਤਵਾਰ ਸਭਾ ਦੀ ਮੀਟਿੰਗ ਹੁੰਦੀ, ਜਿਸ ਵਿਚ ਕਵਿਤਾ, ਕਹਾਣੀਆਂ ਪੜ੍ਹੀਆਂ ਜਾਂਦੀਆਂ ਫਿਰ ਉਹ ਭੱਜ ਦੌੜ ਕੇ ਸਕਰਾਰੀ ਪ੍ਰਾਇਮਰੀ ਸਕੂਲ ਲਹਿਲ ਖੁਰਦ ਵਿਚ ਅਧਿਆਪਕ ਜਾ ਲੱਗਾ। ਅੱਠ ਮਹੀਨੇ ਬਾਅਦ ਹੀ ਨਵਾਂ ਸਰਕੂਲਰ ਆਇਆ ਕਿ ਟੀਚਰ-ਟ੍ਰੇਨਿੰਗ ਕੋਰਸ ਹੋਣੇ ਚਾਹੀਦੇ

ਹਨ ਨਹੀਂ ਤਾਂ ਉਨ੍ਹਾਂ ਨੂੰ ਸਰਵਿਸ ਤੋਂ ਕੱਢ ਦਿੱਤਾ ਜਾਵੇਗਾ। ਇਸ ਕਰਕੇ ਉਹ ਨੌਕਰੀ ਛੱਡ ਕੇ ਪਟਿਆਲੇ ਵਿਖੇ ਓ.ਟੀ. ਦੇ ਕੋਰਸ ਵਿਚ ਦਾਖਿਲ ਹੋ ਗਿਆ। ਅਣਖੀ ਨੇ 1958 ਤੋਂ ਲੈ ਕੇ 1962 ਈ. ਤਕ ਚਾਰ ਸਾਲਾਂ ਵਿਚ ਧੌਲਾ, ਕਾਲੇ ਕੇ, ਹੰਢਿਆਇਆ, ਧਨੌਲਾ, ਮੀਮਸਾ, ਕੈਲਰਮ, ਜੇਠੂ ਕੇ ਤੇ ਭਦੌੜ ਕਈ ਸਕੂਲ ਬਦਲੇ। ਜੇਠੂ ਕੇ ਹੁੰਦਿਆਂ ਹੀ ਅਣਖੀ ਨੇ ਬੀ.ਏ. ਕਰ ਲਈ ਸੀ ਅਤੇ ਪੰਜਾਬੀ ਐਮ.ਏ. ਦਾ ਪਹਿਲਾ ਭਾਗ ਵੀ। 1964 ਵਿਚ ਬੀ.ਟੀ. ਕਰ ਲਈ ਅਤੇ ਅਗਲੇ ਸਾਲ ਹੀ ਬੀ.ਟੀ. ਦੀ ਪੋਸਟ ਤੇ ਹੰਢਿਆਏ ਐਡਜਸਟ ਹੋ ਗਿਆ। ਐਮ.ਏ. ਸੈਕਿੰਡ ਕਲਾਸ ਵਿਚ ਪੂਰੀ ਕਰ ਗਿਆ। 1972 ਵਿਚ ਪੀ. ਐਚ. ਡੀ. ਲਈ ਟਾਪਿਕ "1947 ਤੋਂ 1972 ਤਕ ਪੰਜਾਬੀ ਕਹਾਣੀ ਵਿਚ ਪੇਂਡੂ ਜੀਵਨ ਦਾ ਚਿਤਰਣ।" ਪ੍ਰੰਤੂ ਇਹ ਸਭ ਵਿਚ ਹੀ ਰਹਿ ਗਿਆ ਜਦੋਂ ਉਸ ਦੀ ਦੂਸਰੀ ਪਤਨੀ ਭਾਗਵੰਤੀ ਦੀ ਮੌਤ ਹੋ ਗਈ।

**ਰਾਮ ਸਰੂਪ ਅਣਖੀ ਦੀਆਂ ਸਾਹਿਤਕ ਰਚਨਾਵਾਂ:-** ਰਾਮ ਸਰੂਪ ਅਣਖੀ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਵਿਤਾ ਤੋਂ ਕੀਤੀ। "ਸਰਕਾਰੀ ਹਾਈ ਸਕੂਲ ਬਰਨਾਲਾ ਦੇ ਗੇਟ ਸਾਹਮਣੇ ਸੱਜੇ ਹੱਥ, ਇਕ ਚੁਬਾਰੇ ਵਿਚ 'ਰਿਆਸਤੀ ਦੁਨੀਆਂ' ਦਾ ਦਫਤਰ ਸੀ। ਇਹ ਇਕ ਹਫਤਾਵਾਰ ਪੰਜਾਬੀ ਰਸਾਲਾ ਸੀ। ਇਸ ਰਸਾਲੇ ਦਾ ਸੰਪਾਦਕ ਉਜਾਗਰ ਸਿੰਘ ਭੋਰਾ ਸੀ। ਅਣਖੀ ਹੋਰੀਂ 'ਰਿਆਸਤੀ ਦੁਨੀਆਂ' ਦੇ ਲੈਟਰ ਬਾਕਸ ਵਿਚੋਂ ਰਸਾਲੇ ਚੋਰੀ ਕਰਦੇ ਅਤੇ ਉਨ੍ਹਾਂ ਨੂੰ ਲੁਕ-ਛਿਪ ਕੇ ਪੜ੍ਹਦੇ। ਉਹਨਾਂ ਰਸਾਲਿਆਂ ਵਿਚੋਂ ਹੀ ਇਕ ਹਫ਼ਤਾਵਾਰ 'ਲਲਕਾਰ' ਸੀ, ਜਿਹੜਾ ਅਣਖੀ ਨੂੰ ਬਹੁਤ ਚੰਗਾ ਲਗਦਾ ਸੀ। ਅਖੀਰ ਰਸਾਲੇ ਚੋਰੀ ਕਰਨ ਦਾ ਧੰਦਾ ਛੱਡ ਦਿੱਤਾ ਤੇ ਅਣਖੀ ਨੇ ਮਨੀਆਡਰ ਰਾਹੀਂ 'ਲਲਕਾਰ' ਦਾ ਛੇ ਮਹੀਨੇ ਦਾ ਚੰਦਾ ਭੇਜ ਦਿੱਤਾ।"[21] ਅਣਖੀ ਦਾ ਪਹਿਲਾ ਕਾਵਿ ਸੰਗ੍ਰਹਿ 'ਕੱਲਰੀਆਂ' 1957 ਵਿਚ 'ਮਟਕ ਚਾਨਣਾ' ਆਇਆ। ਅਣਖੀ ਦਾ ਦੂਸਰਾ ਕਾਵਿ ਸੰਗ੍ਰਹਿ 'ਕੱਲਰੀਆਂ' 1962 ਵਿਚ ਪ੍ਰਕਾਸ਼ਿਤ ਹੋਇਆਂ। 1992 ਵਿਚ ਉਸਦਾ 'ਬਲਦੇ ਅੱਖਰਾਂ ਦਾ ਸੁਨੇਹਾ' ਕਾਵਿ ਸੰਗ੍ਰਹਿ ਛਪਿਆ।

**ਅਣਖੀ ਦੀਆਂ ਕਹਾਣੀਆਂ:-** ਰਾਮ ਸਰੂਪ ਅਣਖੀ ਨੇ ਕਵਿਤਾਵਾਂ ਦੇ ਨਾਲ-ਨਾਲ ਕਹਾਣੀ ਰਚਨਾ ਵੀ ਕੀਤੀ ਹੈ। ਉਸ ਦੀ ਪਹਿਲੀ ਕਹਾਣੀ 'ਨੰਦੂ ਪ੍ਰੋਹਿਤ' ਹੈ। ਇਸ ਦੌਰਾਨ ਉਸ ਨੇ ਕਵਿਤਾ ਲਿਖਣੀ ਬਿਲਕੁਲ ਹੀ ਛੱਡ ਦਿੱਤੀ ਉਸ ਨੇ ਆਪਣਾ ਪੂਰਾ ਧਿਆਨ ਕਹਾਣੀ ਲਿਖਣ ਵੱਲ ਲਗਾ ਦਿੱਤਾ। ਉਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਸੁੱਤਾ ਨਾਗ' 1966 ਵਿਚ ਆਇਆ। ਉਸ ਤੋਂ ਬਾਅਦ ਉਹ ਲਗਾਤਾਰ ਕਹਾਣੀ ਰਚਨਾ ਕਰਦਾ ਰਿਹਾ। ਉਸ ਦੀਆਂ ਕਹਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ:-

ਮਨੁੱਖ ਦੀ ਮੌਤ (1968)

ਟੀਸੀ ਦਾ ਬੇਰ (1970)

ਕੰਧ ਵਿਚ ਉੱਗਿਆ ਦਰੱਖਤ (1971)

ਖਾਰਾ ਦੁੱਧ (1973)

ਕੱਚਾ ਧਾਗਾ (1976)

ਕਦੋਂ ਫਿਰਨਗੇ ਦਿਨ (1985)

ਹੱਡੀਆਂ (1989)

ਮਿੱਟੀ ਦੀ ਜ਼ਾਤ (1989)

ਜਵਾਰ ਭਾਟਾ (1989)

ਮੁਹੱਬਤ ਦੀ ਮਿੱਟੀ (1991)

ਨਾੜੂਆ (1991)

ਅਣਖੀ ਇਕ ਚੇਤੰਨ ਕਹਾਣੀਕਾਰ ਹੈ। ਉਸ ਕੋਲ ਕਹਾਣੀ ਬਿਆਨ ਕਰਨ ਦੀ ਕਲਾਤਮਕਤਾ ਹੈ। "ਅਣਖੀ ਨੇ ਅੱਧੀਆਂ ਤੋਂ ਵੱਧ ਕਹਾਣੀਆਂ ਸੈਕਸੀ ਲਿਖੀਆਂ ਹਨ। ਜੋ ਮਰਦ ਔਰਤ ਦੇ ਪਰਸਪਰ ਸੰਬੰਧਾਂ ਦੁਆਲੇ ਵਧੇਰੇ ਬੁਣੀਆਂ ਹੋਈਆਂ ਹਨ। ਉਸ ਨੇ ਮਰਦ-ਔਰਤ ਦੇ ਸੰਬੰਧਾਂ ਨੂੰ ਲੈ ਕੇ ਔਰਤ ਨੂੰ ਇਕ 'ਚਲਵੀ' ਜਿਹੀ ਦਿਖਾਇਆ ਹੈ।"[22] ਰਾਮ ਸਰੂਪ ਅਣਖੀ ਪੇਂਡੂ ਸਮਾਜ ਵਿਚ ਜੰਮਿਆਂ ਪਲਿਆ ਹੋਣ ਕਰਕੇ ਉਸ ਦੀਆਂ ਰਚਨਾਵਾਂ ਵਿਚੋਂ ਪੇਂਡੂ ਸਭਿਆਚਾਰ ਦੀ ਝਲਕ ਵੇਖਣ ਨੂੰ ਮਿਲਦੀ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਔਰਤ-ਮਰਦ ਸੰਬੰਧਾਂ ਦੀ ਪੇਸ਼ਕਾਰੀ ਕੀਤੀ ਹੈ। "ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਸਹੀ ਮਾਅਨਿਆਂ ਵਿਚ ਲੋਕਾਂ ਦਾ ਜ਼ਿੰਦਗੀਨਾਮਾਂ ਹਨ। ਬੜੀ ਗਠਵੀਂ ਸ਼ੈਲੀ, ਆਲੇ-ਦੁਆਲੇ ਦਾ ਭਰਪੂਰ ਗਿਆਨ, ਮਾਧਿਅਮ ਉੱਤੇ ਪ੍ਰਸੰਸਾਯੋਗ ਕਾਬੂ ਅਤੇ ਪਾਤਰ ਚਿਤਰਨ ਦੀ ਰੁਚੀ, ਅਣਖੀ ਦੀਆਂ ਕਹਾਣੀਆਂ ਪਾਠਕ ਲਈ ਬਹੁਤ ਖਿੱਚ ਭਰਪੂਰ ਰੰਗ ਪੈਦਾ ਕਰਦੀਆਂ ਹਨ।"[23] ਅਣਖੀ ਦੀਆਂ ਕਹਾਣੀਆਂ ਦਾ ਇਕ ਉੱਤਮ ਗੁਣ ਇਹ ਹੈ ਕਿ ਉਸਨੇ ਪੰਜਾਬ ਦੇ ਪਿੰਡਾਂ ਅਤੇ ਪੰਜਾਬੀ ਕਿਸਾਨੀ ਨੂੰ ਆਪਣੀਆਂ ਕਹਾਣੀਆਂ ਵਿਚ ਹੂ-ਬੂ-ਹੂ ਬਿਆਨ ਕੀਤਾ ਹੈ। ਉਸ ਦੇ ਪਾਤਰ ਸਿੱਧੇ-ਸਾਧੇ ਅਤੇ ਪੇਂਡੂ ਹਨ। ਉਨ੍ਹਾਂ ਦੀ ਬੋਲੀ ਮਲਵਈ ਹੈ। ਉਸ ਦੀਆਂ ਕਹਾਣੀਆਂ ਵਿਚ ਆਰਥਿਕ ਦੁਖਾਂਤ ਵੀ ਵੇਖਣ ਨੂੰ ਮਿਲਦਾ ਹੈ। ਜਦੋਂ ਵੀ ਪਾਠਕ ਉਸ ਦੀਆਂ ਕਹਾਣੀਆਂ ਨੂੰ ਪੜ੍ਹਦਾ ਹੈ ਤਾਂ ਉਨ੍ਹਾਂ ਕਹਾਣੀਆਂ ਦੀਆਂ ਘਟਨਾਵਾਂ ਪਾਠਕਾਂ ਦੇ ਮਨਾਂ ਨੂੰ ਹਲੂਣਦੀਆਂ ਹਨ ਅਤੇ ਉਸ ਨੂੰ ਯਥਾਰਥ ਦੇ ਦਰਸ਼ਨ ਕਰਵਾਉਂਦੀਆਂ ਹਨ।

**ਅਣਖੀ ਦੀ ਨਾਵਲ ਰਚਨਾ:-** ਅਣਖੀ ਨੇ ਬੇਸ਼ੱਕ ਕਹਾਣੀ ਅਤੇ ਕਵਿਤਾ ਵੀ ਲਿਖੀ ਪਰ ਉਸ ਨੂੰ ਵਧੇਰੇ ਪ੍ਰਸਿੱਧੀ ਇਕ ਨਾਵਲਕਾਰ ਵਜੋਂ ਮਿਲੀ ਹੈ। ਉਸ ਦੀ ਨਾਵਲ ਜਗਤ ਵਿਚ ਪਛਾਣ ਉਸ ਦੇ ਨਾਵਲ 'ਕੋਠੇ ਖੜਕ ਸਿੰਘ' ਕਰਕੇ ਹੋਈ ਹੈ। ਪੇਂਡੂ ਸਭਿਆਚਾਰ ਖਾਸ ਕਰਕੇ ਮਲਵਈ ਖਿੱਤੇ ਦੀਆਂ ਅਨੇਕ ਸਮੱਸਿਆਵਾਂ ਉਸ ਦੇ ਨਾਵਲਾਂ ਦਾ ਵਿਸ਼ਾ ਬਣ ਕੇ ਉਭਰਦੀਆਂ ਹਨ। "ਰਾਮ ਸਰੂਪ ਅਣਖੀ ਦੇ ਮੁੱਢਲੇ ਨਾਵਲਾਂ ਵਿਚ ਵੀ ਪੰਜਾਬੀ ਸੱਭਿਆਚਾਰ ਦੀਆਂ ਵਰਜਿਤ ਰੂੜ੍ਹੀਆਂ

ਦੇ ਵਿਨਾਸ਼ ਬਾਰੇ ਭਵਿੱਖਬਾਣੀਆਂ ਸੁਣਾਈ ਦਿੰਦੀਆਂ ਹਨ।"[24] ਇਸ ਨਾਵਲ ਨੂੰ 1987 ਵਿਚ ਸਾਹਿਤ ਅਕਾਡਮੀ ਪੁਰਸਕਾਰ ਮਿਲਿਆ। ਉਸ ਦੇ ਨਾਵਲਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਪਰਦਾ ਤੇ ਰੌਸ਼ਨੀ (1970)

ਸੁਲਗਦੀ ਰਾਤ (1978)

ਕੱਖਾਂ ਕਾਨਿਆਂ ਦੇ ਪੁਲ (1979)

ਜ਼ਖ਼ਮੀ ਅਤੀਤ (1981)

ਕੋਠੇ ਖੜਕ ਸਿੰਘ (1985)

ਢਿੱਡ ਦੀ ਆਂਦਰ (1987)

ਜਿਨਿ ਸਿਰਿ ਸੋਹਨਿ ਪਟੀਆਂ (1988)

ਪਰਤਾਪੀ (1993)

ਸਰਦਾਰੋ (1998)

ਹਮੀਰਗੜ੍ਹ (1999)

ਜੱਸੀ ਸਰਪੰਚ (2000)

ਦੁੱਲੇ ਦੀ ਢਾਬ (2003)

ਜ਼ਮੀਨਾ ਵਾਲੇ (2004)

ਬੱਸ ਹੋਰ ਨਹੀਂ (2005)

ਗੇਲੋ (2006)

ਰਾਮ ਸਰੂਪ ਅਣਖੀ ਇਸਤਰੀ ਮਰਦ ਸੰਬੰਧਾਂ ਨੂੰ ਬੜੀ ਸੂਖਮਤਾ ਨਾਲ ਬਿਆਨ ਕਰਦਾ ਹੈ। ਉਹ ਮਨੁੱਖ ਦੀਆਂ ਕਾਮੁਕ ਲੋੜਾਂ ਨੂੰ ਦਬਾ ਕੇ ਰੱਖਣ ਦੀ ਹਾਮੀ ਨਹੀਂ ਭਰਦਾ ਬਲਕਿ ਉਨ੍ਹਾਂ ਦਾ ਵਰਣਨ ਖੁੱਲ ਕੇ ਆਪਣੇ ਨਾਵਲਾਂ ਵਿਚ ਕਰਦਾ ਹੈ।"ਅਣਖੀ ਦੀ ਕਲਾ ਦੀ ਇਕ ਹੋਰ ਵਡਿਆਈ ਉਸ ਦੇ ਨਾਵਲਾਂ ਵਿਚ ਲੋਕ-ਤੱਤਾਂ ਦੀ ਪ੍ਰਧਾਨਤਾ ਹੈ। ਲੋਕ ਜੀਵਨ ਦੀ ਯਥਾਰਥਕ ਝਾਕੀ ਪੇਸ਼ ਕਰਦਿਆਂ ਉਸ ਨੇ ਉਨ੍ਹਾਂ ਸਾਰੀਆਂ ਪਰਸਥਿਤੀਆਂ ਕਦਰਾਂ-ਕੀਮਤਾਂ, ਪਰੰਪਰਾਵਾਂ ਅਤੇ ਲੋਕ ਤੱਤਾਂ

ਦਾ ਉਲੇਖ ਕੀਤਾ ਹੈ ਜਿਨ੍ਹਾਂ ਵਿਚ ਇਹ ਲੋਕ ਵਿਚਰਦੇ ਹਨ।"[25] ਅਣਖੀ ਆਪਣੇ ਨਾਵਲਾਂ ਵਿਚ ਔਰਤ ਦੀ ਸਮਾਜਿਕ ਸਥਿਤੀ ਨੂੰ ਬਿਆਨ ਕੀਤਾ ਹੈ। ਉਸ ਦੀ ਔਰਤ ਵਿਚ ਵਿਦਰੋਹ ਦੀ ਭਾਵਨਾ ਤਾਂ ਆਉਂਦੀ ਹੈ ਪ੍ਰੰਤੂ ਜ਼ਿਆਦਾਤਰ ਔਰਤਾਂ ਮਰਦ ਦੇ ਜ਼ੁਲਮ ਦੀਆਂ ਸ਼ਿਕਾਰ ਹੀ ਹਨ। ਉਸ ਦੇ ਨਾਵਲ ਅਣਜੋੜ ਵਿਆਹ ਦੀ ਸਮੱਸਿਆ ਨੂੰ ਬਿਆਨ ਕਰਦੇ ਹਨ। ਇਹ ਅਣਜੋੜ ਵਿਆਹ ਹੀ ਔਰਤ ਦੇ ਜੀਵਨ ਵਿਚ ਅਥਾਹ ਸਮੱਸਿਆਵਾਂ ਲੈ ਕੇ ਆਉਂਦਾ ਹੈ। ਇਸੇ ਅਣਜੋੜ ਵਿਆਹ ਕਾਰਨ ਵਿਆਹ ਬਾਹਰੇ ਸੰਬੰਧ ਬਣਦੇ ਹਨ। ਇਨ੍ਹਾਂ ਵਿਆਹ ਬਾਹਰੇ ਸੰਬੰਧਾਂ ਦੇ ਕਾਰਨ ਹੀ ਔਰਤ ਕੁੱਝ ਮਾਨਸਿਕ ਤਸੱਲੀ ਅਨੁਭਵ ਕਰਦੀ ਹੈ।

**ਲੇਖ ਸੰਗ੍ਰਿਹ:-** ਅਣਖੀ ਇਕ ਸਰਵ ਕਲਾ ਸੰਪੰਨ ਸਾਹਿਤਕਾਰ ਹੈ। ਉਸ ਨੇ ਸਾਹਿਤ ਦੇ ਲਗਭਗ ਹਰੇਕ ਰੂਪ 'ਤੇ ਹੱਥ ਅਜ਼ਮਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਉਸ ਦੇ ਲੇਖ ਸੰਗ੍ਰਹਿਆਂ ਦਾ ਵਰੇਵਾ ਇਸ ਪ੍ਰਕਾਰ ਹੈ:-

ਸਾਡੇ ਸਮਾਜ ਨਿਰਮਾਤਾ (1992)

ਕਹਾਣੀ ਕਲਾ ਅਤੇ ਮੇਰਾ ਅਨੁਭਵ

ਸਾਹਿਤਕ ਸਵੈ-ਜੀਵਨੀ (1995)

ਇਸ ਪ੍ਰਕਾਰ ਅਣਖੀ ਨੂੰ ਇਕ ਸਮਰੱਥ ਸਾਹਿਤਕਾਰ ਕਿਹਾ ਜਾ ਸਕਦਾ ਹੈ। ਉਸ ਦੀਆਂ ਕਿਰਤਾਂ ਵਿਚੋਂ ਪੇਂਡੂ ਕਿਸਾਨੀ ਦੀ ਝਲਕ ਮਿਲਦੀ ਹੈ। ਕਿਸਾਨੀ ਸਭਿਆਚਾਰ ਵਿਚ ਰੁਲਦੀ ਔਰਤ ਅਤੇ ਬੇਰੁਜ਼ਗਾਰੀ ਲਈ ਜਿਸਮ ਫਰੋਸ਼ੀ ਕਰਨ ਲਈ ਮਜ਼ਬੂਰ ਔਰਤ ਨੂੰ ਆਪਣੇ ਨਾਵਲਾਂ ਅਤੇ ਕਹਾਣੀਆਂ ਵਿਚ ਬਿਆਨ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਰੋਸ਼ਨ ਲਾਲ ਅਹੂਜਾ, ਸਾਹਿਤ ਸ਼ਾਸ਼ਤਰ, ਪੰਨਾ 1.
2. ਮਨਿੰਦਰਜੀਤ ਕੌਰ, ਦੁੱਲੇ ਦੀ ਢਾਬ ਵਿਚ ਨਾਰੀ ਚਿੰਤਨ, ਪੰਨਾ 61.
3. ਗੁਰਪ੍ਰੀਤ ਸਿੰਘ, ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਪੰਨਾ 89.
4. ਮਨਿੰਦਰਜੀਤ ਕੌਰ, 'ਦੁੱਲੇ ਦੀ ਢਾਬ' ਨਾਵਲ ਵਿਚ ਨਾਰੀ ਚਿੰਤਨ, ਪੰਨਾ 46.
5. ਪਰਮਜੀਤ ਕੌਰ, ਵਿਨੋਦ ਮਿੱਤਲ, ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ, ਪੰਨਾ 97.
6. ਉਹੀ, ਪੰਨਾ 99.
7. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਪੰਨਾ 34.
8. ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ, ਪੰਨਾ 20.
9. ਮਨਿੰਦਰਜੀਤ ਕੌਰ, 'ਦੁੱਲੇ ਦੀ ਢਾਬ' ਨਾਵਲ ਵਿਚ ਨਾਰੀ ਚਿੰਤਨ, ਪੰਨਾ 23.
10. ਪਰਮਜੀਤ ਕੌਰ, ਵਿਨੋਦ ਮਿੱਤਲ, ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ, ਪੰਨਾ 20.
11. ਉਹੀ ਪੰਨਾ.
12. ਉਹੀ, ਪੰਨਾ 21.
13. ਅਨੁਵਾਦਕ ਤਾਰਾ ਸਿੰਘ, ਔਰਤ ਦੇ ਜੀਵਨ ਵਿਚ ਇਨਕਲਾਬ, ਪੰਨਾ 7.
14. ਉਹੀ ਪੰਨਾ 8.
15. ਕੋਲਾਵਸਕੀ, ਐਨ.ਏ. ਅਤੇ ਬਲੋਨੋਵਾ, ਵਾਈ.ਪੀ (ਸੰਪਾ.), ਅੱਜ ਦੀ ਇਸਤਰੀ, ਪੰਨਾ 1.
16. ਸੁਰਜੀਤ ਸਿੰਘ ਭੱਟੀ, ਵਾਦ ਚਿੰਤਨ, ਪੰਨਾ 124.
17. ਉਹੀ ਪੰਨਾ.
18. ਸੁਖਦੇਵ ਸਿੰਘ ਖਾਹਰਾ (ਸੰਪਾ.), ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 10.
19. ਰਾਮ ਸਰੂਪ ਅਣਖੀ, ਸਵੈ-ਜੀਵਨੀ, ਮੱਲ੍ਹੇ-ਝਾੜੀਆਂ, ਪੰਨਾ 12.
20. ਇਕਬਾਲ ਸਿੰਘ, ਰਾਮ ਸਰੂਪ ਅਣਖੀ ਦਾ ਨਾਵਲ ਜਗਤ, ਪੰਨਾ 11.
21. ਸੁਖਦੇਵ ਸਿੰਘ ਖਾਹਰਾ, ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 24.
22. ਬਿਕਰਮ ਸਿੰਘ ਘੁੰਮਣ, ਅਣਖੀ ਦਾ ਗਪਲ ਸੰਸਾਰ, ਪੰਨਾ 7.
23. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦੇ ਸੰਰਚਨਾਤਮਕ ਪੈਟਰਨ, ਪੰਨਾ 10.
24. ਬ੍ਰਹਮਜਗਦੀਸ਼, ਪੰਜਾਬੀ ਨਾਵਲ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 96.
25. ਇਕਬਾਲ ਸਿੰਘ, ਰਾਮ ਸਰੂਪ ਅਣਖੀ ਦਾ ਨਾਵਲ ਜਗਤ, ਪੰਨਾ 77.

# ਅਧਿਆਇ ਦੂਜਾ

## ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਅਣਜੋੜ ਵਿਆਹ ਦੀ ਸਮੱਸਿਆ।

ਔਰਤ ਅਤੇ ਮਰਦ ਇਕ ਦੂਜੇ ਦੇ ਪੂਰਕ ਹਨ। ਜਦੋਂ ਦੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਔਰਤ ਪਰਿਵਾਰ ਨੂੰ ਚਲਾਉਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਆਈ ਹੈ। ਦੋਵਾਂ ਦੀ ਹੋਂਦ ਇਕ ਦੂਜੇ 'ਤੇ ਨਿਰਭਰ ਕਰਦੀ ਹੈ ਪ੍ਰੰਤੂ ਫਿਰ ਉਸ ਨੂੰ ਮਰਦ ਦੇ ਬਰਾਬਰਦ ਦੀ ਕਦੀ ਵੀ ਸਵੀਕਾਰ ਨਹੀਂ ਕੀਤਾ ਜਾਂਦਾ। ਪੇਕੇ ਅਤੇ ਸੁਹਰੇ ਘਰ ਵਿਚ ਉਸ ਦੀ ਮਰਜ਼ੀ ਦੀ ਕਦੀਂ ਕਿਸੇ ਨੇ ਪਰਵਾਹ ਨਹੀਂ ਕੀਤੀ। ਉਸ ਨੂੰ ਮੱਝਾਂ-ਗਾਵਾਂ ਦੇ ਵਾਂਗ ਕਿਸੇ ਦੇ ਵੀ ਲੜ ਲਾ ਦਿੱਤਾ ਜਾਂਦਾ ਹੈ। ਔਰਤ ਨੇ ਹਮੇਸ਼ਾ ਹੀ ਮਰਦ ਦੀ ਵਧੀਕੀ ਨੂੰ ਹੰਢਾਇਆ ਹੈ। ਔਰਤ ਦਾ ਕੰਮ ਸਿਰਫ਼ ਬੱਚੇ ਪੈਦਾ ਕਰਨੇ ਅਤੇ ਆਪਣੇ ਪਤੀ ਨੂੰ ਖ਼ੁਸ਼ ਕਰਨਾ ਹੀ ਸੀਮਿਤ ਕਰ ਦਿੱਤਾ ਜਾਂਦਾ ਹੈ। ਔਰਤ ਦਾ ਇਹ ਦੁਖਾਂਤ ਭਾਰਤ ਦੇਸ਼ ਵਿਚ ਹੀ ਨਹੀਂ ਬਲਕਿ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ। "ਅਮਰੀਕਾ ਵਰਗੇ ਵਿਕਸਿਤ ਦੇਸ਼ ਵਿਚ ਅੱਜ ਵੀ ਔਰਤ ਹੋਣੀ ਕਾਮ ਰਾਜਨੀਤੀ ਦੀਆਂ ਨਾਕਾਰਤਮਕ ਕਦਰਾਂ-ਕੀਮਤਾਂ ਨਾਲ ਬੱਝੀ ਹੋਈ ਹੈ। ਉੱਥੇ ਅੱਜ ਵੀ ਔਰਤ ਰਾਤ ਨੂੰ ਜਦੋਂ ਆਪਣੇ ਆਪ ਤੋਂ ਇਹ ਪ੍ਰਸ਼ਨ ਪੁੱਛਦੀ ਹੈ 'ਆਪਣੇ ਪਤੀ, ਆਪਣੇ ਬੱਚਿਆਂ ਅਤੇ ਆਪਣੇ ਘਰ ਦਾ ਧਿਆਨ ਰੱਖਣ ਤੋਂ ਬਿਨਾਂ ਮੇਰੀ ਹੋਂਦ ਕੀ ਹੈ? ਤਾਂ ਇਹ ਪ੍ਰਸ਼ਨ ਵਿਕਸਿਤ ਦੇਸ਼ਾਂ ਵਿਚਲੀ ਔਰਤ ਦੀ ਅਜਿਹੀ ਸਥਿਤੀ ਵੱਲ ਸੰਕੇਤ ਕਰਦਾ ਹੈ। ਉਸ ਨੂੰ ਆਰਥਿਕ ਅਤੇ ਮਾਨਸਿਕ ਗੁਲਾਮੀ ਦਾ ਸ਼ਿਕਾਰ ਹੋਣਾ ਪੈਂਦਾ ਹੈ।"[1] ਅਣਖੀ ਨੇ ਵੀ ਔਰਤ ਦੀ ਕੁਝ ਇਸੇ ਤਰ੍ਹਾਂ ਦੀ ਸਥਿਤੀ ਦਾ ਬਿਆਨ ਆਪਣੇ ਨਾਵਲਾਂ ਵਿਚ ਕੀਤਾ ਹੈ। ਉਸ ਦੇ ਨਾਵਲਾਂ ਦੀਆਂ ਨਾਰੀ ਪਾਤਰਾਂ ਪਾਠਕ ਨੂੰ ਹਲੂਣ ਕੇ ਰੱਖ ਦਿੰਦੀਆਂ ਹਨ ਅਤੇ ਮਰਦ ਦੀਆਂ ਵਧੀਕੀਆਂ ਦਾ ਪਰਦਾਫਾਸ਼ ਕਰਦੀਆਂ ਹਨ।

**ਪਰਤਾਪੀ ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ:-** ਅਣਖੀ ਇਕ ਅਜਿਹਾ ਨਾਵਲਕਾਰ ਹੈ ਜਿਸ ਨੇ ਔਰਤ ਦੀ ਸਮਾਜਿਕ ਸਥਿਤੀ ਦਾ ਵਰਣਨ ਆਪਣੇ ਨਾਵਲਾਂ ਵਿਚ ਬਹੁਤ ਹੀ ਯਥਾਰਥਕ ਢੰਗ ਨਾਲ ਕੀਤਾ ਹੈ। ਅਣਖੀ ਦੇ ਲਗਭਗ ਸਾਰੇ ਨਾਵਲਾਂ ਦਾ ਬਿਰਤਾਂਤ ਔਰਤ ਨੂੰ ਆਉਣ ਵਾਲੀਆਂ ਸਮੱਸਿਆਵਾਂ ਦੇ ਇਰਦ-ਗਿਰਦ ਘੁੰਮਦਾ ਹੈ। ਉਸ ਦੇ ਨਾਵਲਾਂ ਦੀਆਂ ਨਾਰੀ ਪਾਤਰਾਂ ਆਮ ਤੋਰ 'ਤੇ ਅਣਜੋੜ ਵਿਆਹ ਦੀ ਸਮੱਸਿਆ ਦੀਆਂ ਸ਼ਿਕਾਰ ਹਨ ਅਤੇ ਇਸੇ ਸਮੱਸਿਆ ਕਾਰਨ ਉਹ ਸਰੀਰਿਕ ਅਤੇ ਮਾਨਸਿਕ ਗੁਲਾਮੀ ਭੋਗਦੀਆਂ ਹਨ ਜੋ ਕਿ ਪੂੰਜੀਵਾਦੀ ਸਮਾਜ ਵਿਚ ਔਰਤ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਦਾ ਹੈ।'ਪਰਤਾਪੀ' ਨਾਵਲ ਵੀ ਇਕ ਅਜਿਹਾ ਹੀ ਨਾਵਲ ਹੈ ਜੋ ਔਰਤ ਦੇ ਅਣਜੋੜ ਵਿਆਹ ਤੋਂ ਬਾਅਦ ਆਉਣ ਵਾਲੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ। 'ਪਰਤਾਪੀ' ਇਕ ਅਜਿਹੀ ਇਸਤਰੀ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ ਜੋ ਮਰਦ ਪ੍ਰਧਾਨ ਸਮਾਜ ਵਿਚ ਇਕ ਵਸਤੂ ਬਣ ਕੇ ਰਹਿ ਜਾਂਦੀ ਹੈ। ਡਾ. ਮੋਹਨਜੀਤ ਅਨੁਸਾਰ, "ਪਰਤਾਪੀ ਮਲਵਈ ਸਮਾਜ ਦਾ ਮਨੋਵਗਿਆਨਿਕ ਦਸਤਾਵੇਜ਼ ਹੈ। ਮਲਵਈ ਸਮਾਜ ਵਿਚ ਔਰਤ ਦੀ ਹੋਣੀ ਦੀ ਮਰਮ-ਪੱਟ, ਮਲਵਈ ਔਰਤ ਦੀ ਜੱਦੋ-ਜਹਿਦ, ਸਾਹਸ ਤੇ ਜੀਵਨ ਦਾ ਤੋੜ ਵੇਖਣ ਦੀ ਲਾਲਸਾ। 'ਪਰਤਾਪੀ' ਇਕ ਐਸਾ ਜੀਵਨ ਹੈ ਜੋ ਦੁੱਖਾਂ ਦੀ ਕੰਦੀਲ ਹਮੇਸ਼ਾਂ ਮੋਢੇ 'ਤੇ ਰੱਖਦਾ ਹੈ।"[2] ਪਰਤਾਪੀ ਇਕ ਅਜਿਹੀ ਔਰਤ ਦੀ ਕਹਾਣੀ ਹੈ ਜੋ

ਵਿਆਹ ਤੋਂ ਪਹਿਲਾ ਬਲਾਤਕਾਰ ਦਾ ਸੰਤਾਪ ਹੰਢਾਉਂਦੀ ਹੈ ਅਤੇ ਵਿਆਹ ਤੋਂ ਮਗਰੋਂ ਅਣਜੋੜ ਵਿਆਹ ਦਾ। ਸਾਰੀ ਉਮਰ ਉਹ ਸੁੱਖਾਂ ਨੂੰ ਤਰਸਦੀ ਮਰ ਜਾਂਦੀ ਹੈ ਪ੍ਰੰਤੂ ਸੁੱਖ ਉਸ ਦੇ ਸੁੰਨੇ ਵਿਹੜੇ ਵਿਚ ਦਸਤਕ ਨਹੀਂ ਦਿੰਦਾ।

ਭਾਰਤੀ ਸਮਾਜ ਵਿਚ ਔਰਤ ਨੂੰ ਹਮੇਸ਼ਾ ਹੀ ਸ਼ੱਕੀ ਨਜ਼ਰ ਨਾਲ ਵੇਖਿਆ ਜਾਂਦਾ ਰਿਹਾ ਹੈ। ਉਸ ਦੀ ਮਰਜ਼ੀ ਦੀ ਪਰਵਾਹ ਕੀਤੇ ਬਿਨਾ ਉਸ 'ਤੇ ਫੈਸਲੇ ਥੋਪੇ ਜਾਂਦੇ ਹਨ। ਇਹੀ ਕੁੱਝ ਪਰਤਾਪੀ ਨਾਲ ਹੁੰਦਾ ਹੈ। ਅੱਕੀ ਬੁੜੀ ਦੇ ਭਤੀਜੇ ਜੀਊਣੇ ਨੂੰ ਉਹ ਦਿਲੋਂ ਪਿਆਰ ਕਰਦੀ ਹੈ ਅਤੇ ਉਸ ਨਾਲ ਰਾਂਗਲੇ ਭਵਿੱਖ ਦੇ ਸੁਪਨੇ ਵੇਖਦੀ ਹੈ ਪ੍ਰੰਤੂ ਉਸ ਦੇ ਸਾਰੇ ਸੁਪਨੇ ਉਸ ਸਮੇਂ ਚਕਨਾ ਚੂਰ ਹੋ ਜਾਂਦੇ ਹਨ ਜਦੋਂ ਉਸ ਨਾਲ ਡੇਰੇ ਦਾ ਸਾਧੂ ਧਰਮਦਾਸ ਬਲਾਤਕਾਰ ਕਰਦਾ ਹੈ। ਬਲਤਕਾਰ ਤੋਂ ਬਾਅਦ ਪਰਤਾਪੀ ਗਰਭਵਤੀ ਹੋ ਜਾਂਦੀ ਹੈ ਅਤੇ ਉਸ ਨੂੰ ਕਿਸੇ ਹੋਰ ਦੇ ਪਾਪ ਦੀ ਸਜ਼ਾ ਭੁਗਤਣੀ ਪੈਂਦੀ ਹੈ। ਉਸ ਦਾ ਪ੍ਰੇਮੀ ਜਿਊਣਾ ਵੀ ਡਰ ਕੇ ਉਸ ਦਾ ਸਾਥ ਛੱਡ ਕੇ ਪਿੰਡ ਛੱਡ ਕੇ ਭੱਜ ਜਾਂਦਾ ਹੈ। ਪ੍ਰੇਮੀ ਵਲੋਂ ਦਗਾ ਅਤੇ ਬਲਾਤਕਾਰ ਪਰਤਾਪੀ ਨੂੰ ਮਾਨਸਿਕ ਸੰਤਾਪ ਭੋਗਣ ਵਾਸਤੇ ਛੱਡ ਦਿੰਦੇ ਹਨ। ਅਣਵਿਆਹੀ ਮਾਂ ਦੀ ਬਦਨਾਮੀ ਦੇ ਡਰ ਤੋਂ ਬਚਣ ਵਾਸਤੇ ਪਰਤਾਪੀ ਦਾ ਵਿਆਹ ਕੀਤਾ ਜਾਂਦਾ ਹੈ। ਇਹ ਵਿਆਹ ਪਰਤਾਪੀ ਦੀ ਜ਼ਿੰਦਗੀ ਨੂੰ ਅਥਾਹ ਦੁੱਖਾਂ ਨਾਲ ਭਰ ਦਿੰਦਾ ਹੈ। ਡਾ. ਸੁਖਦੇਵ ਸਿੰਘ ਖਾਹਰਾ 'ਪਰਤਾਪੀ' ਬਾਰੇ ਲਿਖਦੇ ਹਨ;

> "ਪਰਤਾਪੀ ਦੀ ਹੋਂਦ ਅਤੇ ਹੋਣੀ ਨੂੰ ਜਿਸ ਮਾਰਗ ਥਾਣੀਂ ਗੁਜ਼ਰਨਾ ਪੈਂਦਾ ਹੈ, ਕਿਧਰੇ ਵੀ ਉਸ ਦੇ ਨਾਂ ਦੇ ਸ਼ਾਬਦਿਕ ਅਰਥਾਂ ਦੇ ਸੂਚਕ-ਜਲੌਅ ਦਾ ਝਲਕਾਰਾ ਨਹੀਂ ਪੈਂਦਾ। ਇਹ ਨਾ ਤਾਂ ਉਸ ਦੀ ਹੋਂਦ ਅਤੇ ਹੋਣੀ ਦੀ ਵਿਡੰਬਨਾ ਦੀ ਅਲਾਮਤ ਹੈ। ਪਰਤਾਪੀ ਤੇਜਵਾਨ, ਵੈਰੀਆਂ ਨੂੰ ਦੁੱਖ ਦੇਣ/ਤਾਉਣ ਵਾਲੀ, ਪਰਤਾਪ ਵਾਲੀ। ਪਰ ਉਹ ਤਾਂ ਕੇਵਲ ਤਾਪੀ ਜਾਂ ਤਾਪੋ ਹੈ। ਸਾਰੀ ਉਮਰ ਖ਼ੁਦ ਤਪਣ ਵਾਲੀ।"[3]

ਪਰਤਾਪੀ ਦੀ ਆਰੰਭਲੀ ਸਥਿਤੀ ਭਾਵ ਚੜਦੀ ਉਮਰ ਤੋਂ ਲੈ ਕੇ ਅੰਤ ਭਾਵ ਮੌਤ ਤੱਕ ਦੁਖਾਂਤ ਹੀ ਦੁਖਾਂਤ ਹੈ। ਪਰਤਾਪੀ ਦੇ ਮਾਂ-ਬਾਪ ਉਸ ਨੂੰ ਗੱਜਣ ਨਾਲ ਨਰੜ ਦਿੰਦੇ ਹਨ। ਗੱਜਣ ਕਿਸੇ ਵੀ ਤਰ੍ਹਾਂ ਪਰਤਾਪੀ ਵਰਗੀ ਇਸਤਰੀ ਦੇ ਯੋਗ ਵਿਅਕਤੀ ਨਹੀਂ ਸੀ ਪ੍ਰੰਤੂ ਪਰਤਾਪੀ ਦੜ ਵੱਟ ਕੇ ਗੱਜਣ ਦੇ ਘਰ ਆ ਜਾਂਦੀ ਹੈ। ਗੱਜਣ ਇਕ ਮੋਹ ਹੀਣਾ ਵਿਅਕਤੀ ਹੈ ਜੋ ਸਿਰਫ਼ ਪਰਤਾਪੀ ਨੂੰ ਘਰੇਲੂ ਕੰਮ ਕਾਰ ਵਾਸਤੇ ਵਿਆਹ ਕੇ ਲੈ ਕੇ ਆਉਂਦਾ ਹੈ। ਉਹ ਪਰਤਾਪੀ ਦੇ ਸੁਪਨਿਆਂ ਦਾ ਵਰ ਨਹੀਂ ਸੀ ਨਾ ਹੀ ਉਸ ਦਾ ਪਰਤਾਪੀ ਨਾਲ ਕੋਈ ਮੇਲ ਸੀ;

> "ਪਰਤਾਪੀ ਜ਼ਿੰਦਗੀ ਨਾਲੋਂ ਦੂਜੀ ਵਾਰ ਟੁੱਟੀ ਸੀ। ਉਹਦਾ ਮਨੁੱਖ ਗੱਜਣ ਚਾਹੇ ਪਹਿਲਾਂ-ਪਹਿਲਾਂ ਉਹਨੂੰ ਡੱਕਾ ਪਸੰਦ ਨਹੀਂ ਸੀ। ਉਹ ਐਨੀ ਸੋਹਣੀ ਸੀ ਤੇ ਕੱਦ ਦੀ ਲੰਮੀ, ਗੱਜਣ ਉਹਦੇ ਸਾਹਮਣੇ ਕੁਝ ਵੀ ਨਹੀਂ ਸੀ। ਨਾ ਕੱਦ

ਨਾ ਸ਼ਕਲ। ”[4]

ਅਸਲ ਵਿਚ ਔਰਤ ਅਤੇ ਮਰਦ ਜ਼ਿੰਦਗੀ ਰੂਪੀ ਗੱਡੀ ਦੇ ਦੋ ਪਹਿਏ ਹਨ ਇੱਕ ਵਿਚ ਵੀ ਖਰਾਬੀ ਦੂਜੇ ਨੂੰ ਪ੍ਰਭਾਵਿਤ ਕਰਦੀ ਹੈ। ਗ੍ਰਹਿਸਥੀ ਰੂਪੀ ਇਸ ਗੱਡੀ ਨੂੰ ਸਹੀਂ ਢੰਗ ਨਾਲ ਚਲਾਉਣ ਵਾਸਤੇ ਔਰਤ ਅਤੇ ਮਰਦ ਦਾ ਸਹੀਂ ਜੋੜ ਹੋਣਾ ਬਹੁਤ ਜ਼ਰੂਰੀ ਹੈ, ਤਦ ਹੀ ਜ਼ਿੰਦਗੀ ਸੁਖਾਵੀਂ ਗੁਜ਼ਰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਮਰਦ ਪ੍ਰਧਾਨ ਸਮਾਜ ਵਿਚ ਮਰਦ ਦੀ ਅਹਿਮੀਅਤ ਵਧੇਰੇ ਸਮਝੀ ਜਾਂਦੀ ਹੈ ਪ੍ਰੰਤੂ ਮਰਦ ਦੀ ਹੋਂਦ ਔਰਤ ਤੋਂ ਬਿਨ੍ਹਾਂ ਕੁਸ਼ ਵੀ ਨਹੀਂ। ਅਜਿਹਾ ਹੀ ਪਰਤਾਪੀ ਨਾਲ ਹੁੰਦਾ ਹੈ ਉਹ ਵਿਆਹ ਤੋਂ ਬਾਅਦ ਗੱਜਣ ਦੇ ਘਰ ਰਹਿੰਦੀ ਹੈ। ਬੇਸ਼ੱਕ ਉਹ ਗੱਜਣ ਨੂੰ ਕਦੀ ਵੀ ਦਿਲੋਂ ਸਵੀਕਾਰ ਨਾ ਕਰ ਸਕੀ;

> “ਮੰਗਣੇ ’ਤੇ ਵਿਆਹ ਦੀ ਤਾਰੀਖ ਪੱਕੀ ਹੋ ਗਈ। ਨਾਲ ਦਾ ਮੁਕਲਾਵਾ। ਪਰਤਾਪੀ ਲਈ ਸਾਰਾ ਕੁਝ ਇਸ ਤਰ੍ਹਾਂ ਹੋ ਗਿਆ, ਜਿਵੇਂ ਕੋਈ ਸੁਪਨਾ ਆਉਂਦਾ ਹੋਵੇ। ਉਸ ਨੂੰ ਖੁਸ਼ੀ ਸੀ ਕਿ ਉਹ ਮਹਿਲਾਂ ਤੋਂ ਆਪਣੀ ਇੱਜ਼ਤ ਬਚਾ ਕੇ ਜੋਗੀਪੁਰ ਆ ਗਈ। ਢੋਲ ਢਕਿਆ ਰਹਿ ਗਿਆ। ਉਹਨੂੰ ਦੁੱਖ ਸੀ ਉਹਨੇ ਕੀ ਸੋਚਿਆ ਸੀ ਤੇ ਕੀ ਹੋ ਗਿਆ। ਚੁਬਾਰੇ ਦੀ ਇੱਟ ਮੋਰੀ ਨੂੰ ਲੱਗ ਗਈ। ਉਹਨੂੰ ਸਮਝ ਨਾ ਆਉਂਦੀ ਕਿ ਮਹਿਲੀਂ ਸੁਪਨੇ ਵਿਚ ਜਿਹੜਾ ਝੋਟਾ ਉਹਦੇ ਮਗਰ ਪੈ ਹੁੰਦਾ, ਉਹਦੀ ਹਿੱਕ ’ਤੇ ਆ ਚੜਦਾ, ਉਹ ਧਰਮਦਾਸ ਸੀ ਜਾਂ ਇਹ ਗੱਜਣ। ”[5]

ਪਰਤਾਪੀ ਵਿਆਹ ਤੋਂ ਬਾਅਦ ਦੋਹਰਾ ਮਾਨਸਿਕ ਸੰਤਾਪ ਹੰਢਾਉਂਦੀ ਹੈ ਇਕ ਤਾਂ ਗੱਜਣ ਵਰਗਾ ਮੋਹਹੀਣੇ ਪਤੀ ਦਾ ਦੂਜਾ ਧਰਮਦਾਸ ਦੇ ਬਲਾਤਕਾਰ ਤੋਂ ਪੈਦਾ ਹੋਇਆ ਮੁੰਡਾ ਉਸ ਦੀ ਮਾਨਸਿਕਤਾ ਨੂੰ ਹਲੂਣ ਕੇ ਰੱਖ ਦਿੰਦਾ ਹੈ। ਪਰਤਾਪੀ ਦਵੰਧ ਵਿਚ ਫਸ ਜਾਂਦੀ ਹੈ ਕਦੀ ਪੁੱਤ ਨੂੰ ਵੇਖ ਕੇ ਉਸ ਅੰਦਰ ਮਾਂ ਵਾਲੀ ਮਮਤਾ ਜਾਗਦੀ ਹੈ ਅਤੇ ਉਸ ਨੂੰ ਦੇਖ ਕੇ ਧਰਮਦਾਸ ਦਾ ਭਿਆਕਨਕ ਚਿਹਰਾ ਨਜ਼ਰ ਆਉਂਦਾ ਹੈ। ਵਿਆਹ ਤੋਂ ਪਹਿਲਾ ਵੀ ਪਰਤਾਪੀ ਸੰਤਾਪ ਹੀ ਹੰਢਾਉਂਦੀ ਹੈ “ਪਰਤਾਪੀ ਦਾ ਪਹਿਲਾ ਪੱਖ ਪਰਤਾਪੀ ਦੀ ਧਰਮਦਾਸ ਹੱਥੋਂ ਹੋਈ ਬੇਹੁਰਮਤੀ ਅਤੇ ਬੇਹੁਰਮਤੀ ਵਿਚੋਂ ਪੈਦਾ ਹੋਇਆ ਮਾਨਸਿਕ ਸੰਤਾਪ ਇਕੱਲੀ ਪਰਤਾਪੀ ਹੀ ਹੰਢਾਉਂਦੀ ਹੈ। ਉਸਦੇ ਮਾਂ ਬਾਪ ਲਈ ਇਹ ਸੰਤਾਪ ਸਿਰਫ਼ ਸਮਾਜਕ ਬਦਨਾਮੀ ਮਾਤਰ ਹੈ, ਜਿਸਨੂੰ ਕੱਜਣ ਲਈ ਉਹਨ੍ਹਾਂ ਨੂੰ ਇਕੋ ਇਕ ਰਸਤਾ ਉਸਦਾ ਜਲਦੀ ਤੋਂ ਜਲਦੀ ਵਿਆਹ ਵਿਚ ਦਿਖਾਈ ਦਿੰਦਾ ਹੈ।

ਪਰੰਤੂ ਇਸ ਵਿਆਹ ਦੀਆਂ ਰਸਮਾਂ ਵਿਚ ਪਰਤਾਪੀ ਦੀ ਮਾਨਸਿਕਤਾ ਕਿਤਨੀਆਂ ਪੀੜਾਂ ਦੀ ਸ਼ਿਕਾਰ ਹੋਈ ਹੈ (ਭਾਵੇਂ ਨਾਵਲ ਵਿਚ ਇਹਨਾਂ ਦੀ ਪੇਸ਼ਕਾਰੀ ਨਹੀਂ ਹੋਈ) ਉਹ ਕਿਤਨੀ ਭਿਆਨਕ ਹੈ ਉਸਨੂੰ ਸਮਝਣ ਲਈ ਮਾਨਵਵਾਦੀ ਭਾਵਨਾਵਾਂ ਵੀ ਅਸਮਰੱਥ ਜਾਪਦੀਆਂ ਹਨ।"[6] ਹਰੇਕ ਕੁੜੀ ਦੇ ਮਨ ਦੀ ਰੀਝ ਹੁੰਦੀ ਹੈ ਕਿ ਉਸ ਨੂੰ ਆਪਣੀ ਮਨਮਰਜ਼ੀ ਦਾ ਵਰ ਮਿਲੇ ਉਹ ਵਰ ਜਿਸ ਦੇ ਸੁਪਨੇ ਉਹ ਜਵਾਨੀ ਵਿਚ ਲੈਣੇ ਸ਼ੁਰੂ ਕਰ ਦਿੰਦੀ ਹੈ। ਲੱਖਾਂ ਹੀ ਉਮੰਗਾਂ ਕੁੜੀ ਦੇ ਦਿਲ ਵਿਚ ਆਪਣੇ ਪਤੀ ਨੂੰ ਲੈ ਕੇ ਹੁੰਦੀਆਂ ਹਨ ਅਜਿਹੇ ਲੱਖਾਂ ਹੀ ਸੁਪਨੇ ਲੈ ਕੇ ਕੁੜੀ ਆਪਣੇ ਸੁਹਰੇ ਘਰ ਵਿਦਾ ਹੁੰਦੀ ਹੈ ਪ੍ਰੰਤੂ ਪਰਤਾਪੀ ਦੇ ਸਾਰੇ ਸੁਪਨੇ ਤਾਂ ਵਿਆਹ ਤੋਂ ਪਹਿਲਾਂ ਹੀ ਟੁੱਟ ਜਾਂਦੇ ਹਨ ਇਕ ਤਾਂ ਬਲਾਤਕਾਰ ਅਤੇ ਦੂਜਾ ਪ੍ਰੇਮੀ ਵਲੋਂ ਦਗਾ ਪਤੀ ਲਈ ਸੋਚੇ ਸੁਪਨੇ ਤਾਂ ਉਸ ਦੇ ਵਿਆਹ ਤੋਂ ਪਹਿਲਾਂ ਹੀ ਟੁੱਟ ਜਾਂਦੇ ਹਨ। ਸੁਹਰੀ ਤਾਂ ਸਿਰਫ਼ ਪੇਟ ਵਿਚ ਬੱਚਾ ਲੈ ਕੇ ਜਾਣ ਦਾ ਡਰ ਲੈ ਕੇ ਜਾਂਦੀ ਹੈ। ਜੇਕਰ ਇਸ ਨਾਵਲ ਵਿਚਲੇ ਬਿਰਤਾਂਤ ਨੂੰ ਗਹੁ ਨਾਲ ਵੇਖੀਏ ਤਾਂ ਇਸ ਦਾ ਅਸਲੀ ਜ਼ਿੰਮੇਵਾਰ ਸਮਾਜਿਕ ਢਾਂਚਾ ਹੈ ਜੋ ਮਰਦ ਦੀ ਗਲਤੀ ਦੀ ਸਜ਼ਾ ਵੀ ਔਰਤ ਨੂੰ ਦਿੰਦਾ ਹੈ ਅਤੇ ਔਰਤ ਬਦਨਾਮੀ ਦੇ ਡਰ ਤੋਂ ਕਈ ਦੁੱਖ ਅੰਦਰੋਂ ਅੰਦਰ ਹੀ ਸਮੋ ਲੈਂਦੀ ਹੈ।

ਇੱਥੇ ਅਣਜੋੜ ਵਿਆਹ ਦੀ ਸਮੱਸਿਆ ਨੂੰ ਅਗਰ ਅਸੀਂ ਵੇਖੀਏ ਤਾਂ ਇਹ ਸੰਤਾਪ ਕੇਵਲ ਪਰਤਾਪੀ ਹੀ ਨਹੀਂ ਭੋਗਦੀ ਬਲਕਿ ਚੰਦ ਕੁਰ ਵੀ ਭੋਗਦੀ ਹੈ। ਗੱਜਣ ਜੋ ਪਹਿਲਾ ਪਰਤਾਪੀ ਨਾਲ ਵਿਆਹ ਕਰਵਾਉਂਦਾ ਹੈ ਫਿਰ ਚੰਦ ਕੁਰ ਨਾਲ। ਚੰਦ ਕੁਰ ਨਾਲ ਵਿਆਹ ਉਹ ਸਿਰਫ਼ ਜ਼ਮੀਨ ਦੇ ਲਾਲਚ ਨੂੰ ਕਰਵਾਉਂਦਾ ਹੈ। ਚੰਦ ਕੁਰ ਉਸ ਦੇ ਛੋਟੇ ਭਰਾ ਚਾਨਣ ਦੀ ਪਤਨੀ ਹੈ। ਚਾਨਣ ਦੀ ਅਚਾਨਕ ਮੌਤ ਤੋਂ ਬਾਅਦ ਗੱਜਣ ਚੰਦ ਕੁਰ ਨਾਲ ਇਸ ਕਰਕੇ ਵਿਆਹ ਕਰਵਾਉਂਦਾ ਹੈ ਤਾਂ ਜੋ ਉਹ ਆਪਣੇ ਭਰਾ ਦੇ ਹਿੱਸੇ ਦੀ ਜ਼ਮੀਨ ਵੀ ਆਪਣੇ ਨਾ ਕਰਵਾ ਸਕੇ। ਚੰਦ ਕੁਰ ਗੱਜਣ ਨਾਲੋਂ ਉਮਰ ਵਿਚ ਛੋਟੀ ਹੈ ਅਤੇ ਸਰੀਰਿਕ ਪੱਖੋਂ ਵੀ ਗੱਜਣ ਨਾਲੋਂ ਸੋਹਣੀ ਹੈ ਪ੍ਰੰਤੂ ਉਸ ਨੂੰ ਵੀ ਕਈ ਸਮਾਜਿਕ ਮਜ਼ਬੂਰੀਆਂ ਦੀ ਖਾਤਿਰ ਗੱਜਣ ਨਾਲ ਵਿਆਹ ਕਰਵਾਉਣਾ ਪੈਂਦਾ ਹੈ। ਚੰਦ ਕੁਰ ਦੀ ਇੱਜਤ ਘਰ ਵਿਚ ਵਧੇਰੇ ਕੀਤੀ ਜਾਂਦੀ ਹੈ ਕਿਉਂਕਿ ਉਹ ਜ਼ਮੀਨ ਦੀ ਮਾਲਿਕ ਹੈ। ਉੱਥੇ ਚੰਦ ਕੁਰ ਦੇ ਆਉਣ ਨਾਲ ਪਰਤਾਪੀ ਦੀ ਪੁੱਛ ਦਸ ਹੋਰ ਵੀ ਘੱਟ ਹੋ ਜਾਂਦੀ ਹੈ। ਪਰਤਾਪੀ ਆਪਣੀ ਕਿਸਮਤ ਨੂੰ ਕੋਸਦੀ ਹੈ ਅਤੇ ਸੋਚਦੀ ਹੈ ਕਿ ਜੇਕਰ ਉਸ ਦੇ ਬੱਚੇ ਨਾ ਹੁੰਦੇ ਤਾਂ ਉਹ ਘਰ ਛੱਡ ਕੇ ਚਲੀ ਜਾਂਦੀ;

> "ਜੇ ਇਹ ਤਿੰਨ ਜੁਆਕ ਨਾ ਹੁੰਦੈ, ਰੱਬ ਮੈਨੂੰ ਲਹਿਰੇ ਆਲੀ
>
> ਵਰਗਾ ਈ ਰੱਖਦਾ, ਤਾਂ ਮੈਂ ਜੱਟ ਨੂੰ ਦਖਾ ਦਿੰਦੀ ਤਾਰੇ! ਛੱਡ
>
> ਕੇ ਤੁਰਦੀ ਬਣਦੀ। ਹੋਰ ਕਿਸੇ ਜਾ ਬੈਠਦੀ। ਚੰਦਰੇ ਜੁਆਕ
>
> ਮੇਰੇ ਪੈਰਾਂ ਦੀਆਂ ਬੇੜੀਆਂ ਬਣ ਗਏ।"[7]

ਪਰਤਾਪੀ ਨੂੰ ਬਾਹਰਲੇ ਘਰ ਛੱਡ ਦਿੱਤਾ ਜਾਂਦਾ ਹੈ ਇੱਥੋਂ ਤੱਕ ਕਿ ਉਸ ਦੇ ਬੱਚੇ ਵੀ ਉਸ ਨੂੰ ਛੱਡ ਕੇ ਚੰਦ ਕੁਰ ਨਾਲ ਰਹਿੰਦੇ ਹਨ। ਪਰਤਾਪੀ ਨੂੰ ਤਿੰਨੇ ਬੱਚੇ ਆਪਣੇ ਨਹੀਂ ਲੱਗਦੇ। ਉਹ ਸੋਚਦੀ ਕਾਸ਼ ਉਹਨੇ ਜਿਊਣੇ ਦੇ ਜੁਆਕ ਜੰਮੇ ਹੁੰਦੇ।

ਨਾਵਲਕਾਰ ਨੇ ਪਰਤਾਪੀ ਦੀ ਪਿਆਰ ਦੀ ਤਾਂਘ ਜਾਂ ਜਿਉਣੇ ਨੂੰ ਮੁੜ ਪਾਉਣ ਦੀ ਪਰਤਾਪੀ ਦੀ ਵਾਰ-ਵਾਰ ਲਾਲਸਾ ਰਾਹੀਂ ਇਹ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਗੱਜਣ ਵਰਗੇ ਬੰਦੇ ਨਾਲ ਪਰਤਾਪੀ ਜਿਹੀ ਔਰਤ ਕਿਸ ਪ੍ਰਕਾਰ ਆਪਣਾ ਨਿਭਾ ਕਰ ਰਹੀ ਹੈ। ਇਸ ਸਥਿਤੀ ਵਿਚ ਉਹ ਨਿਰੰਤਰ ਭਾਂਬੜ ਵਾਂਗ ਮਚਦੀ ਹੈ ਇੱਕਲਾਪਨ ਹੰਢਾਉਂਦੀ ਹੈ। ਉਹ ਗੱਜਣ ਦੀ ਮੌਤ ਤੋਂ ਲੈ ਕੇ ਆਪਣੀ ਮੌਤ ਤੱਕ ਵੀ ਗੱਜਣ ਦੇ ਨਾਲ ਸਿਰਫ਼ ਆਪਣਾ ਪਤਨੀ ਧਰਮ ਨਿਭਾਉਣ ਵਾਸਤੇ ਰਹਿੰਦੀ ਹੈ ਉਹ ਧਰਮ ਜਿਸ ਦੀ ਔਰਤ ਤੋਂ ਹਮੇਸ਼ਾ ਹੀ ਆਸ ਕੀਤੀ ਜਾਂਦੀ ਹੈ। ਬੇਸ਼ੱਕ ਪਤੀ ਲੱਖ ਬੁਰਾ ਹੋਵੇ ਪ੍ਰੰਤੂ ਉਸ ਦਾ ਸਾਥ ਦੇਣਾ ਔਰਤ ਦਾ ਫ਼ਰਜ਼ ਸਮਝਿਆ ਜਾਂਦਾ ਹੈ ਅਤੇ ਫ਼ਰਜ ਪਰਤਾਪੀ ਵੀ ਅੰਤ ਤੱਕ ਨਿਭਾਉਂਦੀ ਹੈ।

**'ਸਰਦਾਰੋ ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ:-** ਸਦੀਆਂ ਤੋਂ ਹੀ ਸਾਡੇ ਭਾਰਤੀ ਸਮਾਜ ਦੀ ਤ੍ਰਾਸਦੀ ਰਹੀ ਹੈ ਕਿ ਔਰਤ ਨੂੰ ਉਸ ਮਨ-ਮਰਜ਼ੀ ਦਾ ਪਤੀ ਬਹੁਤ ਘੱਟ ਮਿਲਦਾ ਹੈ। ਉਸ ਦੀ ਮਰਜ਼ੀ ਜਾਣੇ ਬਿਨ੍ਹਾਂ ਹੀ ਉਸ ਨੂੰ ਕਿਸੇ ਦੇ ਵੀ ਲੜ ਲਾ ਦਿੱਤਾ ਜਾਂਦਾ ਹੈ। ਔਰਤ ਨੂੰ ਇਕ ਵਸਤੂ ਦੀ ਤਰ੍ਹਾਂ ਸਮਝਿਆ ਅਤੇ ਭੋਗਿਆ ਜਾਂਦਾ ਹੈ। ਔਰਤ ਸਦੀਆਂ ਤੋਂ ਮਰਦ ਦੀ ਗੁਲਾਮ ਰਹੀ ਹੈ ਜਿਸ ਕਾਰਨ ਉਹ ਸਿਰਫ਼ ਘਰ ਦੀ ਚਾਰ ਦੀਵਾਰੀ ਤੱਕ ਹੀ ਸੀਮਿਤ ਰਹੀ ਹੈ। ਜਿਸ ਕਰਕੇ ਸ਼ੁਰੂਆਤੀ ਦੌਰ ਵਿਚ ਔਰਤ ਕੋਲ ਅਨੁਭਵ ਦੀ ਘਾਟ ਰਹੀ ਹੈ। ਆਰਥਿਕਤਾ ਦੇ ਸਾਧਨਾਂ ਉੱਪਰ ਮਰਦ ਦਾ ਅਧਿਕਾਰ ਵਧੇਰੇ ਹੋਣ ਕਰਕੇ ਔਰਤ ਮਰਦ ਦੀ ਗੁਲਾਮ ਬਣ ਕੇ ਰਹਿ ਗਈ। ਬੇਸ਼ੱਕ ਔਰਤ ਨੇ ਹੌਲੀ-ਹੌਲੀ ਆਪਣੀ ਹੋਂਦ ਨੂੰ ਸਮਝਿਆ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਵੀ ਹੋਈ ਪ੍ਰੰਤੂ ਫਿਰ ਵੀ ਔਰਤ ਦੀ ਸਥਿਤੀ ਵਿਚ ਉਹ ਬਦਲਾਵ ਨਹੀਂ ਆਇਆ ਜੋ ਕਿ ਆਉਣਾ ਚਾਹੀਦਾ ਸੀ। ਔਰਤ ਨੂੰ ਵਸਤੂ ਵਾਂਗ ਵੇਚਿਆ ਜਾਂਦਾ ਰਿਹਾ ਹੈ ਜਿਸ ਦੀਆਂ ਉਦਾਹਰਨਾ ਸਾਨੂੰ ਸਾਡੇ ਸਮਾਜ ਅਤੇ ਸਾਹਿਤ ਵਿਚੋਂ ਵੇਖਣ ਨੂੰ ਮਿਲਦੀਆਂ ਹਨ। ਆਪਣੇ ਪਰਿਵਾਰ ਦੀ ਖਾਤਿਰ ਆਪਣੀਆਂ ਇਛਾਵਾਂ ਨੂੰ ਮਾਰ ਕੇ ਜਿਊਣਾ ਔਰਤ ਦੇ ਹਿੱਸੇ ਹੀ ਆਇਆ ਹੈ। ਜਿਸ ਕਾਰਨ ਉਹ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਭੋਗਦੀ ਹੈ।

ਰਾਮ ਸਰੂਪ ਅਣਖੀ ਇਕ ਅਜਿਹਾ ਨਾਵਲਕਾਰ ਹੈ ਜੋ ਆਪਣੇ ਨਾਵਲਾਂ ਵਿਚ ਔਰਤ ਮਰਦ ਸੰਬੰਧਾਂ ਦੀ ਪੇਸ਼ਕਾਰੀ ਬੜੇ ਹੀ ਯਥਾਰਥਮਈ ਢੰਗ ਨਾਲ ਕਰਦਾ ਹੈ। ਉਹ ਇਕ ਅਜਿਹਾ ਗਲਪੀ ਸੰਸਾਰ ਰਚਦਾ ਹੈ ਕਿ ਉਸ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਪਾਠਕ ਉਨ੍ਹਾਂ ਘਟਨਾਵਾਂ ਨੂੰ ਆਪਣੇ ਆਲੇ-ਦੁਆਲੇ ਵਿਚ ਮਹਿਸੂਸ ਕਰਦੇ ਹਨ। 'ਦੁੱਲੇ ਦੀ ਢਾਬ' ਅਣਖੀ ਦਾ ਵੱਡ ਆਕਾਰੀ ਨਾਵਲ ਹੈ ਜਿਸ ਦੇ ਪੰਜ ਭਾਗ ਹਨ। ਇਸ ਦਾ ਪਹਿਲਾ ਭਾਗ 'ਸਰਦਾਰੋ' ਹੈ। 'ਸਰਦਾਰੋ' ਨਾਵਲ ਦੀ ਮੂਲ ਸਮੱਸਿਆ ਅਣਜੋੜ ਵਿਆਹ ਦੀ ਹੈ। ਇਹ ਨਾਵਲ ਇਕ ਬਾਜੀਗਰ ਕਬੀਲੇ ਨਾਲ ਸੰਬੰਧ ਰੱਖਦਾ ਹੈ। ਅਣਖੀ ਨੇ ਆਪਣੇ ਨਾਵਲਾਂ ਦੇ ਪਾਤਰ ਪੇਂਡੂ ਖਾਸ ਕਰਕੇ ਮਲਵਈ ਪਾਤਰ ਲਏ ਹਨ। ਅਣਖੀ ਨੂੰ ਪੇਂਡੂ ਜੀਵਨ ਦਾ ਅਥਾਹ ਅਨੁਭਵ ਹੈ "ਉਸਨੇ ਪੇਂਡੂ ਜੀਵਨ ਦੀਆਂ ਅਨੇਕ ਸਮੱਸਿਆਵਾਂ ਨੂੰ ਆਪਣੀ ਕਲਮ ਦੀ ਨੋਕ ਹੇਠ ਲਿਆਂਦਾ ਹੈ।"[8] ਮਲਵਈ ਸਭਿਆਚਾਰ ਵਿਚ ਔਰਤ ਦੀ ਦੁਰਦਸ਼ਾ ਦੀ ਕਹਾਣੀ ਅਣਖੀ ਨੇ ਆਪਣੇ ਇਸ ਨਾਵਲ ਵਿਚ ਬਿਆਨ ਕੀਤੀ ਹੈ। ਇਸ ਨਾਵਲ ਵਿਚ ਉਸ ਨੇ ਉਸ ਔਰਤ ਦੀ ਕਹਾਣੀ ਬਿਆਨ ਕੀਤੀ ਹੈ ਜੋ ਆਰਥਿਕ ਤੰਗੀ ਕਾਰਨ ਵੇਚੀ ਜਾਂਦੀ ਹੈ। ਮਜ਼ਬੂਰੀ ਵੱਸ ਉਸ ਨੂੰ ਅਜਿਹੇ ਪਤੀ ਨਾਲ ਰਹਿਣਾ ਪੈਂਦਾ ਹੈ ਜੋ ਉਸ ਦੇ ਲਾਇਕ ਨਹੀਂ।

ਨਾਵਲ ਵਿਚ ਦੁੱਲਾ ਪੰਜਾਹ ਸਾਲ ਦਾ ਵਿਅਕਤੀ ਹੈ ਜੋ ਸਰਦਾਰੋ ਵਰਗੀ ਵੀਹ-ਬਾਈ ਸਾਲ ਦੀ ਜੁਆਕੜੀ ਨਾਲ ਵਿਆਹ ਕਰਵਾਉਂਦਾ ਹੈ। ਦੁੱਲਾ ਊਠਾਂ ਦਾ ਵਪਾਰ ਕਰਦਾ ਹੈ ਉਸ ਦੇ ਚਾਰ ਮੁੰਡੇ ਅਤੇ ਦੋ ਕੁੜੀਆਂ ਹਨ। ਬੇਸ਼ੱਕ ਦੁੱਲਾ ਸਰਦਾਰੋ ਨੂੰ ਦਿਲੋਂ ਮੋਹ ਕਰਦਾ ਹੈ ਉਸ ਦੀ ਦੇਖਭਾਲ ਕਰਦਾ ਹੈ ਅਤੇ ਸਰਦਾਰੋ ਵੀ ਦੁੱਲੇ ਦੇ ਬੱਚਿਆਂ ਨਾਲ ਘੁਲ-ਮਿਲ ਜਾਂਦੀ ਹੈ ਪ੍ਰੰਤੂ ਸਰਦਾਰੋ ਦੁੱਲੇ ਨੂੰ ਕਦੀ ਪਿਆਰ ਨਾ ਕਰ ਸਕੀ। ਨਾ ਤਾਂ ਦੁੱਲੇ ਨਾਲ ਉਸਨੂੰ ਕਾਮੁਕ ਤ੍ਰਿਪਤੀ ਹੁੰਦੀ ਹੈ ਅਤੇ ਨਾ ਹੀ ਮਾਨਸਿਕ ਤਸੱਲੀ ਮਿਲਦੀ ਹੈ "ਇਸ ਨਾਵਲ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਕਾਮ ਦੇ ਵਿਪਥਨ ਦਾ ਅਜਿਹਾ ਸਿਰਜਣ ਇਸ ਨਾਵਲ ਵਿਚ ਕਿਸੇ ਨਿਰਪੇਖ ਜਾਂ ਅਪ੍ਰਸੰਗਿਕ ਰੂਪ ਵਿਚ ਨਹੀਂ ਹੋਇਆ ਸਗੋਂ ਸਾਡੇ ਪੇਂਡੂ ਅਰਥਚਾਰੇ ਦੇ ਸਾਪੇਖ/ਪ੍ਰਸੰਗ ਵਿਚ ਹੋਇਆ ਹੈ।"[9] ਅਜਿਹੇ ਅਣਜੋੜ ਵਿਆਹ ਤੋਂ ਉਪਰੰਤ ਸਰਦਾਰੋ ਟੁੱਟ ਜਾਂਦੀ ਹੈ। ਚੜਦੀ ਉਮਰ ਇਕ ਬੁੱਢੇ ਦੇ ਲੜ ਲੱਗਣ ਦਾ ਦੁਖਾਂਤ ਸਰਦਾਰੋ ਨੂੰ ਅੰਦਰੋਂ-ਅੰਦਰੀ ਖਾਈ ਜਾ ਰਿਹਾ ਸੀ। ਸੁਭਾਵਿਕ ਹੈ ਕਿ ਇਸ ਉਮਰੇ ਉਹ ਆਪਣੇ ਹਾਣ ਦੀ ਭਾਲ ਕਰਦੀ ਹੈ। ਉਸ ਦੀ ਇਹ ਤਲਾਸ਼ ਉਸ ਸਮੇਂ ਪੂਰੀ ਹੋ ਜਾਂਦੀ ਹੈ ਜਦੋਂ ਉਹ ਆਪਣੇ ਮਤਰੇਏ ਪੁੱਤ ਖੱਡੂ ਨਾਲ ਖੁੱਲ ਜਾਂਦੀ ਹੈ। ਇੱਥੇ ਉਸ ਦੀ ਸਥਿਤੀ ਲੂਣਾ ਵਾਲੀ ਹੋ ਜਾਂਦੀ ਹੈ। ਜਿਸ ਪ੍ਰਕਾਰ ਲੂਣਾ ਨੂੰ ਆਪਣੇ ਮਤਰੇਏ ਪੁੱਤਰ ਨਾਲ ਪਿਆਰ ਕਰਨ ਕਰਕੇ ਘਟੀਆ ਕਿਹਾ ਗਿਆ ਹੈ ਠੀਕ ਉਸੇ ਤਰ੍ਹਾਂ ਹੀ ਸਰਦਾਰੋ ਨਾਲ ਬੀਤਦੀ ਹੈ। ਖੱਡੂ ਦਾ ਭੇਤ ਖੁੱਲਣ 'ਤੇ ਸਰਦਾਰੋ ਨਾਲ ਬੁਰੀ ਬੀਤਦੀ ਹੈ। ਖੱਡੂ ਨੂੰ ਦੁੱਲਾ ਘਰੋਂ ਕੱਢ ਦਿੰਦਾ ਹੈ। ਸਰਦਾਰੋ ਦੀ ਜ਼ਿੰਦਗੀ ਵਿਚ ਜੋ ਖੁਸ਼ੀਆਂ ਆਈਆਂ ਸਨ ਉਹ ਖੰਭ ਲਾ ਕੇ ਉੱਡ ਜਾਂਦੀਆਂ ਹਨ। ਉਹ ਫਿਰ ਇੱਕਲਾਪਨ ਮਹਿਸੂਸ ਕਰਦੀ ਹੈ। ਦੁੱਲੇ ਨੂੰ ਉਹ ਅਹਿਸਾਸ ਵੀ ਕਰਵਾਉਂਦੀ ਹੈ ਕਿ ਉਹ ਬੁੱਢਾ ਹੈ;

> "ਦੁੱਲਾ ਭੜਕ ਪਿਆ। ਬੁੜਕਿਆ, "ਕੁੱਤੀ ਹਰਾਮਜਾਦੀ। ਕਿੱਧਰ
>
> ਨਿਗਾਅ ਤੇਰੀ?"
>
> ਨਿਗਾਹ ਤੇਰੇ ਕੰਨੀ ਐ, ਜਿਹੜਾ ਸਹੇੜ 'ਤਾ ਮਾਪਿਆਂ ਨੇ। ਹੋਰ
>
> ਕਿੱਧਰ ਐ ਨਿਗਾਹ
>
> ਮੇਰੀ।"
>
> ਉਹਨੇ ਵੀ ਤਿੱਖਾ ਬੋਲ ਕੱਢਿਆ।
>
> "ਨਹੀਂ ਚੰਗਾ ਲਗਦਾ, ਉਠ ਜਾ ਏਥੋਂ। ਕੋਈ ਹੋਰ ਸਹੇੜ ਦੇਣਗੇ।"
>
> "ਹੁਣ ਕਿੱਧਰ ਜਾਮਾ ਮੈਂ? ਜ਼ਿੰਦਗੀ ਤਾਂ ਤੇਰੇ ਘਰ ਗਾਲ 'ਤੀ।
>
> ਲਾ ਤੀ ਲੜ ਮੌਲੇ ਬਲਦ ਦੇ।"[10]

ਇਹ ਹਮੇਸ਼ਾ ਮਰਦ ਦੀ ਸੋਚ ਰਹੀ ਹੈ ਕਿ ਉਹ ਔਰਤ ਨੂੰ ਆਪਣੇ ਹੁਕਮ ਅੰਦਰ ਰੱਖਣਾ ਚਾਹੁੰਦਾ ਹੈ ਅਤੇ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਜਿਊਣ ਵਾਸਤੇ ਮਜ਼ਬੂਰ ਕਰਦਾ ਹੈ। ਇਸੇ ਤਰ੍ਹਾਂ ਦਾ ਬਿਰਤਾਂਤ ਅਣਖੀ ਨੇ ਆਪਣੇ ਇਸ ਨਾਵਲ ਵਿਚ ਸਿਰਜਿਆ ਹੈ। ਦੁੱਲਾ, ਸਰਦਾਰੋ ਨੂੰ ਘਰੋਂ ਨਿਕਲਣ ਵਾਸਤੇ ਆਖਦਾ ਹੈ ਪਰ ਸਰਦਾਰੋ ਹਿੱਕ ਦੇ ਜ਼ੋਰ ਨਾਲ ਦੁੱਲੇ ਦਾ ਮੁਕਾਬਲਾ ਕਰਦੀ ਹੈ। ਉਸ ਦੇ ਸਬਰ ਦਾ ਬੰਨ ਟੁੱਟ ਜਾਂਦਾ ਹੈ। ਸਾਲਾਂ ਤੋਂ ਸੀਨੇ ਵਿਚ ਰੱਖੀਆਂ ਰੀਝਾਂ ਉਮੜ ਪੈਂਦੀਆਂ ਹਨ। ਉਸ ਨੂੰ ਹੁਣ ਕਿਸੇ ਦੀ ਪਰਵਾਹ ਨਹੀਂ ਉਹ ਦੁੱਲੇ ਨੂੰ ਵੀ ਵੰਗਾਰਦੀ ਹੈ;

> "ਹੋਰ ਮਾਰ ਲੈ, ਜਿੰਨਾ ਮਾਰਨੈ। ਜਾਨੋ ਮਾਰ ਸੁੱਟ ਮੈਨੂੰ।
>
> ਗੰਡਾਸਾ ਲਿਆ, ਗਲ ਕਿਉਂ ਨਹੀਂ ਨੀ ਵੱਡ ਦਿੰਦਾ ਮੇਰਾ?
>
> ਫੇਰ ਬੋਲੀ "ਜਾਹ ਹੈਗੀਆਂ ਮੈਂ ਖੱਡੂ ਨਾਲ। ਲਾ ਲੈ ਜੋਰ"
>
> ਉਹਨੇ ਆਪਣੀ ਹਿੱਕ ਉੱਤੇ ਹੱਥ ਮਾਰਿਆ, "ਜਾਹ ਕਰ
>
> ਲੈ ਜੋ ਹੁੰਦੈ। ਦੁੱਲਿਆ, ਦੁੱਲਿਆ! ਮੈਂ ਤੇਰੀ ਰੰਨ ਨਹੀਂ,
>
> ਖੱਡੂ ਦੀ ਰੰਨ ਆਂ।"[11]

ਉਦਾਸੀ ਸਰਦਾਰੋ ਦੇ ਧੁਰ ਅੰਦਰ ਤੱਕ ਛਾਂ ਜਾਂਦੀ ਹੈ। ਉਹ ਕਦੇ ਆਪਣੀ ਕਿਸਮਤ 'ਤੇ ਕਦੀ ਆਪਣੀ ਜੁਆਨੀ ਨੂੰ ਰੋਂਦੀ ਹੈ। ਇਸ ਨਾਵਲ ਵਿਚ ਇਸਤਰੀ ਦੀ ਮਨੋਦਸ਼ਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨਾਵਲ ਵਿਚ ਸਰਦਾਰੋ ਮਾਨਸਿਕ ਦੁਖਾਂਤ ਦੀ ਸ਼ਿਕਾਰ ਹੈ। ਜੁਆਨੀ ਦੇ ਜ਼ੋਰਾਂ 'ਤੇ ਹੋਣ ਕਾਰਨ ਉਹ ਆਪਣੀਆਂ ਭਾਵਨਾਵਾਂ 'ਤੇ ਕਾਬੂ ਨਹੀਂ ਰੱਖ ਪਾਉਂਦੀ। ਦੁੱਲੇ ਨਾਲ ਉਸ ਨੂੰ ਸਰੀਰਿਕ ਸੁੱਖ ਦੀ ਅਤ੍ਰਿਪਤੀ ਹੈ ਜਿਸ ਕਾਰਨ ਉਹ ਮਾਨਸਿਕ ਸੰਤਾਪ ਹੰਢਾਉਂਦੀ ਹੈ। ਜੇਕਰ ਉਸ ਦੀ ਮਾਨਸਿਕ ਸਥਿਤੀ ਨੂੰ 'ਫ਼ਰਾਇਡ' ਦੇ ਸਿਧਾਂਤ 'ਇਦ' ਨਾਲ ਵੇਖੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਸਰਦਾਰੋ 'ਤੇ ਇਦ ਭਾਰੂ ਹੈ "ਇਦ ਦਾ ਸੰਬੰਧ ਅਚੇਤਨ ਨਾਲ ਹੈ। ਇਦ ਅਚੇਤਨ ਸ਼ਕਤੀਆਂ ਅਤੇ ਆਵੇਗਾਂ ਦਾ ਅਸੀਮ ਭੰਡਾਰ ਹੈ। ਇਦ ਪ੍ਰੇਮਤਾਮਕ ਅਤੇ ਨਾਸ਼ਾਤਮਕ ਦੋਹਾਂ ਤਰ੍ਹਾਂ ਦੀਆਂ ਪ੍ਰਵਿਰਤੀਆਂ ਦਾ ਮਾਨਸਿਕ ਸੋਮਾ ਮੰਨਿਆ ਜਾਂਦਾ ਹੈ। ਮਨ ਦੇ ਇਸ ਭਾਗ ਦਾ ਕੰਮ ਸੁੱਖ, ਭੋਗ-ਵਿਲਾਸ ਪਿਛੇ ਦੌੜਨਾ ਅਤੇ ਵੈਰ ਪੂਰਣ ਅਤੇ ਆਕ੍ਰਮਣਸ਼ੀਲ ਹੋਣਾ ਹੁੰਦਾ ਹੈ। ਇਨ੍ਹਾਂ ਪ੍ਰਵਿਰਤੀਆਂ ਦੀ ਪੂਰਤੀ ਲਈ ਇਹ ਭੂਤਰਿਆ ਤੇ ਸਤਾਇਆ ਰਹਿੰਦਾ ਹੈ।"[12] ਇਸੇ ਪ੍ਰਕਾਰ ਸਰਦਾਰੋ ਇਨ੍ਹਾਂ ਪ੍ਰਵਿਰਤੀਆਂ ਵਿਚੋਂ ਗੁਜ਼ਰਦੀ ਹੈ। ਆਪਣੀ ਇਦ ਦੀ ਪੂਰਤੀ ਲਈ ਉਹ ਖੱਡੂ ਨਾਲ ਸੰਬੰਧ ਬਣਾਉਂਦੀ ਹੈ। ਸਰਦਾਰੋ ਇਸ ਅਣਜੋੜ ਵਿਆਹ ਤੋਂ ਤਪ ਚੁੱਕੀ ਹੈ ਅਤੇ ਹਰ ਹੀਲੇ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਦੁੱਲੇ ਵਰਗਾ ਬੁੱਢਾ ਪਤੀ ਵੇਖ ਕੇ ਉਹ ਆਪਣੀ ਜਵਾਨੀ ਨੂੰ ਝੂਰਦੀ ਹੈ। ਬੇਸ਼ੱਕ ਦੁੱਲਾ ਉਸ ਨਾਲ ਮੋਹ ਕਰਦਾ ਹੈ ਅਤੇ ਖੱਡੂ ਦਾ ਭੇਤ ਖੁੱਲਣ 'ਤੇ ਉਸ ਨੂੰ ਮਾਫ ਵੀ ਕਰਨਾ ਚਾਹੁੰਦਾ ਹੈ ਪਰ ਸਰਦਾਰੋ ਨੂੰ ਉਸ ਦਾ ਸਾਥ ਨਹੀਂ ਭਾਉਂਦਾ ਕਿਉਂਕਿ ਇਹ ਅਣਜੋੜ ਵਿਆਹ ਸਰਦਾਰੋ ਨੂੰ ਮਨਜ਼ੂਰ ਨਹੀਂ ਅਤੇ ਉਹ ਹਰ ਹੀਲੇ ਇਸ ਤੋਂ ਆਜ਼ਾਦ ਹੋਣਾ ਚਾਹੁੰਦੀ ਹੈ।

ਅਣਖੀ ਮਾਲਵਾ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਬਹੁਤ ਸੁਚੱਜੇ ਢੰਗ ਨਾਲ ਬਿਆਨ ਕਰਦਾ ਹੈ। ਬੇਸ਼ੱਕ ਆਪਣੇ ਸਤੌਲੇ ਪੁੱਤਰ ਨਾਲ ਹਮ-ਬਿਸਤਰ ਹੋਣ ਦੀ ਸਾਡਾ ਸਭਿਆਚਾਰ ਇਜਾਜ਼ਤ ਨਹੀਂ ਦਿੰਦਾ ਪ੍ਰੰਤੂ ਜੇਕਰ ਕਿਸੇ ਬਾਲੜੀ ਦਾ ਵਿਆਹ ਉਸ ਦੀ ਬਾਪ ਦੇ ਉਮਰ ਦੇ ਵਿਅਕਤੀ ਨਾਲ ਕਰ ਦਿੱਤਾ ਜਾਵੇ ਤਾਂ ਉੱਥੇ ਉਹ ਔਰਤ ਦਾ ਆਪਣੀ ਹਮ-ਉਮਰ ਦੇ ਵਿਅਕਤੀ ਦਾ ਹਾਣ ਭਾਲਣਾ ਸੁਭਾਵਿਕ ਹੈ ਅਜਿਹੀ ਸਥਿਤੀ ਵਿਚ ਔਰਤ ਨੂੰ ਸਿਰਫ਼ ਆਪਣਾ ਹਾਣ ਦਿਸਦਾ ਹੈ। ਜਿਸ ਦੀਆਂ ਪ੍ਰਤੱਖ ਉਦਾਹਰਨਾ ਸਾਨੂੰ ਲੂਣਾ ਵਰਗੇ ਇਤਿਹਾਸਿਕ ਪਾਤਰਾਂ ਤੋਂ ਮਿਲਦੀਆਂ ਹਨ। ਸੋ ਅਣਖੀ ਦੇ ਪਾਤਰ ਸਾਨੂੰ ਯਥਾਰਥਕ ਪ੍ਰਤੀਤ ਹੁੰਦੇ ਹਨ। ਅਣਖੀ ਦੇ ਨਾਵਲਾਂ ਵਿਚ ਆਮ ਤੌਰ ’ਤੇ ਔਰਤ-ਮਰਦ ਸੰਬੰਧਾਂ ਦੀ ਯਥਾਰਥਕ ਪੇਸ਼ਕਾਰੀ ਹੋਈ ਮਿਲਦੀ ਹੈ। ਇਹ ਸੰਬੰਧ ਆਮ ਤੌਰ ’ਤੇ ਕਾਮੁਕ ਹੁੰਦੇ ਹਨ ਜਿਨ੍ਹਾਂ ਦੀ ਅਤ੍ਰਿਪਤੀ ਹੀ ਸਾਰੇ ਦੁੱਖਾਂ ਦਾ ਕਾਰਨ ਬਣਦੀ ਹੈ। ਇਹ ਅਤ੍ਰਿਪਤੀ ਦਾ ਕਾਰਨ ਅਣਜੋੜ ਵਿਆਹ ਹੀ ਹੈ। ਅਣਖੀ ਆਪਣੇ ਨਾਵਲਾਂ ਵਿਚ ਕੇਵਲ ਅਣਜੋੜ ਵਿਆਹ ਦੀ ਸਮੱਸਿਆ ਲੈ ਕੇ ਇਕਹਰਾ ਬਿਰਤਾਂਤ ਨਹੀਂ ਸਿਰਜਦਾ ਸਗੋਂ ਇਸ ਅਣਜੋੜ ਵਿਆਹ ਤੋਂ ਬਾਅਦ ਹੋਣ ਵਾਲੀਆਂ ਸਮੱਸਿਆਵਾਂ ਨੂੰ ਵੀ ਆਪਣੀਆਂ ਰਚਨਾਵਾਂ ਦਾ ਆਧਾਰ ਬਣਾ ਕੇ ਜਲਿਟ ਅਤੇ ਗੁੰਝਲਦਾਰ ਬਿਰਤਾਂਤ ਦੀ ਸਿਰਜਣਾ ਕਰਦਾ ਹੈ “ਇਸ ਬਿਰਤਾਂਤਕ ਸੰਗਠਨ ਵਿਚ ਇਕ ਪਾਸੇ ਅੱਧਖੜ ਉਮਰ ਦੇ ਬੰਦੇ ਦਾ ਰੰਡਾ ਹੋਣ ਦੀ ਸਥਿਤੀ ਹੈ, ਦੂਜੇ ਪਾਸੇ ਅਣਜੋੜ ਵਿਆਹ ਦੀ ਅਤੇ ਤੀਜੇ ਪਾਸੇ ਵਿਆਹ ਬਾਹਰੇ ਜਿਨਸੀ ਸੰਬੰਧਾਂ ਦੀ।”[13] ਇਨ੍ਹਾਂ ਜਿਨਸੀ ਸੰਬੰਧਾਂ ਦੀ ਪੂਰਤੀ ਲਈ ਸਰਦਾਰੋ ਦੁਬਾਰਾ ਮੈਂਗਲ ਜੱਟ ਨਾਲ ਸੰਬੰਧ ਬਣਾਉਂਦੀ ਹੈ। ਬੇਸ਼ੱਕ ਦੁੱਲੇ ਦਾ ਕਾਰੋਬਾਰ ਵਧੀਆ ਹੈ ਅਤੇ ਉਹ ਸਰਦਾਰੋ ਨੂੰ ਕਿਸੇ ਪ੍ਰਕਾਰ ਦੀ ਵੀ ਤੰਗੀ ਨਹੀਂ ਆਉਣ ਦਿੰਦਾ ਫਿਰ ਵੀ ਸਰਦਾਰੋ ਮੈਂਗਲ ਨੂੰ ਮਿਲਣ ਦੇ ਬਹਾਨੇ ਲਈ ਬਾਜ਼ੀਗਰਨੀਆਂ ਵਾਲੀ ਕੋਥਲੀ ਲੈ ਲੈਂਦੀ ਹੈ। ਉਹ ਚੋਰੀ ਛਿਪੇ ਮੈਂਗਲ ਨੂੰ ਮਿਲਦੀ ਹੈ। ਦੁੱਲੇ ਨਾਲ ਅਣਜੋੜ ਵਿਆਹ ਦੀ ਸਤਾਈ ਸਰਦਾਰੋ ਹੁਣ ਦੁੱਲੇ ਨੂੰ ਹੋਰ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ ਉਹ ਮੈਂਗਲ ਨੂੰ ਉੱਧਲ ਜਾਣ ਵਾਸਤੇ ਆਖਦੀ ਹੈ;

> “ਮੈਨੂੰ ਲੈ ਚੱਲ ਕਿਧਰੇ। ਕਿਤੇ ਵੀ ਲੈ ਜਾ ਮੈਨੂੰ ਏਸ ਬੁੜ੍ਹੇ ਦੀ ਕੈਦ
> ਤੋਂ ਛੁਡ ਦੇ। ਆਪਾਂ ਕੋਈ ਕੰਮ ਕਰ ਲਾਂਗੇ। ਰੋਟੀ ਖਾਈ ਜਾਮਾਂਗੇ
> ਮੈਂ ਤੇਰੀ ਬਾਂਦੀ ਬਣ ਕੇ ਰਹੂੰਗੀ।”[14]

ਸਰਦਾਰੋ ਆਪਣੀ ਮਨ ਦੀ ਕਰਦੀ ਹੈ ਅਤੇ ਮੈਂਗਲ ਨਾਲ ਉਧਲ ਜਾਂਦੀ ਹੈ। ਉਪਰੋਕਤ ਕਥਾ ਇਹ ਬਿਆਨ ਕਰਦੀ ਹੈ ਕਿ ਪੈਸੇ ਦੇ ਜ਼ੋਰ ਉੱਪਰ ਸਰਦਾਰੋ ਵਰਗੀਆਂ ਔਰਤਾਂ ਦੇ ਮੁੱਲ ਤਾਰੇ ਜਾਂਦੇ ਹਨ ਜੋ ਕਿ ਇਕ ਔਰਤ ਨੂੰ ਵਸਤੂ ਸਮਝੇ ਜਾਣ ਦਾ ਦੁਖਾਂਤ ਬਿਆਨ ਕਰਦੀ ਹੈ। ਅਜਿਹੇ ਵਿਚ ਇਹ ਅਣਜੋੜ ਵਿਆਹ ਸਰਦਾਰੋ ਵਰਗੀਆਂ ਔਰਤਾਂ ਨੂੰ ਵਿਆਹ ਬਾਹਰੇ ਸੰਬੰਧ ਬਣਾਉਣ ਵਾਸਤੇ ਮਜ਼ਬੂਰ ਕਰ ਦਿੰਦੇ ਹਨ ਅਤੇ ਇਹ ਔਰਤਾਂ ਹੋਰਨਾਂ ਮਰਦਾਂ ਨਾਲ ਜਿਨਸੀ ਸੰਬੰਧ ਬਣਾ ਕੇ ਮਾਨਸਿਕ ਤਸੱਲੀ ਅਨੁਭਵ ਕਰਦੀਆਂ ਹਨ। ਮੈਂਗਲ ਨਾਲ ਉਧਲ ਜਾਣ ਪਿਛੋਂ ਬੇਸ਼ੱਕ ਸਰਦਾਰੋ ਖੁਸ਼ ਹੈ ਪ੍ਰੰਤੂ ਉਸ ਨੂੰ ਸਮਾਜ ਵਿਚ ਉਹ ਦਰਜਾ ਨਹੀਂ ਮਿਲਦਾ ਜੋ ਕਿ ਇਕ ਪੁੰਨ ਦੇ ਵਿਆਹ ਵਾਲੀ ਔਰਤ ਨੂੰ ਮਿਲਦਾ ਹੈ। ਸਰਦਾਰੋ ਮਰ-

ਮਰ ਕੇ ਆਪਣੀਆਂ ਇਛਾਵਾਂ ਨੂੰ ਮਾਰ ਕੇ ਜਿਊਣ ਵਾਲੀ ਔਰਤ ਨਹੀਂ ਉਹ ਸਭ ਸੰਸਾਰਿਕ ਬੰਧਨਾਂ ਨੂੰ ਤੋੜ ਕੇ ਆਪਣੀ ਮਰਜ਼ੀ ਦਾ ਜੀਵਨ ਬਤੀਤ ਕਰਦੀ ਹੈ। ਉਹ ਮੈਂਗਲ ਨੂੰ ਹੀ ਯੋਗ ਵਰ ਮੰਨਦੀ ਹੈ ਅਤੇ ਉਸ ਨਾਲ ਵਿਆਹੇ ਜਾਣ ਤੋਂ ਬਾਅਦ ਆਪਣੇ ਆਪ ਨੂੰ ਬਾਜ਼ੀਗਰਨੀ ਤੋਂ ਜੱਟੀ ਮਹਿਸੂਸ ਕਰਦੀ ਹੈ।

'ਸਰਦਾਰੋ' ਸਾਡੇ ਅਜੋਕੇ ਸਮਾਜਿਕ ਪ੍ਰਬੰਧ 'ਤੇ ਕਰਾਰੀ ਚੋਟ ਹੈ। ਸਾਡੇ ਸਮਾਜ ਦੇ ਦੋ ਮੁੱਖ ਆਧਾਰ ਹਨ ਔਰਤ ਅਤੇ ਮਰਦ ਜਿਨ੍ਹਾਂ ਨਾਲ ਸਾਡਾ ਸਮਾਜ ਅੱਗੇ ਤੁਰਦਾ ਹੈ ਪ੍ਰੰਤੂ ਮਰਦ ਨੇ ਔਰਤ ਨੂੰ ਆਪਣੇ ਅਧੀਨ ਕਰ ਕੇ ਰੱਖਿਆ ਹੈ। ਸਰਦਾਰੋ ਵਰਗੀਆਂ ਔਰਤਾਂ ਇਸ ਸਮਾਜਿਕ ਪ੍ਰਬੰਧ ਦੇ ਘਟੀਆ ਨਿਯਮਾ ਵਿਚ ਪਿਸਦੀਆਂ ਹਨ। ਅਣਖੀ ਦਾ ਇਹ ਨਾਵਲ ਮੂਲ ਰੂਪ ਵਿਚ ਅਣਜੋੜ ਵਿਆਹ ਦਾ ਸੰਤਾਪ ਹੰਢਾਉਂਦੀ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਨ ਵਾਲਾ ਮੂਲ ਨਾਵਲ ਹੈ। ਦੁੱਲਾ ਆਪਣੀ ਕਾਮੁਕ ਤ੍ਰਿਪਤੀ ਲਈ ਅਤੇ ਆਪਣਾ ਇਕੱਲਾਪਨ ਦੂਰ ਕਰਨ ਲਈ ਸਰਦਾਰੋ ਨੂੰ ਵਿਆਹ ਤਾਂ ਲੈਂਦਾ ਹੈ ਪ੍ਰੰਤੂ ਉਸ ਨੂੰ ਮਾਨਸਿਕ ਸੁੱਖ ਨਾ ਦੇ ਸਕਿਆ।

**'ਹਮੀਰਗੜ' ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ:-** 'ਹਮੀਰਗੜ' ਨਾਵਲ 'ਦੁੱਲੇ ਦੀ ਢਾਬ' ਦਾ ਦੂਜਾ ਭਾਗ ਹੈ। ਇਹ ਨਾਵਲ ਮੂਲ ਰੂਪ ਵਿਚ ਸਰਦਾਰੋ ਨਾਵਲ ਨੂੰ ਅਗਲੇ ਭਾਗਾਂ ਨਾਲ ਜੋੜਨ ਦੀ ਕੜੀ ਦਾ ਕੰਮ ਕਰਦਾ ਹੈ। ਅਣਖੀ ਨੇ ਇਸ ਨਾਵਲ ਵਿਚ ਮਾਲਵੇ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ। ਇਹ ਨਾਵਲ ਖਾਸ ਤੋਰ 'ਤੇ ਆਰਥਿਕ ਤੰਗੀਆਂ ਭੋਗਦੇ ਪਰਿਵਾਰਾਂ ਦੀ ਦਾਸਤਾਨ ਹੈ। ਘੱਟ ਜ਼ਮੀਨ ਕਾਰਨ ਬਣਦੇ ਨਜ਼ਾਇਜ਼ ਸੰਬੰਧਾਂ ਨੂੰ ਇਸ ਨਾਵਲ ਵਿਚ ਯਥਾਰਥਕ ਪਹੁੰਚ ਦੁਆਰਾ ਚਿਤਰਿਆ ਗਿਆ ਹੈ। ਪੇਂਡੂ ਸਭਿਆਚਾਰ ਵਿਚ ਜ਼ਮੀਨ ਦੀ ਖਾਤਿਰ ਇਕ ਹੀ ਔਰਤ ਨੂੰ ਕਈ ਮਰਦਾਂ ਨਾਲ ਸੰਬੰਧ ਸਥਾਪਿਤ ਕਰਨੇ ਪੈਂਦੇ ਹਨ। ਜਲਕੁਰ ਇਸ ਨਾਵਲ ਵਿਚ ਅਜਿਹੀ ਪਾਤਰ ਵਜੋਂ ਵਿਚਰਦੀ ਹੈ ਜੋ ਅਣਜੋੜ ਵਿਆਹ ਦੀ ਸਮੱਸਿਆ ਦੀ ਸ਼ਿਕਾਰ ਹੈ। ਉਸ ਦਾ ਪਤੀ ਗੁਰਮੇਲ ਅੱਖੜ ਸੁਭਾਅ ਦਾ ਆਦਮੀ ਹੈ। ਸਾਰਾ ਦਿਨ ਖੇਤੀ-ਬਾੜੀ ਦੇ ਕੰਮ ਵਿਚ ਰੁਝਿਆ ਰਹਿਣ ਵਾਲਾ ਜਿਸ ਕੋਲ ਆਪਣੀ ਪਤਨੀ ਲਈ ਸਮਾਂ ਨਹੀਂ। ਉਹ ਹਰ ਸਮੇਂ ਖਾਊ-ਵੱਡੂ ਕਰਦਾ ਰਹਿੰਦਾ ਹੈ। ਉਸ ਦੀ ਦਹਿਸ਼ਤ ਕਾਰਨ ਹੀ ਉਸ ਦੇ ਭਤੀਜਿਆਂ ਨੂੰ ਘਰ ਛੱਡ ਕੇ ਜਾਣਾ ਪੈਂਦਾ ਹੈ। ਜਲਕੁਰ ਬਹੁਤ ਨਿਰਮਲ ਔਰਤ ਹੈ ਜੋ ਆਪਣੀ ਦਰਾਣੀ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਾਂ ਨੂੰ ਆਪਣੇ ਪੁੱਤਾਂ ਵਾਂਗ ਪਾਲਦੀ ਹੈ। ਬੇਸ਼ੱਕ ਉਸ ਦੇ ਪਿੱਛੇ ਉਸ ਦਾ ਆਪਣਾ ਮੰਤਵ ਛੁਪਿਆ ਹੋਇਆ ਹੈ ਕਿ ਜ਼ਮੀਨ ਉਨ੍ਹਾਂ ਕੋਲ ਰਹੇ ਪ੍ਰੰਤੂ ਫਿਰ ਵੀ ਉਹ ਰਾਮ ਅਤੇ ਸ਼ਾਮ ਨਾਲ ਫ਼ਰਕ ਨਹੀਂ ਕਰਦੀ। ਉਸ ਦਾ ਪਤੀ ਗੁਰਮੇਲ ਕਦੀਂ ਵੀ ਉਸ ਨਾਲ ਹੱਸ ਕੇ ਗੱਲ ਨਹੀਂ ਕਰਦਾ। ਉਨ੍ਹਾਂ ਦੇ ਘਰ ਕੋਈ ਵੀ ਔਲਾਦ ਨਹੀਂ ਜਿਸ ਦਾ ਕਾਰਨ ਵੀ ਆਪਣੇ ਪਤੀ ਦੇ ਅੱਖੜ ਸੁਭਾਅ ਨੂੰ ਹੀ ਮੰਨਦੀ ਹੈ। ਜਿਸ ਦਾ ਵੇਰਵਾ ਨਾਵਲ ਵਿਚੋਂ ਇਉਂ ਮਿਲਦਾ ਹੈ;

> "ਗੁਰਮੇਲ ਦੇ ਚੰਦਰੇ ਸੁਭਾਅ ਨੂੰ ਲਾਹਨਤਾਂ ਪਾਉਂਦੀ।
>
> ਉਹਨੇ ਕਿਸੇ ਨਾਲ ਵੀ ਨਹੀਂ ਬਣਾਈ ਸੀ। ਨਾ ਕਿਸੇ
>
> ਰਿਸ਼ਤੇਦਾਰ ਨੂੰ ਭਾਉਂਦਾ ਸੀ ਉਹ। ਨਾ ਪਿੰਡ ਵਿਚ

ਉਹਦੀ ਚੰਗੀ ਪੈਂਠ ਸੀ। ਪਤਾ ਨਹੀਂ ਕਾਹਦੀ ਹੈਂਕੜ

ਸੀ ਉਹਨੂੰ। ਉਹਦੇ ਭੈੜੇ ਸੁਭਾਅ ਕਰਕੇ ਹੀ ਦੋਵੇਂ

ਭਤੀਜੇ ਘਰੋਂ ਨਿਕਲ ਗਏ ਸਨ। ਸ਼ਾਇਦ ਇਹ ਉਹਦਾ

ਹੀ ਪਾਪੀ ਸੁਭਾਅ ਹੋਵੇ ਕਿ ਉਹਨਾਂ ਦੇ ਆਪਣੇ ਘਰ

ਕੋਈ ਵੇਲ ਤੂੰਬੜੀ ਨਹੀਂ ਲੱਗੀ।"[15]

ਔਰਤ ਲਈ ਵਿਆਹ ਤੋਂ ਬਾਅਦ ਪਤੀ ਹੀ ਸਭ ਕੁੱਝ ਹੁੰਦਾ ਹੈ। ਉਹ ਆਪਣੇ ਪਤੀ ਦੇ ਚੰਗੇ ਅਤੇ ਮਾੜੇ ਸਮੇਂ ਵਿਚ ਸਾਥ ਨਿਭਾਉਂਦੀ ਹੈ। ਔਰਤ ਆਪਣੇ ਪਤੀ ਦੀ ਸੇਵਾ ਕਰਨਾ ਆਪਣਾ ਧਰਮ ਅਤੇ ਕਰਮ ਦੋਵੇਂ ਹੀ ਸਮਝਦੀ ਹੈ। ਮਰਦ ਦੀਆਂ ਨਜ਼ਰਾਂ ਵਿਚ ਔਰਤ ਇਕ ਅਜਿਹੀ ਵਸਤੂ ਹੈ ਜਿਸ ਉੱਤੇ ਸਿਰਫ਼ ਮਰਦ ਦਾ ਅਧਿਕਾਰ ਹੈ। ਵਿਆਹ ਤੋਂ ਬਾਅਦ ਤਾਂ ਔਰਤ ਉੱਤੇ ਉਸ ਦਾ ਕਬਜ਼ਾ ਪੱਕਾ ਹੋ ਜਾਂਦਾ ਹੈ "ਬਹੁਤ ਵਾਰ ਔਰਤ ਆਪਣੀ ਆਜ਼ਾਦੀ ਤਾਂ ਭਾਲਦੀ ਹੈ, ਉਸ ਦੀ ਆਜ਼ਾਦੀ ਨਾਲ ਮਿਲੀ ਜ਼ਿੰਮੇਵਾਰੀ ਵੱਲ ਧਿਆਨ, ਨਹੀਂ ਦਿੰਦੀ। ਜਦੋਂ ਤੱਕ ਹੱਕਾਂ ਦੇ ਨਾਲ ਫ਼ਰਜ਼ਾਂ ਨੂੰ ਨਹੀਂ ਪਹਿਚਾਣਿਆ ਜਾਂਦਾ, ਜਦੋਂ ਤੱਕ ਇਹ ਨਹੀਂ ਦੇਖਿਆ ਜਾਂਦਾ ਕਿ ਔਰਤ ਮਰਦ ਦੇ ਬਰਾਬਰ ਤਾਂ ਹੈ ਪਰ ਵੱਖਰੀ ਵੀ, ਜਦੋਂ ਤੱਕ ਆਧੁਨਿਕਤਾ ਨੂੰ ਪਰੰਪਰਾ ਦੇ ਪ੍ਰਸੰਗ ਵਿਚ ਨਹੀਂ ਜਾਂਚਿਆ ਜਾਂਦਾ ਉਦੋਂ ਤੱਕ ਨਹੀਂ ਸੰਵਰਨਾ।"[16] ਭਾਵ ਅੱਜ ਔਰਤ ਕਿੰਨੀ ਵੀ ਸੁਤੰਤਰ ਹੋ ਗਈ ਹੈ ਫਿਰ ਵੀ ਉਹ ਸੁਤੰਤਰਤਾ ਮਰਦ ਦੇ ਅਧੀਨ ਰਹਿ ਕੇ ਹੀ ਮਾਣਦੀ ਹੈ। ਮਰਦ ਦੀ ਹਮੇਸ਼ਾ ਇਹ ਸੋਚ ਰਹੀ ਹੈ ਕਿ ਵਿਆਹ ਤੋਂ ਬਾਅਦ ਔਰਤ ਦੇ ਸਾਰੇ ਰਿਸ਼ਤੇ ਖਤਮ ਹੋ ਜਾਣ ਉਸ ਦਾ ਸਿਰਫ਼ ਆਪਣੇ ਪਤੀ ਨਾਲ ਹੀ ਰਿਸ਼ਤਾ ਰਹੇ। ਇਸੇ ਤਰ੍ਹਾਂ ਦੇ ਮਰਦ ਦੀ ਤਰਜ਼ਮਾਨੀ ਗੁਰਮੇਲ ਕਰਦਾ ਹੈ। ਉਹ ਜਲਕੁਰ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲੈਂਦਾ ਹੈ ਅਤੇ ਉਸ ਨੂੰ ਕਿਸੇ ਵੀ ਰਿਸ਼ਤੇਦਾਰ ਨਾਲ ਨਹੀਂ ਮਿਲਣ ਦਿੰਦਾ;

"ਚਾਚੇ ਦੇ ਅੜੀਅਲ ਸੁਭਾਅ ਕਰਕੇ ਚਾਚੀ ਵਿਚਾਰੀ ਬੁੱਬ ਬਣੀ

ਬੈਠੀ ਹੈ। ਕਿਸੇ ਨਾਲ ਵਰਤ-ਵਰਤਾਓ ਨਹੀਂ..................

ਚਾਚੀ ਦੇ ਪੇਕੇ ਕਾਲਕੇ ਹਨ........... ਉਹ ਦਿਨ ਤੇ ਅੱਜ ਦਾ ਦਿਨ

ਚਾਚਾ ਨਾ ਤਾਂ ਕਦੇ ਆਪ ਕਾਲਕੇ ਗਿਆ ਤੇ ਨਾ ਚਾਚੀ ਨੂੰ ਜਾਣ ਦਿੱਤਾ

ਚਾਚੀ ਦੀ ਵੱਡੀ ਭੈਣ ਵੀ ਨਹੀਂ ਵਰਤਦੀ।........ ਚਾਚੀ ਦੀ ਇਕ

ਭੈਣ ਅਕਲੀਏ ਵਿਆਹੀ ਹੋਈ ਹੈ। ਉਹਦੇ ਘਰ ਵਾਲੇ ਦੀ ਅਤੇ

ਚਾਚੇ ਗੁਰਮੇਲ ਦੀ ਪਹਿਲੇ ਦਿਨੋਂ ਹੀ ਨਹੀਂ ਬਣਦੀ।............

ਇਹੋ ਜਿਹਾ ਤਾਂ ਚਾਚਾ ਹੈ, ਸਰਦਾਰ ਗੁਰਮੇਲ ਸਿੰਘ!"[17]

ਗੁਰਮੇਲ ਇਕ ਅਜਿਹਾ ਵਿਅਕਤੀ ਹੈ ਕਿ ਉਹ ਘਰ ਆਏ ਕਿਸੇ ਰਿਸ਼ਤੇਦਾਰ ਨੂੰ ਨਹੀਂ ਬਲਾਉਂਦਾ। ਮਰਦ ਹਮੇਸ਼ਾ ਇਸ ਸੋਚ ਦਾ ਧਾਰਨੀ ਰਿਹਾ ਹੈ ਕਿ ਉਸ ਦੀ ਪਤਨੀ ਉਸ ਦੀ ਭੈਣ ਜਾਂ ਧੀ ਕਿਸੇ ਹੋਰ ਮਰਦ ਨੂੰ ਬੁਲਾਵੇ ਨਾ। ਜੇਕਰ ਕਰਮਾਮਾਰੀ ਗਲਤੀ ਨਾਲ ਕਿਸੇ ਹੋਰ ਮਰਦ ਨੂੰ ਬੁਲਾ ਲਵੇ ਤਾਂ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਵੇਖੀ ਜਾਂਦੀ ਰਹੀ ਹੈ। ਸਾਡੇ ਸਮਾਜ ਨੇ ਔਰਤ ਨੂੰ ਜ਼ਬਾਨੀ ਤੌਰ 'ਤੇ ਤਾਂ ਬੇਸ਼ੱਕ ਦੇਵੀ ਦਾ ਦਰਜ਼ਾ ਦਿੱਤਾ ਹੈ ਪ੍ਰੰਤੂ ਅਸਲੀ ਤੌਰ 'ਤੇ ਪੈਰਾਂ ਹੇਠ ਮਧੋਲ ਕੇ ਦਰੜ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਹਮੇਸ਼ਾ ਅਸੱਪਸ਼ਟਤਾ ਰਹੀ ਹੈ। ਬਹੁਤ ਸਾਰੀਆਂ ਪੁਸਤਕਾਂ ਵਿਚ ਔਰਤ ਨੂੰ ਪੂਜਕ ਸਥਿਤੀ ਵਿਚ ਪ੍ਰਗਟ ਕੀਤਾ ਗਿਆ ਹੈ। ਔਰਤ ਨੂੰ ਦੇਵੀ ਦੇ ਰੂਪ ਵਿਚ ਜਿਵੇਂ ਦੁਰਗਾ, ਕਾਲੀ, ਚੰਡੀ ਆਦਿ ਦਾ ਨਾਂ ਲੈ ਕੇ ਪੁਕਾਰਿਆ ਜਾਂਦਾ ਹੈ। ਉੱਥੇ ਇਹ ਵੀ ਕਿਹਾ ਜਾਂਦਾ ਹੈ ਇਸ ਦਾ ਚਰਿੱਤਰ ਅਸਥਿਰ ਹੈ ਅਤੇ ਇਸ ਨੂੰ ਨੱਥ ਪਾ ਕੇ ਰੱਖਣੀ ਚਾਹੀਦੀ ਹੈ "ਭਾਰਤੀ ਸਮਾਜ ਵਿਚ ਅਤੇ ਖਾਸ ਹਿੰਦੂ ਧਰਮ ਵਿਚ ਔਰਤ ਦੀ ਅਧੀਨਗੀ ਦੀ ਵਿਚਾਰਧਾਰਾ ਨੇ ਔਰਤ ਜਾਤੀ ਦੀ ਚੇਤਨਾ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਇਹ ਸਦਾਚਾਰ ਅਤੇ ਲੋਕਾਚਾਰ ਦੇ ਉਲਟ ਸੀ ਔਰਤ ਨੂੰ ਜਿਨਸੀ ਸੰਬੰਧਾਂ ਤੋਂ ਖਾਸ ਤੌਰ-ਤਰੀਕਿਆਂ ਨਾਲ ਮਰਦ ਨਾਲੋਂ ਘੱਟ ਆਜ਼ਾਦੀ ਦਿੱਤੀ ਜਾਂਦੀ ਹੈ।"[18] ਇਸ ਪ੍ਰਕਾਰ ਦੀ ਸਥਿਤੀ ਜਲਕੁਰ ਦੀ ਹੈ। ਉਸ ਦਾ ਪਤੀ ਉਸ ਨੂੰ ਨਿੱਜੀ ਜਾਇਦਾਦ ਦੀ ਤਰ੍ਹਾਂ ਹੀ ਸਮਝਦਾ ਹੈ ਅਤੇ ਚਾਹੁੰਦਾ ਹੈ ਕਿ ਜਲਕੁਰ ਉਸ ਦੀ ਮਰਜ਼ੀ ਨਾਲ ਹੀ ਸਾਹ ਲਵੇ ਅਤੇ ਉਸ ਦੀ ਕਹੀ ਗੱਲ ਨੂੰ ਸਿਰ ਮੱਥੇ ਪਰਵਾਨ ਕਰੇ।

ਇਸ ਪ੍ਰਕਾਰ ਜਲਕੁਰ ਇਸ ਅਣਜੋੜ ਵਿਆਹ ਦਾ ਦੁਖਾਂਤ ਸਾਰੀ ਉਮਰ ਭੋਗਦੀ ਹੈ। ਉਹ ਆਪਣੇ ਪਤੀ ਦੇ ਨਾਲ ਅੰਤਾਂ ਦਾ ਮੋਹ ਕਰਦੀ ਹੈ। ਉਹ ਉਸ ਦੇ ਨਾਲ ਰਹਿ ਕੇ ਤਾਂ ਦੁੱਖ ਭੋਗਦੀ ਹੀ ਹੈ ਪਤੀ ਦੇ ਜੇਲ ਜਾਣ ਤੋਂ ਬਾਅਦ ਵੀ ਤੜਫਦੀ ਹੈ। ਇਸਤਰੀ ਸਦੀਆਂ ਤੋਂ ਬਲੀਦਾਨ ਦਿੰਦੀ ਆਈ ਹੈ, ਉਹ ਹਮੇਸ਼ਾ ਹੀ ਮਰਦ ਹੱਥੋਂ ਤ੍ਰਿਸਕਾਰੀ ਜਾਂਦੀ ਹੈ। ਜੰਮਦੀ ਧੀ ਨੂੰ ਮਾਂ-ਬਾਪ ਰੋਂਦੇ ਹਨ ਅਤੇ ਵਿਆਹ ਤੋਂ ਬਾਅਦ ਉਸ ਦਾ ਪਤੀ ਉਸ ਦਾ ਸੋਸ਼ਣ ਕਰਦਾ ਹੈ, ਬੁਢਾਪੇ ਵਿਚ ਉਹ ਪੁੱਤਰਾਂ ਵਲੋਂ ਤ੍ਰਿਸਕਾਰੀ ਜਾਂਦੀ ਹੈ। ਇਸਤਰੀ ਆਪਣੇ ਘਰ ਪਰਿਵਾਰ 'ਤੇ ਰਿਸ਼ਤਿਆਂ ਨੂੰ ਬਣਾਈ ਰੱਖਣ ਵਾਸਤੇ ਬਹੁਤ ਕੁੱਝ ਸਹਾਰ ਜਾਂਦੀ ਹੈ। ਲੱਖਾਂ ਹੀ ਖੁਹਾਇਸ਼ਾ ਆਪਣੇ ਦਿਲ 'ਚ ਛੁਪਾ ਕੇ ਜਿਊਣਾ ਔਰਤ ਦੇ ਹਿੱਸੇ ਆਇਆ ਹੈ ਕਿਉਂਕਿ ਇੱਕ ਔਰਤ ਆਪਣੇ ਪਰਿਵਾਰ ਅਤੇ ਰਿਸ਼ਤਿਆਂ ਦੇ ਮਹੱਤਵ ਨੂੰ ਜਾਣਦੀ ਹੈ। ਆਪਣਾ ਫ਼ਰਜ਼ ਨਿਭਾਉਣ ਖਾਤਿਰ ਔਰਤ ਆਪਣੀ ਹੋਂਦ ਮਿਟਾਉਣ ਲਈ ਵੀ ਤਿਆਰ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਔਰਤ ਜਲਕੁਰ ਹੈ ਪਤੀ ਦੇ ਜੇਲ ਜਾਣ ਤੋਂ ਬਾਅਦ ਉਹ ਆਪਣਾ ਘਰ-ਬਾਰ ਵੇਚ ਕੇ ਵੀ ਉਸ ਨੂੰ ਛਡਾਉਣ ਵਾਸਤੇ ਤਿਆਰ ਹੈ। ਉਹ ਉਸਦੀ ਯਾਦ ਵਿਚ ਤੜਫਦੀ ਹੈ। ਬੇਸ਼ੱਕ ਗੁਰਮੇਲ ਘਰ ਦੀ ਪੂਰੀ ਜ਼ਿੰਮੇਵਾਰੀ ਜਲਕੁਰ ਨੂੰ ਦਿੰਦਾ ਹੈ। ਪੈਸੇ ਟਕੇ ਦਾ ਹਿਸਾਬ ਵੀ ਉਹ ਹੀ ਰੱਖਦੀ ਹੈ। ਫਿਰ ਵੀ ਔਰਤ ਦੀਆਂ ਕੁਝ ਉਮੀਦਾ ਕੁਝ ਇਛਾਵਾਂ ਹੁੰਦੀਆਂ ਹਨ ਉਹ ਹਮੇਸ਼ਾ ਆਪਣੇ ਪਤੀ ਦਾ ਸਾਥ ਅਤੇ ਪਿਆਰ ਮਾਨਣਾ ਚਾਹੁੰਦੀ ਹੈ। ਇਹੋ ਹੀ ਸਾਥ ਅਤੇ ਪਿਆਰ ਮਾਨਣ ਦੀ ਲਾਲਸਾ ਜਲਕੁਰ ਦੀ ਹੁੰਦੀ ਹੈ ਜੋ ਕਿ ਗੁਰਮੇਲ ਕਦੀ ਨਾ

ਦੇ ਸਕਿਆ। ਜਲਕੁਰ ਇਕ ਅਜਿਹੀ ਔਰਤ ਦੀਆਂ ਸੰਵੇਦਨਾਵਾਂ ਨੂੰ ਪ੍ਰਸਤੁਤ ਕਰਨ ਵਾਲੀ ਔਰਤ ਹੈ ਜੋ ਕਿ ਛੋਟੀ ਕਿਸਾਨੀ ਵਿਚ ਰੁਲ ਰਹੀ ਹੈ।

**ਗੇਲੋ ਨਾਵਲ ਵਿਚ ਅਣਜੋੜ ਵਿਆਹ ਦੀ ਸਮੱਸਿਆ:–** ਰਾਮ ਸਰੂਪ ਅਣਖੀ ਦਾ ਨਾਵਲ 'ਗੇਲੋ' ਇਕ ਅਜਿਹਾ ਨਾਵਲ ਹੈ ਜੋ ਪੇਂਡੂ ਸਮਾਜ ਵਿਚਲੀ ਔਰਤ ਨੂੰ ਦਰਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ। ਨਾਵਲਕਾਰ ਨੇ ਪੇਂਡੂ ਔਰਤ ਦੀ ਮਾਨਸਿਕਤਾ ਨੂੰ ਸਮਝਿਆ ਅਤੇ ਉਸ ਨੂੰ ਹੂ-ਬ-ਹੂ ਬਿਆਨ ਕਰਨ ਦਾ ਸਫ਼ਲ ਯਤਨ ਕੀਤਾ। ਅਗਰ ਇਸ ਨਾਵਲ ਨੂੰ ਗਹੁ ਨਾਲ ਵਾਚੀਏ ਤਾਂ ਪਤਾ ਚਲਦਾ ਹੈ ਕਿ ਇਸ ਨਾਵਲ ਵਿਚ ਅਸਲ ਮੁੱਦਾ ਜੱਟਪੁਣੇ ਦੇ ਅਹੁੰ ਦਾ ਹੈ। ਗੇਲੋ ਇਕ ਜੱਟ ਪਰਿਵਾਰ ਨਾਲ ਸੰਬੰਧ ਰੱਖਦੀ ਹੈ ਅਤੇ ਰਾਮੇ ਚਮਿਆਰ ਨਾਲ ਪਿਆਰ ਕਰ ਬੈਠਦੀ ਹੈ। ਉਸ ਦਾ ਭਰਾ ਬਚਿਤਰ ਇਹ ਸਹਾਰ ਨਾ ਸਕਿਆ ਕਿ ਉਸ ਦੀ ਭੈਣ ਕਿਸੇ ਨੀਵੀਂ ਜਾਤ ਦੇ ਮੁੰਡੇ ਨਾਲ ਪਿਆਰ ਕਰਦੀ ਹੈ। ਉਸ ਦੇ ਜੱਟਪੁਣੇ ਨੂੰ ਸੱਟ ਵੱਜਦੀ ਹੈ। ਗੇਲੋ ਦੇ ਜਨਮ ਵੇਲੇ ਉਸ ਦੀ ਮਾਂ ਦੀ ਮੌਤ ਹੋ ਜਾਂਦੀ ਅਤੇ ਉਸ ਦੀ ਮਾਮੀ ਉਸ ਨੂੰ ਆਪਣੇ ਨਾਲ ਲੈ ਜਾਂਦੀ ਹੈ। ਕੁੱਝ ਸਮੇਂ ਬਾਅਦ ਉਸ ਦਾ ਭਰਾ ਉਸ ਨੂੰ ਪਿੰਡ ਲੈ ਆਉਂਦਾ ਹੈ। ਗੇਲੋ ਨੂੰ ਪੁੱਤਾਂ ਵਾਂਗ ਪਾਲਿਆ ਜਾਂਦਾ ਹੈ। ਉਸ ਨੂੰ ਪੜ੍ਹਨ ਵਾਸਤੇ ਵੀ ਡੇਰੇ ਭੇਜਿਆ ਜਾਂਦਾ ਹੈ, ਪ੍ਰੰਤੂ ਗੇਲੋ ਪ੍ਰਤੀ ਉਸ ਦੇ ਭਰਾ ਦਾ ਪਿਆਰ ਉਸ ਸਮੇਂ ਨਫ਼ਰਤ ਵਿਚ ਬਦਲ ਜਾਂਦਾ ਹੈ ਜਦੋਂ ਉਸ ਦੇ ਪ੍ਰੇਮ ਸੰਬੰਧਾਂ ਬਾਰੇ ਗੱਲ ਖੁਲ੍ਹਦੀ ਹੈ। ਰਾਮੇ ਨਾਲ ਸੰਬੰਧਾਂ ਕਰਕੇ ਗੇਲੋ ਦਾ ਵਿਆਹ ਇਕ ਨਸ਼ੇੜੀ, ਵਿਹਲੜ ਜਗਰੂਪ ਨਾਲ ਧਰ ਦਿੱਤਾ ਜਾਂਦਾ ਹੈ। ਜਗਰੂਪ ਦੇ ਨਿਕੰਮੇ ਹੋਣ ਦਾ ਵੇਰਵਾ ਇਸ ਪ੍ਰਕਾਰ ਮਿਲਦਾ ਹੈ;

> "ਦਾਰੂ ਤਾਂ ਸਾਰਾ ਪਿੰਡ ਪੀਂਦਾ ਸੀ। ਜੇ ਜਗਰੂਪ ਪੀ ਲੈਂਦਾ ਤਾਂ ਕੀ ਸੀ।
> ਭੁੱਕੀ ਤਾਂ ਸਾਰਾ ਪਿੰਡ ਖਾਂਦਾ ਸੀ। ਜੇ ਜਗਰੂਪ ਖਾਂਦਾ ਸੀ ਤਾਂ ਕੀ ਸੀ।
> ਫੀਮ ਹਰ ਕੋਈ ਖਾ ਲੈਂਦਾ ਸੀ। ਕੰਮ ਕਰਨ ਵਾਲੇ ਲੋਕਾਂ ਵਿਚ ਫੀਮ ਕੋਈ
> ਐਬ ਨਹੀਂ ਸੀ, ਭੁੱਕੀ ਕੋਈ ਐਬ ਨਹੀਂ ਸੀ, ਸ਼ਰਾਬ ਦੁੱਧ ਵਾਂਗ ਆਮ ਸੀ।
> ਜਗਰੂਪ ਵਿਚ ਜਿਹੜਾ ਵੱਡਾ ਨੁਕਸ ਸੀ, ਉਹ ਸੀ ਉਹਦੇ ਪੱਟ ਦਾ ਸਰੀਆ।"[19]

ਗੇਲੋ ਨੇ ਵਿਆਹ ਤੋਂ ਪਹਿਲਾ ਵੀ ਦੁਖਾਂਤ ਹੰਢਾਇਆ ਸੀ ਅਤੇ ਵਿਆਹ ਮਗਰੋਂ ਵੀ ਉਹ ਦੁੱਖਾਂ ਦੇ ਵੱਸ ਪੈ ਜਾਂਦੀ ਹੈ। ਉਸ ਨੇ ਵਿਆਹ ਤੋਂ ਪਹਿਲਾਂ ਆਪਣੇ ਪ੍ਰੇਮੀ ਦੀ ਮੌਤ ਦਾ ਸਬਰ ਦਾ ਘੁੱਟ ਭਰਿਆ ਜਿਸ ਕਾਰਨ ਉਸ ਨੂੰ ਜੰਮਣ-ਭੋਇ ਛੱਡਣੀ ਪੈਂਦੀ ਹੈ। ਅਣਖੀ ਨੇ ਆਪਣੇ ਇਸ ਨਾਵਲ ਵਿਚ ਇਹ ਬਿਆਨ ਕਰਨ ਦਾ ਯਤਨ ਕੀਤਾ ਹੈ ਕਿ ਔਰਤ ਵੱਖ-ਵੱਖ ਸਥਿਤੀਆਂ ਵਿਚ ਮੁਸ਼ਕਿਲਾਂ ਅਤੇ ਮੁਸੀਬਤਾਂ ਨੂੰ ਆਪਣੇ ਸੀਨੇ 'ਤੇ ਹੰਢਾ ਕੇ ਵੀ ਜ਼ਿੰਦਗੀ ਜਿਊਂਦੀ ਹੈ। ਅਣਖੀ ਦੇ ਨਾਵਲਾਂ ਦੀਆਂ ਔਰਤਾਂ ਦੀ ਜ਼ਿੰਦਗੀ ਵਿਚ ਅਣਜੋੜ ਵਿਆਹ ਦੀ ਸਮੱਸਿਆ ਆਮ ਹੈ ਪ੍ਰੰਤੂ ਅਣਖੀ ਨੇ ਨਾਰੀ ਪਾਤਰ ਨੂੰ ਕਦੀ ਵੀ ਉਸ ਦੀਆਂ ਕਾਮੁਕ ਭਾਵਨਾਵਾਂ ਨੂੰ ਦਬਾਉਂਦਿਆਂ ਬਿਆਨ ਨਹੀਂ ਕੀਤਾ "ਅਣਖੀ ਦੀ ਨਾਵਲਕਲਾ ਦਾ ਮੀਰੀ

ਗੁਣ ਇਹ ਹੈ ਕਿ ਉਸ ਨੇ ਨਾਨਕ ਸਿੰਘ ਦੀ ਰੀਸੇ ਉਪਭਵੁਕ ਹੋ ਕੇ ਇਸਤਰੀ ਜਾਤੀ ਦੀ ਵਕਾਲਤ ਕਰਨ ਦਾ ਯਤਨ ਨਹੀਂ ਕੀਤਾ ਕਿਉਂਕਿ ਇਸਤਰੀ ਦੀ ਗੁਲਾਮੀ ਮਰਦ ਦੇ ਬੁਰੇ ਰਵੱਈਏ ਸਦਕਾ ਨਹੀਂ ਸਗੋਂ ਜਾਗੀਰਦਾਰੀ ਅਤੇ ਸਰਮਾਏਦਾਰੀ ਦਾ ਹੀ ਇਕ ਲੱਛਣ ਹੈ ਕਿ ਹੋਰ ਜਾਇਦਾਦ ਵਾਂਗ ਇਸਤਰੀ ਵੀ ਮਰਦ ਦੀ ਜਾਇਦਾਦ ਦਾ ਇਕ ਭਾਗ ਹੈ ਅਤੇ ਉਸ ਦਾ ਇਸ ਉੱਪਰ ਕਬਜ਼ਾ ਅਤੇ ਹਕੂਮਤ ਹੈ।"[20] ਗੇਲੋ ਸਮਾਜ ਦੇ ਉਸ ਘਟੀਆ ਪ੍ਰਬੰਧ ਦਾ ਬਿਰਤਾਂਤ ਹੈ ਜੋ ਇਸਤਰੀ ਨੂੰ ਵਸਤੂ ਵਾਂਗ ਸੁੱਟ ਦੇਣ ਦਾ ਦੁਖਾਂਤ ਬਿਆਨ ਕਰਦਾ ਹੈ।

ਜਗਰੂਪ ਨਾਲ ਗੇਲੋ ਦਾ ਵਿਆਹ ਸਿਰਫ਼ ਇਸ ਕਰਕੇ ਹੁੰਦਾ ਹੈ ਕਿਉਂਕਿ ਉਸ ਦੇ ਮਾਪੇ ਬਦਨਾਮੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਨਹੀਂ ਗੇਲੋ ਵਰਗੀ ਸੋਹਣੀ ਸਨੁੱਖੀ ਮੁਟਿਆਰ ਵਾਸਤੇ ਜਗਰੂਪ ਵਰਗਾ ਨਸ਼ੇੜੀ ਅਤੇ ਅੰਗੋਂ ਹੀਣਾ ਵਿਅਕਤੀ ਕਿਸੇ ਵੀ ਪ੍ਰਕਾਰ ਢੁਕਵਾ ਨਹੀਂ ਸੀ। ਜਗਰੂਪ ਇਕ ਅਜਿਹਾ ਵਿਅਕਤੀ ਹੈ ਜਿਸ ਨੂੰ ਕੋਈ ਵੀ ਕੁੜੀ ਦੇਣ ਵਾਸਤੇ ਤਿਆਰ ਨਹੀਂ ਹੈ। ਉਸ ਦੇ ਬਾਪ ਨੇ ਜਗਰੂਪ ਦਾ ਵਿਆਹ ਕਰਨ ਦੀ ਉਮੀਦ ਵੀ ਛੱਡ ਦਿੱਤੀ ਸੀ ਇਹ ਤਾਂ ਜਗਰੂਪ ਦੀ ਮਾਂ ਹੀ ਸੀ ਜੋ ਹਰ ਹੀਲੇ ਜਗਰੂਪ ਦਾ ਵਿਆਹ ਕਰਨਾ ਚਾਹੁੰਦੀ ਸੀ। ਜੋ ਵੀ ਰਿਸ਼ਤਾ ਜਗਰੂਪ ਵਾਸਤੇ ਆਉਂਦਾ ਹੈ ਅਗਲਾ ਜਵਾਬ ਦੇ ਕੇ ਚਲਾ ਜਾਂਦਾ ਹੈ ਕਿਉਂਕਿ ਉਸ ਦੇ ਪੱਟ ਵਿਚ ਸਰੀਆ ਪਿਆ ਹੁੰਦਾ ਹੈ;

> "ਪੱਟ ਦਾ ਸਰੀਆ ਨੀ ਧਲੀ ਧਰਨ ਦਿੰਦਾ ਅਗਲਾ ਸੁਣਦੈ ਤੇ ਖਿਸਕ ਜਾਂਦੈ। ਛੱਬੀ-ਸਤਾਈ ਸਾਲ ਦਾ ਹੋ ਗਿਆ ਆਪਣਾ ਜਗਰੂਪ, ਜੇ ਐਂ ਈ ਦੋ-ਚਾਰ ਸਾਲ ਹੋਰ ਨਿਕਲ ਗੇ, ਫੇਰ ਊਂ ਵੀ ਨੀ ਖੜ੍ਹਨਾ ਕਿਸੇ ਨੇ।"[21]

ਜਗਰੂਪ ਵਿਚ ਕਈ ਕਮੀਆਂ ਸਨ। ਅਜਿਹੇ ਨਸ਼ੇੜੀ ਵਿਅਕਤੀ ਦਾ ਕਿਸੇ ਚੰਗੀ ਕੁੜੀ ਨਾਲ ਰਿਸ਼ਤਾ ਹੋਣਾ ਕੋਈ ਅਲੌਕਿਕ ਗੱਲ ਜਾਪਦਾ ਸੀ, ਪਰ ਸਾਡੇ ਸਮਾਜ ਦੀ ਇਹ ਤ੍ਰਾਸਦੀ ਹੈ ਕਿ ਇਕ ਔਰਤ ਨੂੰ ਆਪਣੀ ਮਰਜ਼ੀ ਕਰਨ 'ਤੇ ਉਸ ਨੂੰ ਹਮੇਸ਼ਾ ਹੀ ਸਜ਼ਾ ਮਿਲਦੀ ਆਈ ਹੈ। ਸਮਾਜ ਨੇ ਉਸ ਨੂੰ ਬਾਗੀ ਕਰਾਰ ਦੇ ਕੇ ਹਮੇਸ਼ਾ ਉਸ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ। ਔਰਤ ਨੂੰ ਇਕ ਇਨਸਾਨ ਨਾ ਸਮਝ ਕੇ ਹਮੇਸ਼ਾ ਉਸ ਨੂੰ ਮੱਝਾਂ-ਗਾਵਾਂ ਸਮਝ ਕੇ ਬਸ ਇਕ ਕਿੱਲੇ ਤੋਂ ਦੂਜੇ ਕਿੱਲੇ 'ਤੇ ਬੰਨ੍ਹਿਆਂ ਜਾਂਦਾ ਰਿਹਾ ਹੈ। ਅਜਿਹਾ ਹੀ ਗੇਲੋ ਨਾਲ ਹੋਇਆ ਗੇਲੋ ਜਗਰੂਪ ਦੇ ਘਰ ਉਸ ਦੀ ਮਰਜ਼ੀ ਤੋਂ ਬਗੈਰ ਵਿਆਹੀ ਜਾਂਦੀ ਹੈ। ਉਸ ਦੇ ਅੰਦਰ ਵਿਦਰੋਹ ਚਲਦਾ ਹੈ ਪਰ ਅਫ਼ਸੋਸ ਉਹ ਬਾਹਰੀ ਵਿਦਰੋਹ ਨਾ ਕਰ ਸਕੀ 'ਤੇ ਸਬਰ ਦਾ ਘੁੱਟ ਭਰ ਜਗਰੂਪ ਦੇ ਲੜ ਲੱਗਦੀ ਹੈ।

ਉਂਝ ਪੇਂਡੂ ਸਮਾਜ ਵਿਚ ਵਿਆਹ ਸਮੇਂ ਹਮੇਸ਼ਾ ਹੀ ਦਾਜ ਨੂੰ ਮਹੱਤਵ ਦਿੱਤਾ ਜਾਂਦਾ ਹੈ ਅਤੇ ਲੜਕੇ ਵਾਲਿਆਂ ਖ਼ਾਸ ਕਰਕੇ ਸੱਸ ਦੀ ਹਮੇਸ਼ਾ ਇਹ ਸੋਚ ਹੁੰਦੀ ਹੈ ਕਿ ਲੜਕੀ ਵੱਧ ਤੋਂ ਵੱਧ ਦਾਜ ਲੈ ਕੇ ਆਵੇ ਪ੍ਰੰਤੂ ਜਗਰੂਪ ਦੇ ਵਿਆਹ ਸਮੇਂ ਅਜਿਹਾ ਨਹੀਂ ਹੁੰਦਾ। ਜਗਰੂਪ ਦਾ ਵਿਆਹ, ਵਿਆਹ ਨਾਲੋਂ ਵੱਧ ਇਕ ਲੋੜ ਸੀ। ਇਸ ਲੋੜ ਦੀ ਪੂਰਤੀ ਲਈ ਜਗਰੂਪ ਦੀ ਮਾਂ ਹਰ ਪ੍ਰਕਾਰ ਦਾ ਸਮਝੋਤਾ ਕਰਨ ਲਈ ਤਿਆਰ ਸੀ। ਜਿਸ ਦਾ ਵੇਰਵਾ ਨਾਵਲ ਵਿਚ ਇਉਂ ਮਿਲਦਾ ਹੈ;

> "ਹਿੰਮਤ ਸਿੰਘ ਦੇ ਘਰ ਨੂੰ ਨੂੰਹ ਚਾਹੀਦੀ ਸੀ ਕਿਹੋ-ਜਿਹੀ ਵੀ ਹੋਵੇ। ਕੀ ਹੋਇਆ ਜੇ ਕੁੜੀ ਜਗਰੂਪ ਨਾਲੋਂ ਦੋ-ਢਾਈ ਮਹੀਨੇ ਵੱਡੀ ਹੈ। ਕੀ ਹੋਇਆ ਜੇ ਉਹਦਾ ਵਿਆਹ ਨਾਨਕਿਆਂ ਨੇ ਕਰਨਾ ਹੈ। ਕੀ ਹੋਇਆ ਜੇ ਉਹ ਬਾਰਾਤ ਦੇ ਪੰਜ ਬੰਦੇ ਹੀ ਸੱਦਣਗੇ। ਕੀ ਹੋਇਆ ਜੇ ਦੇਣ-ਲੈਣ ਬਹੁਤਾ ਨਹੀਂ ਕੀਤਾ ਜਾਵੇਗਾ।"[22]

ਅਣਖੀ ਨੇ ਵੱਖ-ਵੱਖ ਬਿਰਤਾਂਤਾਂ ਰਾਹੀਂ ਪਰੰਪਰਾਗਤ ਕਦਰਾਂ-ਕੀਮਤਾਂ ਵਿਚ ਬੱਝੀ ਹੋਈ ਤ੍ਰਾਸਦੀ ਭੋਗਦੀ ਨਾਰੀ ਨੂੰ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਕੀਤਾ ਹੈ। ਨਾਰੀ ਨੂੰ ਸਮਾਜ ਮਾਂ, ਧੀ, ਪਤਨੀ ਦੇ ਪ੍ਰਮਾਣਿਕ ਰਿਸ਼ਤੇ ਵਜੋਂ ਹੀ ਸਵੀਕਾਰ ਕਰਦਾ ਹੈ। ਇਕ ਪ੍ਰੇਮਿਕਾ ਦਾ ਰਿਸ਼ਤਾ ਹਮੇਸ਼ਾ ਹੀ ਅਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸੇ ਅਪ੍ਰਮਾਣਿਕ ਰਿਸ਼ਤੇ ਕਾਰਨ ਗੇਲੋ ਜਗਰੂਪ ਵਰਗੇ ਨਸ਼ੇੜੀ ਪਤੀ ਦਾ ਸੰਤਾਪ ਭੋਗਦੀ ਹੈ। ਘਰ ਜਿਸ ਨੂੰ ਮੰਦਿਰ ਦਾ ਦਰਜ਼ਾ ਦਿੱਤਾ ਜਾਂਦਾ ਹੈ, ਵਿਚ ਨਾਰੀ ਜਦੋਂ ਪਤਨੀ ਦੇ ਰੂਪ ਵਿਚ ਪ੍ਰਵੇਸ਼ ਕਰਦੀ ਹੈ ਤਾਂ ਉਸ ਦੇ ਮਨ ਵਿਚ ਆਪਣੇ ਪਤੀ ਨੂੰ ਲੈ ਕੇ ਕਈ ਸੁਪਨੇ ਹੁੰਦੇ ਹਨ। ਉਹ ਸੁਹਰੇ ਘਰ ਨੂੰ ਸਵਰਗ ਸਮਾਨ ਸੋਚਦੀ ਹੈ ਅਤੇ ਉਹ ਸੋਚਦੀ ਹੈ ਕਿ ਜਿਸ ਘਰ ਉਸ ਨੇ ਜਾਣਾ ਹੈ ਉਸ ਘਰ ਦੇਵਤਿਆਂ ਵਰਗੇ ਮਨੁੱਖ ਵਾਸ ਕਰਦੇ ਹੋਣ। ਉਹ ਸੋਚਦੀ ਘਰ ਦੇ ਹਰ ਛੋਟੇ-ਵੱਡੇ ਮਸਲੇ ਵਿਚ ਉਸ ਦੀ ਸਲਾਹ ਲਈ ਜਾਵੇ। ਇਹੀ ਸਭ ਸੁਪਨੇ ਗੇਲੋ ਦੇ ਵੀ ਸਨ ਜੋ ਸਿਰਫ਼ ਸੁਪਨੇ ਹੀ ਰਹਿ ਗਏ;

> "ਆਖਣ ਨੂੰ ਤਾਂ ਗੇਲੋ ਘਰ ਦੀ ਮਾਲਕਣ ਸੀ, ਪਰ ਉਹਦੀ ਕੁੱਤਿਆਂ ਨਾਲੋਂ ਜੂਨ ਬੁਰੀ ਸੀ। ਜਗਰੂਪ ਉਹਨੂੰ ਮਿੱਟੀ ਦੇ ਡਲਿਆਂ ਵਾਂਗ ਭੰਨ ਸੁੱਟਦਾ। ਉਹਦੀ ਜੇਬ ਵਿਚ ਪੈਸਾ ਨਹੀਂ ਰਹਿਣ ਦਿੰਦਾ ਸੀ।"[23]

ਜਿਸ ਕਾਰਨ ਉਸ ਦੇ ਸੁਪਨੇ ਚੂਰ ਹੋ ਜਾਂਦੇ ਹਨ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਸ ਦੀ ਸਥਿਤੀ ਘਰ ਵਿਚ ਬਾਕੀ ਸਮਾਨ ਦੇ ਵਾਂਗ ਹੀ ਹੈ। ਉਸ ਦੇ ਬਣਾਏ ਸੁਪਨਿਆਂ ਦੇ ਮਹਿਲ ਢਹਿ-ਢੇਰੀ ਹੋ ਜਾਂਦੇ ਹਨ। ਨਾਰੀ ਦੇ ਮਨ ਵਿਚ ਸਾਡੀਆਂ ਪਰੰਪਾਗਤ ਕਦਰਾਂ-ਕੀਮਤਾਂ, ਘਰ ਅਤੇ ਪਤੀ ਦੀ ਅਜਿਹੀ ਛਾਪ ਛੱਡੀ ਹੈ ਕਿ ਔਰਤ ਘਰ ਨੂੰ ਮੰਦਿਰ ਅਤੇ ਪਤੀ ਨੂੰ ਦੇਵਤੇ ਦੇ ਰੂਪ ਵਿਚ ਸਵੀਕਾਰ ਕਰਦੀ ਹੈ, ਜਿਸ ਕਾਰਨ ਉਹ ਲੱਖਾਂ ਤਸੀਹੇ ਝੱਲ ਕੇ ਵੀ ਆਪਣੇ ਘਰ ਅਤੇ ਪਤੀ ਨੂੰ ਨਹੀਂ ਛੱਡਦੀ। ਡਾ. ਰਚਨਾ ਅਨੁਸਾਰ;

> "ਸੰਸਕਾਰਾਂ ਦੀ ਪ੍ਰਤੀਬੱਧਤਾ ਔਰਤ ਦੇ ਅਚੇਤ ਮਨ ਵਿਚ ਏਨੀ ਗੂੜੀ ਉਕਰੀ ਪਈ ਹੈ ਕਿ ਉਹ ਇਸ ਨੂੰ 'ਰੱਬੀ ਭਾਣਾ' ਮੰਨਣ ਲੱਗ ਜਾਂਦੀ ਹੈ। ਪੜ੍ਹੀਆਂ-

> ਲਿਖੀਆਂ ਨਾਰੀਆਂ ਵੀ ਆਪਣੀ ਕਿਸਮਤ ਦਾ ਫੈਸਲਾ ਸਮਝ ਕੇ ਸਭ ਕੁੱਝ ਸਹਾਰਨ ਲਈ ਮਜ਼ਬੂਰ ਹੁੰਦੀਆਂ ਹਨ। ਨਾਰੀ ਪਿਤਾ ਪੁਰਖੀ ਪ੍ਰਬੰਧ ਦੀਆਂ ਸਿਰਜੀਆਂ ਕੀਮਤਾਂ ਨੂੰ ਭੋਗਦੀ ਹੋਈ ਨਿਹਾਇਤ ਗੁਲਾਮੀ ਭਰਿਆ ਜੀਵਨ ਬਤੀਤ ਕਰਦੀ ਹੈ।"[24]

ਲੜਕੀਆਂ ਦੇ ਵਿਆਹ ਮਗਰੋਂ ਸਾਡੇ ਸਮਾਜ ਵਿਚ ਹਮੇਸ਼ਾ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਹੁਣ ਦੂਸਰੇ ਘਰ ਦੀ ਦਹਿਲੀਜ਼ ਟੱਪ ਕੇ ਅੰਦਰ ਜਾਵੇਗੀ ਤੇਰਾ ਮਰਨਾ ਜੀਣਾ ਉੱਥੇ ਹੀ ਹੈ। ਮਰਦ ਨੇ ਕਾਨੂੰਨ ਨਾਰੀ ਵਿਰੋਧੀ ਬਣਾਏ ਹੁੰਦੇ ਹਨ। ਇਹੋ ਜਿਹਾ ਹੀ ਗੇਲੋ ਨਾਲ ਹੁੰਦਾ ਹੈ। ਗੇਲੋ ਨੇ ਆਪਣੀ ਸਾਰੀ ਉਮਰ ਉਸ ਨਸ਼ੇੜੀ ਪਤੀ ਦੇ ਘਰ ਗੁਜ਼ਾਰਨ ਦਾ ਮਨ ਬਣਾ ਲਿਆ ਸੀ। ਜਗਰੂਪ ਦੇ ਨਸ਼ੇ ਦਿਨੋ-ਦਿਨ ਵੱਧ ਗਏ ਸਨ। ਉਹ ਜੋ ਵਿਆਹ ਤੋਂ ਪਹਿਲਾਂ ਥੋੜਾ-ਬਹੁਤ ਕੰਮ ਕਰਦਾ ਸੀ ਵਿਆਹ ਤੋਂ ਬਾਅਦ ਉਹ ਵੀ ਛੱਡ ਦਿੰਦਾ ਹੈ;

> "ਜਗਰੂਪ ਪਹਿਲਾਂ ਵੀ ਕੰਮ ਦਾ ਡੱਕਾ ਨਹੀਂ ਤੋੜਦਾ ਸੀ। ਜਦੋਂ ਵਾਹੀ ਛੱਡ ਦਿੱਤੀ ਫੇਰ ਤਾਂ ਉਹ ਜਮ੍ਹਾ ਹੀ ਲੰਡੇ-ਚੋਰ 'ਤੇ ਹੋ ਗਿਆ।"[25]

ਗੇਲੋ ਦੇ ਸਿਰ 'ਤੇ ਘਰ ਦੀ ਸਾਰੀ ਜ਼ਿੰਮੇਵਾਰੀ ਆ ਜਾਂਦੀ ਹੈ। ਜਗਰੂਪ ਦਾ ਤਾਂ ਬੱਸ ਇੱਕ ਹੀ ਕੰਮ ਸੀ ਸਾਰਾ ਦਿਨ ਨਸ਼ੇ ਕਰੀ ਜਾਣਾ। ਘਰ-ਬਾਰ ਜਾਂ ਗੇਲੋ ਦੀ ਤਾਂ ਉਹਨੂੰ ਪਰਵਾਹ ਹੀ ਨਹੀਂ ਸੀ। ਉਹ ਨਸ਼ਿਆਂ ਦਾ ਆਦੀ ਆਦਮੀ ਗੇਲੋ ਨੂੰ ਕਦੀਂ ਵੀ ਪਤੀ ਵਾਲਾ ਸੁੱਖ ਨਾ ਦੇ ਸਕਿਆ। ਉਨ੍ਹਾਂ ਦੇ ਘਰ ਸਿਰਫ਼ ਇਕ ਹੀ ਕੁੜੀ ਹੁੰਦੀ ਹੈ ਅਤੇ ਕੁੜੀ ਤੋਂ ਬਾਅਦ ਜਗਰੂਪ ਦੇ ਨਸ਼ਿਆਂ ਦੇ ਕਰਕੇ ਉਨ੍ਹਾਂ ਕੋਈ ਹੋਰ ਸੰਤਾਨ ਨਹੀਂ ਹੁੰਦੀ। ਉਹ ਗੇਲੋ ਦੇ ਲਾਗੇ ਬਹੁਤ ਘੱਟ ਲੱਗਦਾ ਜੇਕਰ ਉਨ੍ਹਾਂ ਦੇ ਕਦੀ ਸਰੀਰਿਕ ਸੰਬੰਧ ਬਣਦੇ ਵੀ ਬਸ ਨਾ ਮਾਤਰ। ਜਗਰੂਪ ਦੀ ਮਾਂ ਝੋਰਾ ਕਰਦੀ ਹੈ ਕਿ ਉਸ ਦੇ ਘਰ ਕੋਈ ਪੋਤਾ ਨਹੀਂ ਹੈ ਅਤੇ ਉਹ ਪੋਤੇ ਦੀ ਪ੍ਰਾਪਤੀ ਲਈ ਗੇਲੋ ਨੂੰ ਕਈ ਡਾਕਟਰਾਂ ਅਤੇ ਫ਼ਕੀਰਾਂ ਕੋਲ ਲੈ ਕੇ ਘੁੰਮਦੀ ਪਰ ਉਹ ਇਹ ਗੱਲ ਕਦੇ ਨਾ ਸਮਝ ਸਕੀ ਕਿ ਪਤੀ ਦੇ ਸੁੱਖ ਤੋਂ ਬਿਨਾਂ ਗੇਲੋ ਨੂੰ ਬੱਚਾ ਕਿਵੇਂ ਹੋ ਸਕਦਾ ਹੈ। ਜਗਰੂਪ ਦਾ ਪਿਤਾ ਹਿੰਮਤ ਸਿੰਘ ਵੀ ਜਗਰੂਪ ਵੱਲ ਦੇਖ ਕੇ ਝੋਰਾ ਕਰਦਾ ਹੈ;

> "ਹਿੰਮਤ ਸਿੰਘ ਨੂੰ ਦੂਹਰਾ ਗਮ ਸੀ। ਇਕ ਗਮ ਲੜੀ ਨਾਲ ਲੜੀ ਨਾ ਜੁੜਨ ਦਾ, ਦੂਜਾ ਵੱਡਾ ਗਮ ਜਗਰੂਪ ਚੱਜਦਾ ਨਾ ਹਾਲ ਦਾ, ਪੜ੍ਹਿਆ ਉਹ ਨਹੀਂ, ਖੇਤੀ ਵਿਚ ਸੰਵਾਰ ਕੇ ਨਹੀਂ ਪਿਆ, ਭੁੱਕੀਆਂ ਖਾ-ਖਾ ਆਪਣਾ ਸਰੀਰ ਗਾਲੀ ਜਾਂਦਾ ਹੈ, ਕਦੇ ਉਹ ਬਹੁਤ ਖਿਝ ਜਾਂਦਾ। ਮਨ ਨਾਲ ਗੱਲਾਂ

> ਕਰਦਾ, ਪੋਤਾ ਨਾ ਹੋਣ ਦੀ ਕਹਾਣੀ ਤਾਂ ਗਈ ਕਿੱਧਰ, ਇਹ ਜਗਰੂਪ ਵੀ ਜੇ ਨਾ ਜੰਮਦਾ ਤਾਂ ਕਿ ਥੁੜਿਆ ਪਿਆ ਸੀ, ਏਦੂ ਤਾਂ ਬੰਦਾ ਬੇਔਲਾਦ ਹੀ ਮਰ ਜਾਵੇ।"[26]

ਕਹਿਣ ਤੋਂ ਭਾਵ ਕਿ ਜਗਰੂਪ ਇਕ ਅਜਿਹਾ ਵਿਅਕਤੀ ਜਿਸ ਤੋਂ ਉਸ ਦੇ ਮਾਂ-ਬਾਪ ਵੀ ਖੁਸ਼ ਨਹੀਂ ਤੇ ਉਹ ਗੇਲੋ ਨੂੰ ਕਿਵੇਂ ਖੁਸ਼ ਰੱਖ ਸਕਦਾ ਸੀ। ਪਤਨੀ ਦੇ ਰੂਪ ਵਿਚ ਸਾਡੇ ਸਮਾਜ ਵਿਚ ਨਾਰੀ ਬਹੁਤ ਸਤਿਕਾਰ ਦੀ ਪਾਤਰ ਹੈ ਪ੍ਰੰਤੂ ਦੂਜੇ ਪਾਸੇ ਉਹ ਸਮਾਜ ਦਾ ਸਭ ਤੋਂ ਵੱਧ ਮਜ਼ਲੂਮ ਅਤੇ ਅਣਗੌਲਿਆ ਪ੍ਰਾਣੀ ਹੈ। ਇਹ ਪਾਤਰ ਆਪਣੀ ਆਤਮ-ਪਛਾਣ ਦੀ ਤਲਾਸ਼ ਕਰਦੀ ਹੋਈ ਮਰਦ ਨੂੰ ਨਕਾਰਦੀ ਨਹੀਂ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਸਦਾਚਾਰਕ ਗਿਰਾਵਟ ਨੂੰ ਪ੍ਰਵਾਨ ਕਰਦੀ ਹੈ, ਕਿਉਂਕਿ ਉਸ ਦਾ ਜੀਵਨ ਮਾਡਲ ਕਿਸੇ ਧਾਰਮਿਕ ਅਕੀਦੇ 'ਤੇ ਆਧਾਰਿਤ ਹੈ ਜਿਸ ਵਿਚ ਪਤੀ ਪਰਮੇਸ਼ਵਰ ਹੈ। ਡਾ. ਊਸ਼ਾ ਪਾਂਡੇ ਅਨੁਸਾਰ ਸਾਡੇ ਭਾਰਤੀ ਸਮਾਜ ਵਿਚ ਆਦਰਸ਼ ਪਤਨੀ ਦੀ ਪਰਿਭਾਸ਼ਾ ਇਸ ਪ੍ਰਕਾਰ ਦੀ ਹੈ;

> "ਆਰਦਸ਼ ਪਤਨੀ ਉਹ ਹੈ ਜਿਹੜੀ ਪਤੀ ਦੇ ਦੁੱਖ-ਸੁੱਖ ਵਿਚ ਸਹਿਯੋਗ, ਧਾਰਮਿਕ ਕਾਰਜਾਂ ਵਿੱਚ ਸਹਿਯੋਗ, ਚੰਗੀ ਸਲਾਹਕਾਰ ਕਰਤੱਵ ਭਾਵਨਾ ਨੂੰ ਜਾਗ੍ਰਤਿ ਕਰਨ ਵਾਲੇ ਅਤੇ ਪਤੀ ਦਾ ਦਿਲ ਪ੍ਰਚਾਵਾ ਕਰਨ ਵਾਲੀ ਹੋਵੇ।"[27]

ਅਜਿਹੀ ਪਤਨੀ ਗੇਲੋ ਬਣਦੀ ਹੈ ਉਹ ਜਗਰੂਪ ਦਾ ਹਰ ਤਸੀਹਾ ਝੱਲਦੀ ਹੈ। ਉਸ ਦੇ ਨਸ਼ਿਆਂ ਦੀ ਪੂਰਤੀ ਕਰਦੀ ਹੈ। ਉਸ ਨੂੰ ਜਿਸਮਾਨੀ ਸੁੱਖ ਦੇ ਨਾਲ-ਨਾਲ ਉਸ ਦੇ ਨਸ਼ਿਆਂ ਦੀ ਪੂਰਤੀ ਲਈ ਉਸ ਪੈਸਾ-ਟਕਾ ਵੀ ਦਿੰਦੀ ਹੈ। ਜਗਰੂਪ ਫਿਰ ਵੀ ਉਸ ਦੀ ਕੋਈ ਕਦਰ ਨਹੀਂ ਕਰਦਾ ਉਸ ਦੇ ਨਸ਼ਿਆਂ ਦੀ ਪੂਰਤੀ ਨਾ ਹੋਣ 'ਤੇ ਉਸ ਨੂੰ ਕੁੱਟਦਾ-ਮਾਰਦਾ ਵੀ ਹੈ। ਆਦਮੀ ਦੀ ਕੁੱਟ ਖਾਣਾ ਅਤੇ ਮੂੰਹੋਂ ਕੁੱਝ ਨਾ ਬੋਲਣਾ, ਇਹੀ ਔਰਤ ਦੀ ਹੋਣੀ ਹੈ। ਉਹ ਇਸ ਨੂੰ ਕਰਮਾਂ ਦਾ ਫ਼ਲ ਮੰਨਦੀ ਹੈ। ਗੇਲੋ ਚਾਹ ਕੇ ਵੀ ਕੁੱਝ ਨਹੀਂ ਕਰ ਸਕਦੀ ਅਤੇ ਆਪਣੇ ਅਰਮਾਨ ਆਪਣੇ ਦਿਲ ਵਿਚ ਦਬਾ ਲੈਂਦੀ ਹੈ ਕਿਉਂਕਿ ਉਸਦੇ ਮਾਪੇ ਰਾਮੇ ਨਾਲ ਉਸ ਦੇ ਪ੍ਰੇਮ ਸੰਬੰਧਾਂ ਕਰਕੇ ਗੇਲੋ ਨਾਲ ਸਾਰੇ ਰਿਸ਼ਤੇ ਤੋੜ ਲੈਂਦੇ ਹਨ। ਉਹ ਆਪਣੀ ਹੋਂਦ ਅਤੇ ਆਪਣੀ ਨਿੱਜ ਪ੍ਰਤੀ ਜਾਗਰੂਕ ਤਾਂ ਹੈ ਪ੍ਰੰਤੂ ਪਿਤਰਕੀ ਪ੍ਰਬੰਧ ਨੇ ਉਸ ਦੀ ਸੋਚ 'ਤੇ ਏਨੀ ਬੁਰੀ ਤਰ੍ਹਾਂ ਕਬਜ਼ਾ ਕੀਤਾ ਹੋਇਆ ਕਿ ਉਹ ਚਾਹ ਕੇ ਵੀ ਉਸ ਤੋਂ ਮੁਕਤ ਨਹੀਂ ਹੋ ਪਾਉਂਦੀ। ਆਧੁਨਿਕਤਾ ਅਤੇ ਪਿਤਰਕੀ ਦੇ ਪੁੜ ਵਿਚ ਪਿਸਦੀ ਔਰਤ ਸਾਰੀ ਜ਼ਿੰਦਗੀ ਇਸੇ ਕਸ਼ਮਕਸ਼ ਵਿਚ ਗੁਜ਼ਾਰ ਦਿੰਦੀ ਹੈ ਕਿ ਉਹ ਆਪਣੇ ਪਤੀ ਨੂੰ ਛੱਡੇ ਜਾ ਨਾ। ਔਰਤ ਦੇ ਮਨ ਦੀ ਕਸ਼ਮਕਸ਼ ਸਿਰਫ਼ ਆਪਣੇ ਹੱਕਾਂ ਅਤੇ ਵਿਦਰੋਹ ਤੱਕ ਹੀ ਸੀਮਿਤ ਨਹੀਂ। ਜਦੋਂ ਉਹ ਜਜ਼ਬਾਤੀ ਹੋ ਕੇ ਕੋਈ ਫ਼ੈਸਲਾ ਲੈਣ ਦੀ ਕੋਸ਼ਿਸ਼ ਕਰਦੀ ਹੈ ਤਾਂ ਪਿਤਕਰੀ ਪ੍ਰਬੰਧ ਦੀਆਂ ਕਦਰਾਂ-ਕੀਮਤਾਂ ਉਸ ਦਾ ਰਾਹ ਜ਼ਰੂਰ ਰੋਕਦੀਆਂ ਹਨ, ਕਿਤੇ ਇਹ ਕਦਰਾਂ-ਕੀਮਤਾਂ ਉਸ ਦੇ ਨਿੱਜ ਨੂੰ ਦਬਾਉਂਦੀਆਂ ਹਨ ਅਤੇ ਕਿਤੇ ਉਸ ਨੂੰ ਸਹੀ ਰਾਹ 'ਤੇ ਚੱਲਣ ਲਈ ਵੀ ਸੁਚੇਤ ਕਰਦੀਆਂ ਹਨ। ਅੱਜ ਬੇਸ਼ੱਕ ਸਾਡੇ ਸਮਾਜ ਨੇ ਬਹੁਤ ਤਰੱਕੀ ਕਰ ਲਈ ਹੈ ਪ੍ਰੰਤੂ ਔਰਤ ਦੀ ਸਥਿਤੀ ਵਿਚ ਕੋਈ

ਖ਼ਾਸ ਸੁਧਾਰ ਨਹੀਂ ਆਇਆ। ਔਰਤ ਅਤੇ ਮਰਦ ਦੇ ਸੰਬੰਧਾਂ ਵਿਚ ਵੀ ਇਕ ਦਰਾੜ ਜਿਹੀ ਆ ਗਈ ਹੈ। ਆਧੁਨਿਕ ਦੌਰ ਵਿਚ ਔਰਤ-ਮਰਦ ਦੇ ਸੰਬੰਧਾਂ ਬਾਰੇ ਡਾ. ਰਾਜਿੰਦਰਪਾਲ ਸਿੰਘ ਦਾ ਮੱਤ ਹੈ;

> "ਆਧੁਨਿਕਤਾਵਾਦ ਨੇ ਔਰਤ ਨੂੰ ਮੱਧਕਾਲੀ ਜਕੜਬੰਦਾਂ ਤੋਂ ਆਜ਼ਾਦ ਕੀਤਾ ਸੀ ਪਰ ਉਸ ਨੂੰ ਪੂਰਾ ਮਨੁੱਖ ਸਮਝਣ ਦੀ ਥਾਂ ਕਾਮ-ਵਸਤੂ ਵਿਚ ਬਦਲ ਦਿੱਤਾ। ਔਰਤ ਨੂੰ ਬਾਹਰੀ ਰੂਪ ਵਿਚ ਆਜ਼ਾਦ ਕਰ ਦਿੱਤਾ ਪਰ ਉਸ ਦੀ ਦੇਹੀ ਉੱਪਰ ਪੂੰਜੀਵਾਦੀ ਨੇ ਅੰਤਰ ਲੇਖਣ ਸ਼ੁਰੂ ਕਰ ਦਿੱਤਾ। ਆਧੁਨਿਕ ਕਾਲ ਵਿਚ ਔਰਤ ਨੂੰ ਮਰਦ ਬਣਾਉਣ ਦੀ ਕੋਸ਼ਿਸ਼ ਕੀਤੀ ਗਈ।"[28]

ਇਸੇ ਤਰ੍ਹਾਂ ਗੇਲੋ ਨੂੰ ਵੀ ਘਰ ਦਾ ਮਰਦ ਬਣਾਇਆ ਜਾਂਦਾ ਹੈ। ਘਰ ਦੀ ਸਾਰੀ ਜ਼ਿੰਮੇਵਾਰੀ ਗੇਲੋ ਉੱਪਰ ਸੁੱਟ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਜਗਰੂਪ ਆਪਣੇ ਨਸ਼ਿਆਂ ਤੱਕ ਲਈ ਵੀ ਗੇਲੋ 'ਤੇ ਨਿਰਭਰ ਹੋ ਜਾਂਦਾ ਹੈ। ਨਸ਼ੇ ਨਾ ਮਿਲਣ ਤੇ ਗੇਲੋ ਨੂੰ ਕੁੱਟਦਾ-ਮਾਰਦਾ ਹੈ;

> "ਆਥਣ ਵੇਲੇ ਕਿੱਧਰੋਂ ਸ਼ਰਾਬ ਨਾਲ ਡੱਕ ਕੇ ਆਉਂਦਾ। ਚੰਗਾ ਖਾਣ ਨੂੰ ਮੰਗਦਾ। ਦਾਲ-ਸਬਜ਼ੀ ਸੁਆਦ ਨਾ ਲਗਦੀ ਤਾਂ ਰੋਟੀ ਦੀ ਥਾਲੀ ਵਗਾਹ ਕੇ ਮਾਰਦਾ। ਗੇਲੋ ਨੂੰ ਕੁੱਟਦਾ। ਮਨਪ੍ਰੀਤ ਚੰਗਿਆੜਾਂ ਮਾਰਦੀ। ਕਦੇ-ਕਦੇ ਉਹ ਕੁੜੀ ਦੇ ਵੀ ਦੋ ਲਾ ਦਿੰਦਾ। ਦਿਨ-ਛੁਪੇ ਇਹ ਉਹਨਾਂ ਦੇ ਘਰ ਦਾ ਨਿੱਤ ਦਾ ਕੰਜਰਖਾਨਾ ਸੀ। ਫੇਰ ਉਹ ਆਥਣੇ ਨਿੱਤ ਗੇਲੋ ਤੋਂ ਦਾਰੂ ਖਾਤਰ ਪੈਸੇ ਮੰਗਦਾ। ਨਾ ਦਿੰਦੀ ਤਾਂ ਬੋਲਣ ਲੱਗ ਪੈਂਦਾ। ਬੋਲਦਾ-ਗੁੱਸੇ ਹੁੰਦਾ ਉਹਨੂੰ ਕੁੱਟ ਧਰਦਾ।"[29]

ਗੇਲੋ ਪਾਤਰ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਸੰਤਾਪ ਭੋਗਦੀ ਹੈ। ਉਹ ਮਰਦ ਬਣ ਕੇ ਘਰ ਤਾਂ ਚਲਾਉਂਦੀ ਤਾਂ ਹੈ ਪ੍ਰੰਤੂ ਮਰਿਆਦਾਗਤ ਸਥਾਪਨਾਵਾਂ ਕਰਕੇ ਇਹ ਮਾਨਸਿਕ ਸੰਤਾਪ ਦੀ ਪੀੜਾ ਵੀ ਜਰਦੀ ਹੈ। ਉਹ ਇਕਲਤਾ, ਬੇਚੈਨੀ, ਸੰਘਰਸ਼ਮਈ ਜ਼ਿੰਦਗੀ ਅਤੇ ਮਾਨਸਿਕ ਸੰਤਾਪ ਅਤੇ ਸਰੀਰਿਕ ਕਸ਼ਟ ਨੂੰ ਹੰਢਾਉਂਦੀ ਹੈ। ਆਪਣੀਆਂ ਖਾਹਿਸ਼ਾਂ ਦੀ ਅਤ੍ਰਿਪਤੀ, ਅਸੰਤੁਸ਼ਟੀ ਅਤੇ ਬੇਵਸੀ ਦੇ ਨਾਲ ਇਸ ਤੋਂ ਪੈਦਾ ਹੋਣ ਵਾਲੇ ਤਣਾਵਾਂ ਵਿਰੁੱਧ ਆਵਾਜ਼ ਤਾਂ ਬੁਲੰਦ ਕਰਦੀ ਹੈ ਪੰਤੂ ਇਹ ਆਵਾਜ਼ ਸਮਾਜਿਕ ਮਾਨਤਾਵਾਂ ਥੱਲੇ ਦੱਬ ਕੇ ਰਹਿ ਜਾਂਦੀ ਹੈ। ਔਰਤ ਵਿਦਰੋਹ ਦੀ ਜਗ੍ਹਾਂ ਆਪਣੀ ਹੋਣੀ ਨੂੰ

ਸਵੀਕਾਰ ਕਰ ਲੈਂਦੀ ਹੈ ਅਤੇ ਉਸੇ ਤਰ੍ਹਾਂ ਦੇ ਹਾਲਾਤ ਵਿਚ ਰਹਿਣ ਨੂੰ ਆਪਣੀ ਭਲਾਈ ਸਮਝਦੀ ਹੈ। ਉਹ ਪਰੰਪਰਾਗਤ ਕੀਮਤਾਂ ਨੂੰ ਤੋੜਨ ਦੇ ਅਸਮਰਥ ਰਹੀ ਹੈ ਕਿਉਂਕਿ ਇਹ ਸਮੁੱਚਾ ਸਮਾਜਿਕ ਪ੍ਰਬੰਧ ਮਰਦ ਦੁਆਰਾ ਸਿਰਜਿਆ ਹੋਇਆ ਹੈ। ਸਾਡੇ ਸਮਾਜ ਦੀ ਸਥਿਤੀ ਨਾਰੀ ਦੀ ਸਥਿਤੀ 'ਤੇ ਨਿਰਭਰ ਕਰਦੀ ਹੈ। ਇਸ ਵਿਚਾਰ ਦੀ ਪ੍ਰੋੜਤਾ ਕਰਦਿਆਂ ਡਾ. ਗੁਰਬਖਸ਼ ਸਿੰਘ ਫਰੈਂਕ ਲਿਖਦੇ ਹਨ;

> "ਇਹ ਕੋਈ ਅਤਿਕਥਨੀ ਨਹੀਂ ਕਿ ਜੇ ਅਸੀਂ ਇਹ ਪਤਾ ਕਰਨਾ ਹੋਵੇ ਕਿ ਕੋਈ ਸਮਾਜ ਕਿੰਨਾ ਕੁ ਨਿਆਂ ਉੱਤੇ ਆਧਾਰਿਤ ਹੈ, ਉਸ ਦੀਆਂ ਇਖ਼ਲਾਕੀ ਕਦਰਾਂ-ਕੀਮਤਾਂ ਕਿੰਨੀਆ ਕੁ ਉੱਚੀਆਂ ਹਨ ਕਿ ਕਿਸੇ ਸਮਾਜ ਵਿੱਚ ਮਾਨਵਤਾ ਦਾ ਕੀ ਮੁੱਲ ਹੈ ਤਾਂ ਉਸ ਦੀ ਇਕੋ-ਇੱਕ ਕਸਵੱਟੀ ਹੋ ਸਕਦੀ ਹੈ ਕਿ ਕਿਸੇ ਸਮਾਜ ਵਿੱਚ ਇਸਤਰੀ ਦਾ ਕੀ ਸਥਾਨ ਹੈ।"[30]

ਗੇਲੋ ਦੀ ਸਥਿਤੀ ਬਹੁਤ ਤਰਸਯੋਗ ਬਣ ਜਾਂਦੀ ਹੈ। ਪਿਆਰ ਤਾਂ ਉਹ ਰਾਮੇ ਨੂੰ ਹੀ ਕਰਦੀ ਸੀ ਪਰ ਪੱਲੇ ਪੈ ਜਾਂਦਾ ਹੈ ਅਮਲੀ ਵੈਲੀ ਜਗਰੂਪ। ਰਾਮਾ ਉਸ ਦੀ ਸਿਮਰਤੀ ਵਿਚ ਰਹਿੰਦਾ ਹੈ ਪ੍ਰੰਤੂ ਫਿਰ ਵੀ ਜਗਰੂਪ ਨਾਲ ਇਕ ਸਮਝੌਤੇ ਦੇ ਤੌਰ 'ਤੇ ਰਹਿੰਦੀ ਹੈ। ਉਹ ਉਸ ਦੇ ਘਰ ਨੂੰ ਜੋੜਨ ਲਈ ਹੱਡ ਭੰਨਵੀਂ ਮਿਹਨਤ ਕਰਦੀ ਹੈ ਇਥੋਂ ਤੱਕ ਕੀ ਉਸ ਦੇ ਨਸ਼ਿਆਂ ਦੀ ਪੂਰਤੀ ਅਤੇ ਆਪਣੇ ਘਰ ਦੇ ਹੋਰ ਖਰਚੇ ਤੋਰਨ ਵਾਸਤੇ ਜਿਸਮਫ਼ਰੋਸ਼ੀ ਦਾ ਧੰਦਾ ਵੀ ਕਰਦੀ ਹੈ। ਗੇਲੋ ਮਨ ਹੀ ਮਨ ਪਛਤਾਉਂਦੀ ਕਿ ਉਸ ਦੇ ਲੜ ਅਜਿਹਾ ਪਤੀ ਕਿਉਂ ਲੱਗ ਗਿਆ ਹੈ। ਉਹ ਆਪਣੇ ਪਿਛੋਕੜ ਵੱਲ ਝਾਕਦੀ ਅਤੇ ਝੋਰਾ ਕਰਦੀ ਕਿ ਉਸ ਦੇ ਭਰਾ ਨੇ ਕਿਉਂ ਉਸ ਦੀ ਜ਼ਿੰਦਗੀ ਖਰਾਬ ਕਰ ਦਿੱਤੀ। ਉਹ ਸੋਚਦੀ;

> "ਉਹ ਇਕੱਲੀ ਬੈਠੀ ਪਿਛਾਂਹ ਨੂੰ ਮੁੜ ਜਾਂਦੀ। ਬਚਿੱਤਰ ਨੂੰ ਉਹਦਾ ਕੋਈ ਸੰਸਾ ਨਹੀਂ ਸੀ। ਜਦੋਂ ਪਿਓ ਬੈਠਾ ਸੀ, ਉਹਨੂੰ ਭੈਣ ਦਾ ਕਾਹਦਾ ਸੰਸਾ ਹੁੰਦਾ। ਪਿਓ ਸੀ ਬੱਸ ਉਹਨੂੰ ਪਤਾ ਨਹੀਂ ਕਿਹੜੇ ਮਹਾਰਾਜ ਪਟਿਆਲੇ ਦੀ ਉਡੀਕ ਸੀ। ਦੁਨੀਆਂ ਦਾ ਕੋਈ ਵੀ ਮੁੰਡਾ ਉਹਨੂੰ ਪਸੰਦ ਨਹੀਂ ਸੀ।"[31]

ਭਾਵ ਕਿ ਉਸ ਦਾ ਪਿਓ ਗੇਲੋ ਵਾਸਤੇ ਦੁਨਿਆਂ ਦਾ ਸਭ ਤੋਂ ਸੋਹਣਾ ਮੁੰਡਾ ਲੱਭਣਾ ਚਾਹੁੰਦਾ ਸੀ। ਸਿਰਫ਼ ਗੇਲੋ ਦੇ ਰਾਮੇ ਨਾਲ ਪ੍ਰੇਮ ਸੰਬੰਧਾਂ ਨੇ ਗੇਲੋ ਨੂੰ ਅਜਿਹੇ ਨਰਕ ਵਿਚ ਸੁੱਟ ਦਿੱਤਾ ਜਿਸ ਵਿਚੋਂ ਨਿਕਲਣ ਗੇਲੋ ਵਾਸਤੇ ਬਹੁਤ ਮੁਸ਼ਕਿਲ ਹੋ ਗਿਆ ਸੀ। ਉਹ ਸੋਚਦੀ;

> "ਉਸ ਗੁਨਾਹ ਦੀ ਐਡੀ ਸਜ਼ਾ ਮਿਲੀ ਕਿ ਉਹਨੂੰ ਪਿੰਡੋਂ ਤਾਂ ਕੱਢ ਹੀ

> ਦਿੱਤਾ ਗਿਆ ਨਾਲ-ਨਾਲ ਉਹਦੇ ਪੱਲੇ ਇਹ ਟੁੱਟੜਾ ਭੰਗੀ-ਪੋਸਤੀ ਪੈ ਗਿਆ। ਸਰੀਰ ਪੱਖੋਂ ਵੀ ਸਾਬਤ ਨਹੀਂ ਸੀ ਨਿਮਾਣਾ।"[32]

ਗੇਲੋ ਨੇ ਇਸ ਅਣਜੋੜ ਵਿਆਹ ਦੇ ਸੰਤਾਪ ਨੂੰ ਅੰਤ ਤੱਕ ਹੰਢਾਇਆ ਬੇਸ਼ੱਕ ਉਹ ਆਪਣੇ ਸਰੀਰਿਕ ਸੁੱਖ ਵਾਸਤੇ ਹੋਰਨਾਂ ਮਰਦਾਂ ਨਾਲ ਸਰੀਰਿਕ ਸੰਬੰਧ ਸਥਾਪਿਤ ਕਰਦੀ ਹੈ ਪ੍ਰੰਤੂ ਜੇਕਰ ਇਨ੍ਹਾਂ ਸੰਬੰਧਾਂ ਪਿਛਲੇ ਅਸਲ ਕਾਰਨਾਂ ਨੂੰ ਵੇਖਿਆ ਜਾਵੇ ਤਾਂ ਇਹ ਸੰਬੰਧ ਇਸ ਅਣਜੋੜ ਵਿਆਹ ਦੇ ਕਾਰਨ ਹੀ ਬਣਦੇ ਹਨ। ਅਣਖੀ ਆਪਣੇ ਇਸ ਨਾਵਲ ਵਿਚ ਮਨੋਵਿਗਿਆਨਿਕ ਛੋਹਾਂ ਵੀ ਸ਼ਾਮਿਲ ਕਰਦਾ ਹੈ। ਗੇਲੋ ਆਪਣੇ ਮਨ ਭਾਉਂਦੇ ਵਰ ਦੀ ਪ੍ਰਾਪਤੀ ਨਾ ਕਰ ਸਕੀ ਉਸ ਦਾ ਪਹਿਲਾ ਪਿਆਰ ਰਾਮਾ ਉਸ ਦੇ ਅਚੇਤ ਵਿਚ ਰਹਿੰਦਾ ਹੈ। ਉਹ ਆਪਣੀ ਜ਼ਿੰਦਗੀ ਵਿਚ ਜਗਰੂਪ ਨੂੰ ਸਿਰਫ਼ ਇਕ ਕੂੜੇ ਦੇ ਸਮਾਨ ਸਮਝਦੀ ਹੈ ਕਿਉਂਕਿ ਪਤੀ ਵਾਲਾ ਪਿਆਰ ਅਤੇ ਸੁੱਖ ਕਦੀ ਵੀ ਜਗਰੂਪ ਗੇਲੋ ਨੂੰ ਦੇ ਹੀ ਨਾ ਸਕਿਆ। ਇਸ ਕਰਕੇ ਜਗਰੂਪ ਦੇ ਮਰਨ 'ਤੇ ਵੀ ਗੇਲੋ ਨੂੰ ਕੋਈ ਦੁੱਖ ਨਹੀਂ ਹੁੰਦਾ;

> "ਜਗਰੂਪ ਮਰੇ ਤੋਂ ਗੇਲੋ ਨੂੰ ਲਗਦਾ ਜਿਵੇਂ ਉਹਦੇ ਬਾਰ ਵਿਚੋਂ ਰੂੜੀ ਚੁੱਕੀ ਗਈ ਹੋਵੇ। ਜਗਰੂਪ ਹੀ ਸੀ ਜਿਹਦੇ ਕਰਕੇ ਉਹਦੀ ਜ਼ਿੰਦਗੀ ਬਰਬਾਦ ਹੋ ਗਈ। ਪਹਿਲੀ ਗੱਲ ਤਾਂ ਓਹ ਫੀਮੀ-ਪੋਸਤੀ ਸੀ। ਨਸ਼ੇ ਕਰਦਾ ਜਿਸ ਕਰਕੇ ਉਹ ਤੋਂ ਖੇਤੀ ਦਾ ਕੰਮ ਨਹੀਂ ਹੁੰਦਾ ਸੀ। ਉਹਦੇ ਪੱਟ ਵਿਚ ਸਰੀਆ ਸੀ ਅਤੇ ਨਸ਼ਈ ਹੋਣ ਕਰਕੇ ਸਰੀਰਿਕ ਪੱਖੋਂ ਉਹ ਉਹਨੂੰ ਨਿਕੰਮਾ ਸਮਝਦੀ।"[33]

ਸੋ ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਬਾਅਦ ਇਹੋ ਸਿੱਟਾ ਨਿਕਲਦਾ ਹੈ ਕਿ ਗੇਲੋ ਦੀ ਜ਼ਿੰਦਗੀ ਵਿਚ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹ ਅਣਜੋੜ ਵਿਆਹ ਬਣਦਾ ਹੈ। ਵਿਆਹ ਤੋਂ ਬਾਅਦ ਗੇਲੋ ਦੀ ਜ਼ਿੰਦਗੀ ਵਿਚ ਅਜਿਹੀਆਂ ਪ੍ਰਸਥਿਤੀਆਂ ਆਉਂਦੀਆਂ ਹਨ ਜੋ ਗੇਲੋ ਵਰਗੀ ਸਹਿਦੜ ਪਤਨੀ ਅਤੇ ਦਬੰਗ ਤੀਵੀਂ ਸਥਿਤੀਆਂ ਹੱਥੋਂ ਹਾਰ ਕੇ ਜਿਸਮਫਰੋਸ਼ੀ ਦਾ ਧੰਦਾ ਅਪਣਾਉਣ ਵਾਸਤੇ ਮਜ਼ਬੂਰ ਹੋ ਜਾਂਦੀ ਹੈ। ਗੇਲੋ ਅਣਖੀ ਦੀ ਸਰਵਸ਼੍ਰੇਸ਼ਟ ਰਚਨਾ ਕਹੀ ਜਾ ਸਕਦੀ ਹੈ। ਅਣਖੀ ਦੇ ਇਸ ਨਾਵਲ ਨੂੰ ਪੜ ਕੇ ਪਾਠਕ ਦੇ ਮਨ ਵਿਚ ਹਲੂਣਾ ਉੱਠਦਾ ਹੈ ਅਤੇ ਉਹ ਗੇਲੋ ਵਰਗੀ ਨਾਇਕਾ ਨੂੰ ਮਿਲਣ ਲਈ ਤਤਪਰ ਹੋ ਜਾਂਦਾ ਹੈ। ਗੇਲੋ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀਆਂ ਸੰਵੇਦਨਾਵਾ ਦੇ ਦਮਨ ਦੀ ਦਾਸਤਾਨ ਨੂੰ ਬਿਆਨ ਕਰਨ ਵਾਲਾ ਗਲਪੀ ਬਿਰਤਾਂਤ ਹੈ। ਜੋ ਔਰਤ ਦੇ ਵੱਖ-ਵੱਖ ਰੂਪਾਂ ਦਾ ਅਧਿਐਨ ਕਰਦਾ ਹੈ ਅਤੇ ਔਰਤ ਦੀਆਂ ਦੱਬੀਆਂ ਭਾਵਨਾਵਾਂ ਦੀ ਅਭਿਵਿਅਕਤੀ ਕਰਦਾ ਹੈ। ਅਣਖੀ ਦੇ ਨਾਵਲਾਂ ਦਾ ਇਹ ਮੀਰੀ ਗੁਣ ਹੈ ਕਿ ਉਹ ਆਪਣੀਆਂ ਇਸਤਰੀ ਪਾਤਰਾਂ ਦੀਆਂ ਅਜਿਹੀਆਂ ਮਾਨਸਿਕ ਗੁੰਝਲਾਂ ਨੂੰ ਬਿਆਨ ਕਰਦਾ ਹੈ ਜਿਨ੍ਹਾਂ ਨੂੰ ਸਾਰਾ ਸਮਾਜ ਹਮੇਸ਼ਾ ਸਮਝਣ ਤੋਂ ਅਸਮਰਥ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਹਰਪ੍ਰੀਤ ਕੌਰ, ਦਲੀਪ ਕੌਰ ਟਿਵਾਣਾ ਦੇ ਨਾਵਲ ਨਾਰੀਵਾਦੀ ਦ੍ਰਿਸ਼ਟੀ, ਪੰਨਾ 13.
2. ਹਿਰਦੇਜੀਤ ਸਿੰਘ ਭੋਗਲ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ ਸੰਵੇਦਨਾ, ਪੇਪਰ ਬੈਕ.
3. ਸੁਖਦੇਵ ਸਿੰਘ ਖਾਹਰਾ, ਰਾਮ ਸਰੂਪ ਅਣਖੀ ਦਾ ਨਵਾਂ ਨਾਵਲ 'ਪਰਤਾਪੀ', ਪੰਨਾ 6
4. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 48
5. ਉਹੀ, ਪੰਨਾ 80
6. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦਾ ਸੰਰਚਨਾਤਮਕ ਪੈਟਰਨ, ਪੰਨਾ 114
7. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 98
8. ਬਿਕਰਮ ਸਿੰਘ ਘੁੰਮਣ, ਅਣਖੀ ਦਾ ਗਲਪ ਸੰਸਾਰ, ਪੰਨਾ 43.
9. ਸੁਖਦੇਵ ਸਿੰਘ ਖਾਹਰਾ (ਸੰਪਾ.), ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 264
10. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 9
11. ਉਹੀ ਪੰਨਾ
12. ਗੁਰਜੰਟ ਸਿੰਘ, ਮਨੋਵਿਸ਼ਲੇਸਣੀ ਸਾਹਿਤ-ਚਿੰਤਨ, ਪੰਨਾ 33.
13. ਸੁਰਿੰਦਰ ਸਿੰਘ ਦਰਵੇਸ਼ਰ, ਸੁਖਦੇਵ ਸਿੰਘ ਖਾਹਰਾ (ਸੰਪਾ.), ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 262.
14. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 43
15. ਉਹੀ, ਪੰਨਾ 154
16. ਤਜਿੰਦਰ ਪਾਲ ਕੌਰ, ਔਰਤ ਦਾ ਸੰਤਾਪ (ਗਿੱਲ ਮੋਰਾਂਵਾਲੀ ਦੀ ਰਚਨਾ 'ਮੌਸਮ ਦਾ ਸੰਤਾਪ' ਦੇ ਸੰਦਰਭ ਵਿਚ), ਪੰਨਾ 37
17. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ,ਪੰਨਾ 141-42
18. ਤਜਿੰਦਰ ਪਾਲ ਕੌਰ, ਔਰਤ ਦਾ ਸੰਤਾਪ (ਗਿੱਲ ਮੋਰਾਂਵਾਲੀ ਦੀ ਰਚਨਾ 'ਮੌਸਮ ਦਾ ਸੰਤਾਪ' ਦੇ ਸੰਦਰਭ ਵਿਚ), ਪੰਨਾ 116.
19. ਰਾਮ ਸਰੂਪ ਅਣਖੀ, ਗੇਲੋ, ਪੰਨਾ 91
20. ਇਕਬਾਲ ਸਿੰਘ, ਰਾਮ ਸਰੂਪ ਅਣਖੀ ਦਾ ਨਾਵਲ ਜਗਤ, ਪੰਨਾ 76.
21. ਰਾਮ ਸਰੂਪ ਅਣਖੀ, ਗੇਲੋ, ਪੰਨਾ 93
22. ਉਹੀ, ਪੰਨਾ 94
23. ਪੰਨਾ 125

24. ਰਚਨਾ ਮਹਿਰੋਕ, ਨਾਰੀ ਪਛਾਣ ਅਤੇ ਪੰਜਾਬੀ ਕਹਾਣੀ, ਪੰਨਾ 33.
25. ਰਾਮ ਸਰੂਪ ਅਣਖੀ, ਗੇਲੋ, ਪੰਨਾ. 124
26. ਉਹੀ, ਪੰਨਾ 123
27. ਊਸ਼ਾ ਪਾਂਡੇ, ਮੱਧਯੁਗੀਨ ਹਿੰਦੀ ਸਾਹਿਤ ਮੇਂ ਨਾਰੀ ਭਾਵਨਾ, ਪੰਨਾ 188
28. ਰਜਿੰਦਰਪਾਲ ਸਿੰਘ, ਉੱਤਰ ਆਧੁਨਿਕਤਾ, ਪੰਨਾ 36
29. ਰਾਮ ਸਰੂਪ ਅਣਖੀ, ਗੇਲੋ, ਪੰਨਾ 124
30. ਗੁਰਬਖਸ਼ ਸਿੰਘ ਫ਼ਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਕਹਾਣੀ, ਪੰਨਾ 104
31. ਰਾਮ ਸਰੂਪ ਅਣਖੀ, ਗੇਲੋ, ਪੰਨਾ 125
32. ਉਹੀ, ਪੰਨਾ 130
33. ਪੰਨਾ 155

# ਅਧਿਆਇ ਤੀਜਾ

## ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਨਜਾਇਜ਼ ਸੰਬੰਧਾਂ ਦੀ ਪੇਸ਼ਕਾਰੀ

**ਨਜਾਇਜ਼ ਸੰਬੰਧ:** ਸਮਾਜ ਅਤੇ ਸਭਿਆਚਾਰ ਦਾ ਆਪਸ ਵਿਚ ਬਹੁਤ ਹੀ ਡੂੰਘਾ ਰਿਸ਼ਤਾ ਹੈ। ਸਮਾਜ ਮਿਲ ਕੇ ਸਭਿਆਚਾਰ ਦਾ ਨਿਰਮਾਣ ਕਰਦਾ ਹੈ ਅਤੇ ਸਭਿਆਚਾਰ ਇਕ ਉੱਨਤ ਸਮਾਜ ਦਾ ਨਿਰਮਾਣ ਕਰਦਾ ਹੈ। ਸਭਿਆਚਾਰ ਅਤੇ ਸਮਾਜ ਦੇ ਕੁੱਝ ਆਪਣੇ ਨਿਯਮ ਹੁੰਦੇ ਹਨ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਉਸ ਸਭਿਆਚਾਰ ਦੇ ਲੋਕਾਂ ਦਾ ਕਰਤੱਵ ਸਮਝਿਆ ਜਾਂਦਾ ਹੈ। ਇਸ ਸਭਿਆਚਾਰ ਅੰਦਰ ਰਿਸ਼ਤਾ-ਨਾਤਾ ਪ੍ਰਣਾਲੀ ਤਹਿ ਕੀਤੀ ਜਾਂਦੀ ਹੈ ਅਤੇ ਇਸੇ ਅੰਦਰ ਕੁੱਝ ਰਿਸ਼ਤਿਆਂ ਦੇ ਨਾਂ ਜਾਇਜ਼ ਅਤੇ ਕੁੱਝ ਨੂੰ ਨਜਾਇਜ਼ ਦਾ ਨਾਂ ਦਿੱਤਾ ਜਾਂਦਾ ਹੈ। ਜਾਇਜ਼ ਰਿਸ਼ਤੇ ਜਿਵੇਂ ਭੈਣ-ਭਰਾ, ਪਤੀ-ਪਤਨੀ, ਮਾਂ-ਪੁੱਤਰ, ਪਿਓ-ਧੀ ਆਦਿ ਹਨ। ਨਜ਼ਾਇਜ਼ ਰਿਸ਼ਤਿਆਂ ਵਿਚ ਉਹ ਰਿਸ਼ਤੇ ਆ ਜਾਂਦੇ ਹਨ ਜਿਨ੍ਹਾਂ ਨੂੰ ਸਾਡਾ ਸਮਾਜ ਪ੍ਰਵਾਨ ਨਹੀਂ ਕਰਦਾ ਜਿਵੇਂ ਵਿਆਹ ਤੋਂ ਪਹਿਲਾ ਔਰਤ-ਮਰਦ ਸੰਬੰਧ ਜਾਂ ਵਿਆਹ ਤੋਂ ਮਗਰੋਂ ਔਰਤ ਜਾਂ ਮਰਦ ਦੇ ਕਿਸੇ ਹੋਰ ਨਾਲ ਸੰਬੰਧ। ਔਰਤ ਅਤੇ ਮਰਦ ਦਾ ਸੰਬੰਧ ਸਿਰਫ਼ ਵਿਆਹ ਤੋਂ ਬਾਅਦ ਹੀ ਜਾਇਜ਼ ਮੰਨਿਆ ਜਾਂਦਾ ਹੈ। ਸਾਡੇ ਸਮਾਜ ਵਿਚ ਬਹੁਤ ਸਾਰੇ ਲੋਕ ਕਾਮੁਕ ਸੰਬੰਧਾਂ ਨੂੰ ਨਿਸ਼ਚਿਤ ਬਣਾਉਣ ਲਈ ਵਿਆਹ ਕਰਵਾਉਂਦੇ ਹਨ। ਇਕ ਪਰਿਭਾਸ਼ਾ ਅਨੁਸਾਰ;

> "ਵਿਆਹ ਇਕ ਅਜਿਹੀ ਸੰਸਥਾ ਹੈ, ਜਿਸ ਦੁਆਰਾ ਇੱਕ ਵਿਅਕਤੀ ਦੂਸਰੇ
> ਨਾਲ ਆਪਣੇ ਕਾਮੁਕ ਸੰਬੰਧ ਬਣਾਉਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ।"[1]

ਕਹਿਣ ਤੋਂ ਭਾਵ ਕਿ ਸਾਡੇ ਸਮਾਜ ਵਿਚ ਔਰਤ ਅਤੇ ਮਰਦ ਦੇ ਜਿਨਸੀ ਸੰਬੰਧਾਂ ਲਈ ਸਭ ਤੋਂ ਅਹਿਮ ਸ਼ਰਤ ਵਿਆਹ ਹੈ। ਵਿਆਹ ਤੋਂ ਪਹਿਲਾ ਜਾਂ ਮਗਰੋਂ ਕਿਸੇ ਹੋਰ ਮਰਦ ਜਾਂ ਔਰਤ ਨਾਲ ਬਣਾਏ ਸੰਬੰਧਾਂ ਨੂੰ ਸਾਡੇ ਸਮਾਜ ਵਿਚ ਥਾਂ ਨਹੀਂ ਮਿਲਦੀ। ਰਾਮ ਸਰੂਪ ਅਣਖੀ ਇਕ ਅਜਿਹਾ ਨਾਵਲਕਾਰ ਹੈ ਜਿਸ ਦੇ ਨਾਵਲਾਂ ਜਾਂ ਕਹਾਣੀਆਂ ਵਿਚ ਆਮ ਤੌਰ 'ਤੇ ਔਰਤ-ਮਰਦ ਦੇ ਨਜਾਇਜ਼ ਸੰਬੰਧ ਵੇਖਣ ਨੂੰ ਮਿਲਦੇ ਹਨ। ਇਹ ਸੰਬੰਧ ਸਿਰਫ਼ ਗਲਪੀ ਨਹੀਂ ਬਲਕਿ ਸਾਡੇ ਸਮਾਜ ਦਾ ਨੰਗਾ ਸੱਚ ਹਨ। ਨਜਾਇਜ਼ ਸੰਬੰਧ ਇਕ ਸੱਚ ਹਨ ਜੋ ਸਾਡੇ ਸਮਾਜ ਵਿਚ ਹੀ ਨਹੀਂ ਬਲਕਿ ਦੁਨਿਆਂ ਦੇ ਹਰੇਕ ਦੇਸ਼ ਵਿਚ ਵੇਖਣ ਨੂੰ ਮਿਲਦੇ ਹਨ। ਅਣਖੀ ਆਪਣੇ ਨਾਵਲਾਂ ਵਿਚ ਸਮਾਜ ਦਾ ਯਥਾਰਥ ਬਿਆਨ ਕਰਦਾ ਹੈ। ਅਣਖੀ ਦੇ ਨਾਵਲਾਂ ਵਿਚ ਦੋ ਪ੍ਰਕਾਰ ਦੇ ਨਜ਼ਾਇਜ਼ ਸੰਬੰਧ ਵੇਖਣ ਨੂੰ ਮਿਲਦੇ ਹਨ, ਇਕ ਪੂਰਵ ਵਿਆਹ ਨਜ਼ਾਇਜ਼ ਸੰਬੰਧ ਅਤੇ ਦੂਜੇ ਵਿਆਹ ਬਾਹਰੇ ਨਜਾਇਜ਼ ਸੰਬੰਧ।

**ਪੂਰਵ ਵਿਆਹ ਸੰਬੰਧ:** ਅਣਖੀ ਦੇ ਨਾਵਲਾਂ ਵਿਚ ਪੂਰਵ ਵਿਆਹ ਸੰਬੰਧ ਵੇਖਣ ਨੂੰ ਮਿਲਦੇ ਹਨ। ਪੂਰਵ ਵਿਆਹ ਸੰਬੰਧ ਤੋਂ ਭਾਵ ਹੈ;

"ਵਿਆਹ ਪੂਰਵ ਸੰਬੰਧਾਂ ਦੇ ਅੰਤਰਗਤ ਔਰਤ-ਮਰਦ ਦੇ ਪ੍ਰੇਮ-ਸੰਬੰਧਾਂ ਨੂੰ ਰੱਖਿਆ ਗਿਆ ਹੈ। ਇਹ ਸੰਬੰਧ ਵੀ ਭਾਵੇਂ ਸਮਾਜ ਦੀ ਪ੍ਰਵਾਨਗੀ ਨਾਲ ਨਹੀਂ ਚੱਲਦੇ ਪਰ ਇਨ੍ਹਾਂ ਸੰਬੰਧਾਂ ਦਾ ਆਧਾਰ ਔਰਤ-ਮਰਦ ਅੰਦਰ ਉਪਜਿਆ ਪਿਆਰ ਦਾ ਕੁਦਰਤੀ ਜਜ਼ਬਾ, ਕਾਮ ਦੀ ਖਿੱਚ ਅਤੇ ਸ਼ਕਤੀ ਬਣਦਾ ਹੈ।"[2]

ਵਿਆਹ ਪੂਰਵ ਸੰਬੰਧ ਸਦੀਆਂ ਤੋਂ ਚੱਲੇ ਆ ਰਹੇ ਹਨ ਪਰ ਇਹ ਸਾਡੇ ਸਮਾਜ ਵਿਚ ਕਦੇ ਵੀ ਪ੍ਰਵਾਨ ਨਹੀਂ ਕੀਤੇ ਜਾਂਦੇ। ਇਨ੍ਹਾਂ ਦੀ ਪ੍ਰਤੱਖ ਉਦਾਹਰਨ ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜ਼ਾ-ਸਾਹਿਬਾ ਆਦਿ ਜਿਹੇ ਸਾਡੇ ਪ੍ਰੇਮੀ ਨਾਇਕ ਹਨ। ਬੇਸ਼ੱਕ ਅੱਜ ਸਾਡਾ ਸਮਾਜ ਇਨ੍ਹਾਂ ਪ੍ਰੇਮ ਸੰਬੰਧ ਨੂੰ ਕਬੂਲਣ ਲੱਗ ਪਿਆ ਹੈ ਪਰ ਇਨ੍ਹਾਂ ਨੂੰ ਕਬੂਲਣਾ ਸਮਾਜਿਕ ਬਦਨਾਮੀ ਤੋਂ ਬਚਣ ਦਾ ਇਕ ਸਾਧਨ ਹੈ। ਜ਼ਿਆਦਾਤਰ ਮਾਂ-ਬਾਪ ਬਦਨਾਮੀ ਜਾਂ ਆਪਣੇ ਬੱਚਿਆਂ ਦੀ ਖੁਸ਼ੀ ਲਈ ਇਨ੍ਹਾਂ ਸੰਬੰਧਾਂ ਨੂੰ ਕਬੂਲ ਤਾਂ ਲੈਂਦੇ ਹਨ ਪਰ ਦਿਲੋਂ ਕਦੇ ਖੁਸ਼ ਨਹੀਂ ਹੁੰਦੇ। ਪੇਂਡੂ ਖੇਤਰਾਂ ਵਿਚ ਅੱਜ ਵੀ ਇਨ੍ਹਾਂ ਸੰਬੰਧਾਂ ਨੂੰ ਇਕ ਅਪਰਾਧ ਦੀ ਤਰ੍ਹਾਂ ਲਿਆ ਜਾਂਦਾ ਹੈ। ਅਣਖੀ ਦੇ ਨਾਵਲ ਜ਼ਿਆਦਾਤਰ ਪੇਂਡੂ ਸਭਿਆਚਾਰ ਦੀ ਤਰਜ਼ਮਾਨੀ ਕਰਦੇ ਹਨ। ਉਸ ਦੀਆਂ ਪਾਤਰਾਂ ਦੇ ਆਮ ਤੌਰ 'ਤੇ ਪੂਰਵ ਵਿਆਹ ਸੰਬੰਧ ਹਨ। ਜੋ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਦੁਖਾਂਤ ਦਾ ਕਾਰਨ ਬਣਦੇ ਹਨ।

**'ਹਮੀਰਗੜ' ਨਾਵਲ ਵਿਚ ਪੂਰਵ ਵਿਆਹ ਸੰਬੰਧ:-** ਹਮੀਰਗੜ ਨਾਵਲ 'ਦੁੱਲੇ ਦੀ ਢਾਬ' ਦਾ ਦੂਸਰਾ ਭਾਗ ਹੈ। ਇਹ ਨਾਵਲ 'ਸਰਦਾਰੋ' ਤੋਂ ਅੱਗੇ ਵੀ ਤੁਰਦਾ ਹੈ ਅਤੇ ਆਪਣੇ ਆਪ ਵਿਚ ਸੰਪੂਰਨ ਵੀ ਹੈ। ਇਸ ਨਾਵਲ ਦੀ ਮੁੱਖ ਪਾਤਰ ਮੱਘੋ ਹੈ ਜੋ 'ਦੁੱਲੇ ਦੀ ਢਾਬ' ਵਿਚ ਬਾਬਾ ਰਾਮਦਾਸ ਕੋਲ ਪੜ੍ਹਨ ਆਉਂਦੀ ਹੈ। ਮੱਘੋ (ਮਨਜੀਤ) ਦਾ ਡੇਰੇ ਦੇ ਇਕ ਸੇਵਾਦਾਰ ਸੁੱਖੂ ਨਾਲ ਪਿਆਰ ਪੈ ਜਾਂਦਾ ਹੈ। ਇਹ ਪ੍ਰੇਮ ਸੰਬੰਧ ਸਰੀਰਿਕ ਸੰਬੰਧਾਂ ਤੱਕ ਪਹੁੰਚ ਜਾਂਦੇ ਹਨ। ਜਿਸ ਦੇ ਨਤੀਜੇ ਵਜੋਂ ਮੱਘੋ ਵਿਆਹ ਤੋਂ ਪਹਿਲਾ ਹੀ ਗਰਭਵਤੀ ਹੋ ਜਾਂਦੀ ਹੈ। ਸੁੱਖੂ ਅਜਿਹੇ ਮਰਦ ਦਾ ਪ੍ਰਤੀਕ ਹੈ ਜਿਸ ਦਾ ਪਿਆਰ ਸਿਰਫ਼ ਜਿਸਮਾਨੀ ਸੰਬੰਧਾਂ ਤੱਕ ਹੀ ਸੀਮਿਤ ਹੈ ਉਹ ਮੱਘੋ ਨੂੰ ਵਰਤਦਾ ਹੈ ਅਤੇ ਵਰਤ ਕੇ ਸੁੱਟ ਦਿੰਦਾ ਹੈ। ਸੁੱਖੂ ਨੂੰ ਜਦੋਂ ਮੱਘੋ ਦੇ ਗਰਭਵਤੀ ਹੋਣ ਦੀ ਸੂਚਨਾ ਮਿਲਦੀ ਹੈ ਤੇ ਉਹ ਬਿਨਾਂ ਕਿਸੇ ਨੂੰ ਦੱਸੇ ਡੇਰੇ ਵਿਚੋਂ ਦੋੜ ਜਾਂਦਾ ਹੈ। ਮੱਘੋ ਸਾਰਾ ਸਾਰਾ ਦਿਨ ਸੁੱਖੂ ਕਰਕੇ ਡੇਰੇ ਵਿਚ ਹੀ ਰਹਿੰਦੀ ਹੈ। ਉਸ ਦੇ ਡੇਰੇ ਵਿਚ ਵੱਧ ਦੇ ਸਮੇਂ ਨੂੰ ਵੇਖ ਕੇ ਬਾਬਾ ਰਾਮਦਾਸ ਗੱਲ ਨੂੰ ਭਾਪ ਲੈਂਦਾ ਹੈ ਅਤੇ ਮੱਘੋ ਨੂੰ ਸਮਝਾਉਂਦਾ ਹੈ;

"ਭਾਈ ਮੱਘੋ ਰਾਣੀ, ਮਨਜੀਤ ਕੁਰ ਕੁੜੀਆਂ ਨਾਲ ਈ ਉਠ ਜਿਆ ਕਰ ਜਾਂਦੀ ਕੱਲੀ ਜਾਨੀ ਐਂ। ਕੰਮਾਂ ਨੂੰ ਕੀਹ ਐ, ਏਥੇ ਤਾਂ ਉਂ ਵੀ ਸਰੀ ਜਾਂਦੈ"

ਕਦੇ ਪੁੱਛਦਾ, "ਤੈਨੂੰ ਤੇਰੀ ਮਾਂ ਨੀ ਆਖਦੀ, ਬਈ ਸੰਦੇਂਹਾ ਆ ਜਿਆ ਕਰ?"[3]

ਰਾਮ ਦਾਸ ਉਸ ਨੂੰ ਬਹੁਤ ਸਮਝਾਉਂਦਾ ਪਰ ਮੱਘੋ 'ਤੇ ਹਰ ਸਮੇਂ ਸੁੱਖੂ ਦਾ ਭੂਤ ਸਵਾਰ ਰਹਿੰਦਾ ਹੈ ਅਤੇ ਉਹ ਡੇਰੇ ਆਉਣ ਤੋਂ ਨਾ ਹਟੀ। ਮੱਘੋ ਦੇ ਰਾਂਗਲੇ ਸੁਪਨੇ ਉਸ ਸਮੇਂ ਟੁੱਟਦੇ ਹਨ ਜਦੋਂ ਸੁੱਖੂ ਉਸ ਨੂੰ ਗਰਭਵਤੀ ਹਾਲਤ ਵਿਚ ਛੱਡ ਕੇ ਭੱਜ ਜਾਂਦਾ ਹੈ। ਮੱਘੋ ਦੀ ਜ਼ਿੰਦਗੀ ਵਿਚ ਤੂਫਾਨ ਆ ਜਾਂਦਾ ਹੈ ਜਦੋਂ ਉਸ ਦੇ ਗਰਭਵਤੀ ਹੋਣ ਦੀ ਖ਼ਬਰ ਉਸ ਦੀ ਮਾਂ ਨੂੰ ਲੱਗਦੀ ਹੈ ਜਿਸ ਕਾਰਨ ਉਹ ਘਰ ਵਿਚੋਂ ਤ੍ਰਿਸਕਾਰੀ ਜਾਂਦੀ ਹੈ। ਮੱਘੋ ਹਰ ਰਾਤ ਸੁੱਖੂ ਦੇ ਵਾਪਿਸ ਆਉਣ ਦੇ ਸੁਪਨੇ ਦੇਖਦੀ ਹੈ ਅਤੇ ਉਸ ਦਾ ਮਨ ਅਸ਼ਾਂਤ ਰਹਿੰਦਾ ਹੈ ਕਿਉਂਕਿ ਉਸ ਦੀ ਸੁੱਖੂ ਨਾਲ ਜ਼ਿੰਦਗੀ ਜਿਉਣ ਦੀ ਤਮੰਨਾ ਪੂਰੀ ਨਹੀਂ ਹੁੰਦੀ। ਉਹ ਰਾਤ ਦੇ ਹਨ੍ਹੇਰੇ ਵਿਚ ਆਪਣੀ ਜ਼ਿੰਦਗੀ ਵਿਚ ਵੀ ਹਨ੍ਹੇਰਾ ਹੀ ਸਮਝਦੀ ਹੈ "ਸਮਾਜਿਕ ਤੌਰ 'ਤੇ ਵਰਜਿਤ ਇਛਾਵਾਂ ਮਨੁੱਖੀ ਮਨ ਦੇ ਚੇਤਨ ਵਿਚ ਨਹੀਂ ਠਹਿਰਦੀਆਂ ਤੇ ਉਹ ਦਮਿਤ-ਇਛਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਜੋ ਰਾਤ ਦੇ ਹਨ੍ਹੇਰੇ ਵਿਚ ਨੀਂਦ ਨੂੰ ਅਸ਼ਾਂਤ ਕਰਦੀਆਂ ਹਨ ਅਤੇ ਪ੍ਰਤੀਕਾਤਮਕ ਵਸਤਾਂ ਰਾਹੀਂ ਪ੍ਰਗਟ ਹੁੰਦੀਆਂ ਹਨ।"[4] ਉਹ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਮਨ ਵਿਚ ਦਬਾ ਲੈਂਦੀ ਹੈ। ਉਹ ਅੰਦਰ ਹੀ ਅੰਦਰ ਮਰਦੀ ਹੈ ਉਸ ਨੇ ਡੇਰੇ 'ਤੇ ਜਾਣਾ ਵੀ ਬੰਦ ਕਰ ਦਿੱਤਾ। ਸਿਰਫ਼ ਸੁੱਖੂ ਦੀ ਗਲਤੀ ਕਰਕੇ ਨਹੀਂ ਤਾਂ ਮੱਘੋ ਤਾਂ ਸੰਤ ਰਾਮਦਾਸ ਦੇ ਕਹਿਣ 'ਤੇ ਵੀ ਡੇਰੇ 'ਤੇ ਜਾਣਾ ਘੱਟ ਨਹੀਂ ਕਰਦੀ ਸੀ। ਮੱਘੋ ਦੀ ਮਾਂ ਚੰਦ ਕੁਰ ਫਿਕਰਾਂ ਵਿਚ ਰਹਿਣ ਲੱਗੀ। ਦੋਵੇਂ ਮਾਵਾਂ ਧੀਆਂ ਦੇ ਦਿਲ 'ਤੇ ਹਰ ਸਮੇਂ ਉਦਾਸੀ ਛਾਈ ਰਹਿੰਦੀ ਪ੍ਰੰਤੂ ਦੋਵਾਂ ਦਾ ਦੁਖਾਂਤ ਵੱਖਰਾ ਸੀ। ਮੱਘੋ, ਸੁੱਖੂ ਦੀ ਬੇਵਫ਼ਾਈ ਕਾਰਨ ਦੁਖੀ ਸੀ ਅਤੇ ਚੰਦ ਕੁਰ ਕੁਆਰੀ ਧੀ ਦੇ ਗਰਭ ਵਿਚਲੇ ਬੱਚੇ ਕਾਰਨ। ਚੰਦ ਕੁਰ ਮੱਘੋ ਨੂੰ ਉਸ ਦੇ ਬੱਚੇ ਦੇ ਪਿਤਾ ਦਾ ਨਾਂ ਪੁੱਛ-ਪੁੱਛ ਕੇ ਹਾਰ ਜਾਂਦੀ ਹੈ ਪ੍ਰੰਤੂ ਮੱਘੋ ਮਾਂ ਨੂੰ ਆਪਣੇ ਨਾਲ ਬੀਤੀ ਨਾ ਸੁਣਾ ਸਕੀ। ਉਹ ਰਾਮਦਾਸ ਨੂੰ ਆਪਣੇ ਨਾਲ ਬੀਤੀ ਦੱਸਦੀ ਹੈ;

'ਉਹ ਉੱਠ ਕੇ ਬੈਠ ਗਈ। ਰੋਣਾ ਬੰਦ ਕਰ ਦਿੱਤਾ। ਸਿਰ ਦਾ ਦੁਪੱਟਾ ਸੰਭਾਲਿਆ। ਘਰ ਵੀ ਉਹ ਵਾਲਾਂ ਦਾ ਜੂੜਾ ਕਰ ਕੇ ਰੱਖਦੀ ਤੇ ਚਿੱਟਾ ਦੁਪੱਟਾ ਸਾਫੇ ਵਾਂਗ ਬੰਨ੍ਹਦੀ ਬੋਲੀ "ਸੁੱਖੂ ਛੇੜਦਾ ਹੁੰਦਾ ਸੀ ਬਾਬਾ ਜੀ ਮੈਨੂੰ।"[5]

ਉਸ ਦੀ ਗੱਲ ਸੁਣ ਕੇ ਰਾਮਦਾਸ ਨੂੰ ਸੁੱਖੂ ਦੀ ਡੇਰੇ ਵਿਚੋਂ ਭੱਜਣ ਦੀ ਸਾਰੀ ਕਹਾਣੀ ਦੀ ਅਸਲ ਕਹਾਣੀ ਸਮਝ ਆਉਂਦੀ ਹੈ। ਔਰਤ ਦੇ ਸੰਬੰਧ ਵਿਚ ਇਕ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਉਸਦਾ ਕੋਈ ਵੀ ਕਾਰਜ ਪ੍ਰਾਕਿਤਕ ਮੰਨਿਆ ਜਾਂਦਾ। ਉਸਦੇ ਹਰ ਕਾਰਜ ਲਈ ਸਭਿਆਚਾਰਕ ਅਤੇ ਸਮਾਜਿਕ ਪ੍ਰਵਾਨਗੀ ਲਾਜ਼ਮੀ ਸ਼ਰਤ ਹੈ। ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਫ਼ੈਸਲੇ ਲਈ ਪੁਰਸ਼ ਨੇ ਉਸ ਨੂੰ ਆਪਣੇ 'ਤੇ ਨਿਰਭਰ ਰੱਖਿਆ ਹੋਇਆ ਹੈ, ਅਸੀਂ ਦੇਖਦੇ ਹਾਂ ਕਿ ਔਰਤ ਜੇਕਰ ਕਿਸੇ ਨਾਲ ਪਿਆਰ ਕਰਦੀ ਹੈ ਤਾਂ ਨੁਕਸਾਨ ਹੀ ਉਠਾਉਂਦੀ ਹੈ ਕਿਉਂਕਿ ਮਰਦ ਪ੍ਰਧਾਨ ਸਮਾਜ ਹਰ ਪੱਖ ਤੋਂ ਉਸ ਦਾ ਲਾਹਾ ਉਠਾਉਣਾ ਚਾਹੁੰਦਾ ਹੈ। ਇਸੇ ਕਰਕੇ ਕਈ ਵਾਰ ਅਜਿਹਾ ਹੁੰਦਾ ਹੈ ਕਿ ਔਰਤ ਦੀ ਆਜ਼ਾਦੀ ਜਾਂ ਉਸ ਦੀ

ਮਨਮਰਜ਼ੀ ਉਸ ਨੂੰ ਉਸਾਰ ਵੱਲ ਲਿਜਾਣ ਦੀ ਬਜਾਏ ਨਿਘਾਰ ਵੱਲ ਲੈ ਜਾਂਦੀ ਹੈ। ਇਸੇ ਪ੍ਰਕਾਰ ਅਣਖੀ ਨੇ ਆਪਣੇ ਨਾਵਲ ਵਿਚ ਮਰਦ ਦੀ ਬੇਵਫ਼ਾਈ ਨੂੰ ਬਿਆਨ ਕੀਤਾ ਹੈ।

ਬੇਸ਼ੱਕ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਨਾਰੀਵਾਦੀ ਲਹਿਰਾ ਉਠੀਆਂ ਹਨ ਜੋ ਕਿ ਔਰਤ ਦੀ ਸਥਿਤੀ ਨੂੰ ਸੁਧਾਰਨ ਦੇ ਦਾਵੇ ਕਰਦੀਆਂ ਹਨ ਪ੍ਰੰਤੂ ਅੱਜ ਵੀ ਔਰਤ ਜਿਸਮਾਨੀ ਅਤੇ ਮਾਨਸਿਕ ਸ਼ੌਸ਼ਣ ਦੀ ਸ਼ਿਕਾਰ ਹੈ। ਅੱਜ ਵੀ ਜੇਕਰ ਔਰਤ ਕਿਸੇ ਨਾਲ ਬਾਹਰ ਸੰਬੰਧ ਬਣਾਉਂਦੀ ਹੈ ਤਾਂ ਨੁਕਸਾਨ ਹੀ ਉਠਾਉਂਦੀ ਹੈ। ਉਸ ਦੇ ਸੰਬੰਧਾਂ ਦੇ ਕਾਰਨ ਦੋਸ਼ੀ ਉਸ ਨੂੰ ਹੀ ਠਹਿਰਾਇਆ ਜਾਂਦਾ ਹੈ। ਮਰਦ ਨੂੰ ਕੋਈ ਦੋਸ਼ ਨਹੀਂ ਦਿੰਦਾ। ਡਾ. ਬਲਵਿੰਦਰ ਕੌਰ ਬਰਾੜ ਇਸ ਬਾਰੇ ਲਿਖਦੀ ਹੈ;

> "ਵਿਸ਼ਵ-ਵਿਆਪੀ ਪੱਧਰ 'ਤੇ ਚੱਲੀਆਂ ਨਾਰੀਵਾਦੀ ਲਹਿਰਾ ਉਸ ਲਛਮਣ ਰੇਖਾਵਾਂ ਨੂੰ ਘੂਰਨ ਵਾਲੀ ਆਜ਼ਾਦੀ ਤਾਂ ਲੈ ਆਂਦੀ ਪਰ ਉਸ ਤੋਂ ਪਾਰ ਜਾਣ ਵਾਲੀ ਸਥਿਤੀ ਹਾਲੇ ਡਾਵਾਂਡੋਲ ਹੈ। ਹੁਣ ਉਹ ਪਿਓ ਦੀ ਪੱਗ, ਮਾਂ ਦੇ ਹੰਝੂ, ਵੱਡੀ ਭੈਣ ਦੇ ਸੁਹਰੇ, ਛੋਟੀ ਭੈਣ ਦੀ ਮੰਗਣੀ, ਵੀਰੇ ਦੀ ਪੁਜ਼ੀਸ਼ਨ, ਚਾਚੇ-ਤਾਇਆਂ ਦੀ ਇੱਜ਼ਤ, ਗੁਆਂਢੀਆਂ ਦੇ ਮਿਹਣੇ ਖਾਸ ਕਰਕੇ ਪਤੀ ਦੇ ਰੁਤਬੇ ਦੇ ਉਹ ਰਿਵਾਇਤੀ ਅਰਥਾਂ ਤੋਂ ਮੁਨਕਰ ਹੋ ਖੜੀ ਹੈ।"[6]

ਭਾਵ ਕਿ ਅੱਜ ਵੀ ਔਰਤ ਗੁਲਾਮੀ ਭਰਪੂਰ ਜੀਵਨ ਬਤੀਤ ਕਰਦੀ ਹੈ। ਮੱਘੋ ਦਾ ਵਿਆਹ ਇੱਕ ਵੱਡੀ ਉਮਰ ਦੇ ਵਿਅਕਤੀ ਨਾਲ ਸਿਰਫ਼ ਇਸ ਕਰਕੇ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਵਿਆਹ ਤੋਂ ਪਹਿਲਾ ਮਾਂ ਬਣਨ ਵਾਲੀ ਹੈ। ਕਿਸੇ ਹੋਰ ਮਰਦ ਦੀ ਬੇਵਫ਼ਾਈ ਦੀ ਸਜ਼ਾ ਮੱਘੋ ਨੂੰ ਮਿਲਦੀ ਹੈ। ਮੱਘੋ ਦੇ ਵਿਆਹ ਪੂਰਵ ਸੰਬੰਧਾਂ ਕਾਰਨ ਰਾਮਦਾਸ ਚਲਾਕੀ ਨਾਲ ਉਸ ਦਾ ਰਿਸ਼ਤਾ ਆਪਣੇ ਵੱਡੀ ਉਮਰ ਦੇ ਭਰਾ ਨਾਲ ਕਰ ਦਿੰਦਾ ਹੈ। ਮੱਖੋ ਨੇ ਆਪਣੇ ਤੇ ਸੁੱਖੂ ਦੇ ਸੰਬੰਧਾਂ ਦੀ ਗੱਲ ਕਿਸੇ ਨੂੰ ਨਾ ਦੱਸੀ ਸਿਰਫ਼ ਰਾਮਦਾਸ ਹੀ ਜਾਣਦਾ ਸੀ ਕਿ ਉਸ ਦੇ ਬੱਚੇ ਦਾ ਅਸਲੀ ਬਾਪ ਕੌਣ ਹੈ। ਵਿਆਹ ਤੋਂ ਬਾਅਦ ਮੱਘੋ ਦੇ ਜਦੋਂ ਸਮੇਂ ਤੋਂ ਪਹਿਲਾ ਮੁੰਡਾ ਹੋ ਜਾਂਦਾ ਹੈ ਤਾਂ ਸਾਰੇ ਇਹ ਸੋਚਦੇ ਹਨ ਕਿ ਇਹ ਬੱਚਾ ਰਾਮਦਾਸ ਦਾ ਹੈ ਪਿੰਡ ਦੇ ਲੋਕ ਉਸ ਨੂੰ ਚਰਿੱਤਰਹੀਣ ਆਖਦੇ ਹਨ ਅਤੇ ਅੰਦਰੋਂ-ਅੰਦਰ ਉਸ ਨੂੰ ਮਾੜਾ ਆਖਦੇ ਹਨ। ਔਰਤ ਦੀ ਇਹੀ ਕਹਾਣੀ ਹੈ ਕਿ ਉਸ ਨਾਲ ਬੀਤੀ ਬਾਰੇ ਕੋਈ ਜਾਨਣ ਦੀ ਕੋਸ਼ਿਸ਼ ਨਹੀਂ ਕਰਦਾ ਬਲਕਿ ਸਾਰੇ ਉਸ ਨੂੰ ਇਕ ਅਪਰਾਧੀ ਸਮਝ ਕੇ ਉਸ ਅੱਗੇ ਸਵਾਲਾਂ ਦੀ ਕਚਹਿਰੀ ਲਗਾ ਲੈਂਦੇ ਹਨ। ਉਸ ਦੀਆਂ ਭਾਵਨਾਵਾਂ ਨੂੰ ਕੋਈ ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰਦਾ ਬਸ ਉਸ ਨੂੰ ਅਪਰਾਧੀ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਚੁੱਪ ਧਾਰਨ ਕਰਨਾ ਔਰਤ ਦੀ ਸ਼ੁਰੂ ਤੋਂ ਹੀ ਪ੍ਰਵਿਰਤੀ ਹੀ ਰਹੀ ਹੈ। ਉਹ ਲੱਖਾਂ ਦੁੱਖ ਝੱਲ ਕੇ ਵੀ ਚੁੱਪ ਹੀ ਰਹਿੰਦੀ ਹੈ। ਉਸ ਦੀ ਇਸੇ ਚੁੱਪੀ ਦਾ ਮਰਦ ਨੇ ਹਮੇਸ਼ਾ ਲਾਭ ਉਠਾਇਆ ਹੈ। ਉਹ ਮਰਦ ਦੀ ਬੇਵਫ਼ਾਈ ਨੂੰ ਦਿਲ ਵਿਚ ਰੱਖ ਕੇ ਰੱਬੀ ਭਾਣਾ ਮੰਨ ਕੇ ਬੈਠ ਜਾਂਦੀ ਹੈ। ਮੱਘੋ ਵੀ

ਸੁੱਖੂ ਦੇ ਦਿੱਤੇ ਧੋਖੇ ਨੂੰ ਦਿਲ ਵਿਚ ਹੀ ਦੱਬ ਲੈਂਦੀ ਹੈ ਉਸ ਦੀ ਯਾਦ ਵਿਚ ਤੜਫਦੀ ਹੈ ਅਤੇ ਕਿਸੇ ਨੂੰ ਦੱਸ ਵੀ ਨਹੀਂ ਸਕਦੀ। ਸੁੱਖੂ ਦੇ ਬੱਚੇ ਨੂੰ ਮੱਘੋ ਆਪਣੇ ਪਤੀ ਦਾ ਬੱਚਾ ਦੱਸਦੀ ਤਾਂ ਹੈ ਪਰ ਉਹ ਇਸ ਸੱਚਾਈ ਨੂੰ ਖੁਦ ਤੋਂ ਕਿਵੇਂ ਛੁਪਾ ਕੇ ਰੱਖ ਸਕਦੀ ਸੀ। ਬੱਚੇ ਤੋਂ ਬਾਅਦ ਤਾਂ ਮੱਘੋ ਨੂੰ ਸੁੱਖੂ ਦੀ ਹੋਰ ਵੀ ਯਾਦ ਸਤਾਉਂਦੀ ਹੈ ਕਿਉਂਕਿ ਉਸ ਨੂੰ ਆਪਣੇ ਪੁੱਤ ਵਿਚੋਂ ਆਪਣੇ ਪ੍ਰੇਮੀ ਦੀ ਝਲਕ ਦਿਸਦੀ ਹੈ। ਉਹ ਤਾਂ ਆਪਣੇ ਪੁੱਤ ਦਾ ਨਾ ਵੀ ਸੁੱਖ ਰੱਖਦੀ ਹੈ ਜੋ ਕਿ ਚੰਦ ਕੁਰ ਨੂੰ ਪਸੰਦ ਨਹੀਂ ਉਹ ਆਖਦੀ ਹੈ;

> "ਕੁੜੇ ਭਾਈ, ਇਹ ਸੁੱਖ ਕੀ ਨਾਂ ਹੋਇਆ ਮੁੰਡੇ ਦਾ।
> 'ਸੁਖਵੰਤ' ਆਖ, 'ਸੁਖਦੇਵ' ਆਖ, ਜਾਂ 'ਸੁਖਦਰਸ਼ਨ
> ਆਖ। ਸੁੱਖ ਤਾਂ ਅੱਧਾ ਨਾਂ ਐ।" [7]

ਪਰ ਮੱਘੋ ਆਪਣੇ ਪੁੱਤਰ ਨੂੰ ਸੁੱਖੂ ਆਖ ਕੇ ਮਾਨਸਿਕ ਅਨੰਦ ਪ੍ਰਾਪਤ ਕਰਦੀ ਹੈ। ਅਣਖੀ ਦੇ ਨਾਵਲਾਂ ਵਿਚ ਇਕ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਉਸ ਦੇ ਨਾਵਲਾਂ ਦੀਆਂ ਨਾਰੀ ਪਾਤਰਾਂ ਦੇ ਵਿਆਹ ਪੂਰਵ ਸੰਬੰਧ ਹਨ ਅਤੇ ਇਨ੍ਹਾਂ ਸੰਬੰਧਾਂ ਦੌਰਾਨ ਉਹ ਸਰੀਰਿਕ ਸੰਬੰਧ ਸਥਾਪਿਤ ਕਰਦੀਆਂ ਹਨ। ਜਿਸ ਕਾਰਨ ਉਹ ਵਿਆਹ ਤੋਂ ਪਹਿਲਾ ਹੀ ਗਰਭਵਤੀ ਹੋ ਜਾਦੀਆਂ ਹਨ। ਜ਼ਿਆਦਾਤਰ ਔਰਤ ਪਾਤਰਾਂ ਦੇ ਵਿਆਹ ਦਾ ਮੁੱਖ ਕਾਰਨ ਹੀ ਉਨ੍ਹਾਂ ਦਾ ਵਿਆਹ ਤੋਂ ਪਹਿਲਾ ਗਰਭਵਤੀ ਹੋਣਾ ਹੈ। ਇਸੇ ਪ੍ਰਕਾਰ ਦੀ ਦਾਸਤਾਨ ਮੱਘੋ ਦੀ ਵੀ ਹੀ। ਉਹ ਜਦ ਆਪਣੇ ਪੁੱਤ ਨੂੰ ਲੈ ਕੇ ਰਾਮਦਾਸ ਦੇ ਡੇਰੇ ਤੇ ਜਾਂਦੀ ਹੈ ਤਾਂ ਅਤੀਤ ਦੀਆਂ ਯਾਦਾਂ ਫਿਰ ਉਸ ਨੂੰ ਘੇਰਾ ਪਾ ਲੈਂਦੀਆਂ ਹਨ। ਇਹ ਉਹ ਥਾਂ ਹੈ ਜਿੱਥੇ ਮੱਘੋ ਦੇ ਸੁੱਖੂ ਨਾਲ ਸੰਬੰਧ ਬਣੇ ਸਨ। ਜਦੋਂ ਉਹ ਡੇਰੇ ਦੇ ਅੰਦਰ ਬਣੇ ਗੁਸਲਖਾਨੇ ਦੇ ਅੰਦਰ ਜਾਂਦੀ ਹੈ ਤਾਂ ਬੀਤੇ ਵਕ਼ਤ ਦੀਆਂ ਯਾਦਾਂ ਉਸ ਨੂੰ ਆਣ ਘੇਰਦੀਆਂ ਹਨ;

> "ਮੱਘੋ ਇਸ ਗੁਸਲਖਾਨੇ ਵਿਚ ਖਾਸਾ ਚਿਰ ਖੜ੍ਹੀ ਰਹੀ। ਜਿਵੇਂ
> ਕੋਈ ਗੁਆਚੀ ਚੀਜ਼ ਲੱਭ ਰਹੀ ਹੋਵੇ। ਫਿਰ ਉਹਦੀ ਨਿਗਾਹ
> ਥੱਲੇ ਜਿਹੇ ਗਈ। ਇਥੇ ਲੱਕੜ ਦੇ ਕੋਲੇ ਨਾਲ ਕੁਝ ਲਿਖਿਆ
> ਹੋਇਆ ਸੀ। ਕੋਈ ਅੱਖਰ ਸੀ ਇਹ। ਉਹਨੂੰ ਯਾਦ ਆਇਆ
> ਸੁੱਖੂ ਨੇ ਏਥੇ ਕੋਲੇ ਨਾਲ 'ਮ' ਅੱਖਰ ਲਿਖ ਦਿੱਤਾ ਸੀ ਤੇ ਫਿਰ
> ਮੱਘੋ ਨੇ ਸੁੱਖੂ ਹੱਥੋਂ ਓਹੀ ਕੋਲਾ ਫੜ ਕੇ 'ਮ' ਉੱਤੇ ਲਕੀਰ ਵਾਹ
> ਦਿੱਤੀ ਸੀ।"[8]

ਇਹ ਉਹ ਗੁਸਲਖਨਾ ਸੀ ਜਿੱਥੇ ਮੱਘੋ ਦੇ ਸੁੱਖੂ ਨਾਲ ਸੰਬੰਧ ਬਣੇ ਸਨ। ਉਹ ਇਕ ਅਬਲਾ ਨਾਰੀ ਦੀ ਤਰ੍ਹਾਂ ਬੱਸ ਹੰਝੂ ਬਹਾਉਣ ਲਈ ਮਜ਼ਬੂਰ ਹੈ, ਕਿਉਂਕਿ ਉਸ ਦਾ ਪ੍ਰੇਮੀ ਉਸ ਨੂੰ ਦਗਾ ਦੇ ਜਾਂਦਾ ਹੈ ਅਤੇ ਉਸ ਨੂੰ ਗਰਭਵਤੀ ਕਰਕੇ ਸਮਾਜਿਕ ਬਦਨਾਮੀ ਲਈ ਛੱਡ ਜਾਂਦਾ ਹੈ। ਜਿਸ ਕਾਰਨ ਮੱਘੋ ਦੁਵਿਧਾ ਵਾਲੀ ਸਥਿਤੀ ਵਿਚ ਆ ਜਾਂਦੀ ਹੈ। ਜੇਕਰ ਅਸੀਂ ਔਰਤ ਦੀ ਸਥਿਤੀ ਬਾਰੇ ਗੱਲ ਕਰਦੇ ਹਾਂ ਤਾਂ ਸੰਸਾਰ ਵਿਚ ਅੱਜ ਵੀ ਔਰਤ ਦੀ ਸਥਿਤੀ ਦੁਜੈਲੀ ਹੀ ਹੈ ਅੱਜ ਵੀ ਮਰਦ ਨੂੰ ਪਹਿਲਾ ਰੁਤਬਾ ਪ੍ਰਦਾਨ ਹੈ। ਨਾਰੀ ਦੀ ਇਸ ਦੁਜੈਲੀ ਸਥਿਤੀ ਬਾਰੇ ਨਾਨਕ ਸਿੰਘ ਜੀ ਲਿਖਦੇ ਹਨ;

> "ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਨਾਰੀ ਨੂੰ ਅਬਲਾ ਬਣਾਉਣ ਦਾ ਦੋਸ਼ੀ ਮਰਦ ਹੈ ਪਰ ਜੇ ਇਹ ਉਮੀਦ ਕੀਤੀ ਜਾਵੇ ਕਿ ਅਬਲਾ ਨੂੰ ਮੁੜ ਸਬਲਾ ਬਣਾਉਣ ਦੀ ਕਲਾ ਵੀ ਮਰਦ ਦੇ ਹੱਥ ਵਿੱਚ ਹੈ ਤਾਂ ਇਹ ਸੋਚਣਾ ਗਲਤ ਹੋਵੇਗਾ। ਇਸ ਪਰਿਵਰਤਨ ਲਈ ਇਸਤਰੀ ਜਾਤੀ ਨੂੰ 'ਆਪਣੇ ਹੱਥੀ ਆਪਣਾ ਆਪੇ ਹੀ ਕਾਜਿ ਸੰਵਾਰੀਏ' ਦੇ ਮਹਾਵਾਂਕ ਉੱਤੇ ਅਮਲ ਕਰਨਾ ਹੋਵੇਗਾ, ਜਦੋਂ ਹੀ ਉਹ ਆਪਣੀ ਸਹਾਇਤਾ ਲਈ ਉੱਠੇਗੀ ਕਿ ਮਰਦ ਜਿਸ ਨਾਲ ਉਸ ਦਾ ਅਸਲੀ ਸਾਥ ਹੈ ਉਸ ਦਾ ਸਾਥ ਦੇਣ ਲਈ ਤਿਆਰ ਹੋ ਜਾਵੇਗਾ।"[9]

ਕਹਿਣ ਤੋਂ ਭਾਵ ਹੈ ਕਿ ਮੱਘੋ ਵਰਗੀ ਔਰਤ ਜ਼ਿੰਦਗੀ ਵਿਚ ਹਾਰ ਨਹੀਂ ਮੰਨਦੀ ਬੇਸ਼ੱਕ ਉਹ ਆਉਣ ਵਾਲੀਆਂ ਪਰੇਸ਼ਾਨੀਆਂ ਤੋਂ ਕੁੱਝ ਸਮੇਂ ਲਈ ਘਬਰਾ ਜਾਂਦੀ ਹੈ ਪ੍ਰੰਤੂ ਉਹ ਫਿਰ ਸੰਭਲਦੀ ਹੈ ਆਪਣੀ ਸਹਾਇਤਾ ਆਪ ਹੀ ਕਰਦੀ ਹੈ। ਜੇਕਰ ਉਹ ਸੁੱਖੂ ਵਰਗੇ ਇਨਸਾਨ ਦੇ ਸਹਾਰੇ ਬੈਠੀ ਰਹਿੰਦੀ ਤਾਂ ਸ਼ਾਇਦ ਉਸ ਕੋਲ ਮਰਨ ਤੋਂ ਬਿਨਾ ਹੋਰ ਕੋਈ ਰਸਤਾ ਨਾ ਬਚਦਾ। ਮੱਘੋ ਵਰਗੀਆਂ ਔਰਤਾਂ ਖਾਸ ਤੌਰ 'ਤੇ ਬਦਨਾਮੀ ਦੇ ਡਰ ਕਾਰਨ ਖੁਦਕੁਸ਼ੀ ਕਰ ਲੈਂਦੀਆਂ ਹਨ। ਮਰਦ ਦੀ ਬੇਵਫ਼ਾਈ ਨੂੰ ਆਪਣੀ ਹੋਣੀ ਬਣਾ ਲੈਂਦੀਆਂ ਹਨ। ਮੱਘੋ ਅਜਿਹਾ ਨਹੀਂ ਕਰਦੀ। ਉਸ ਨੂੰ ਆਪਣੇ ਕੀਤੇ ਪਿਆਰ ਦਾ ਪਛਤਾਵਾ ਤਾਂ ਜ਼ਰੂਰ ਹੁੰਦਾ ਹੈ। ਉਹ ਆਪਣੇ ਅਤੀਤ ਨੂੰ ਕੋਸਦੀ ਹੈ ਉਹ ਸੋਚਦੀ ਹੈ ਉਸ ਨੇ ਪਿਆਰ ਨਹੀਂ ਪਾਪ ਕੀਤਾ ਹੈ। ਉਸ ਨੂੰ ਆਪਣਾ ਵਿਆਹ ਵੀ ਇਕ ਨਰਕ ਜਾਪਦਾ ਹੈ;

> "ਕੀ ਉਮਰ ਹੈ ਉਹਦੀ ਹੁਣੇ ਜੁਆਕ ਜੰਮਣ ਦੀ। ਵਿਆਹ ਦੀ ਵੀ ਕਿਹੜੀ ਉਮਰ ਸੀ। ਕੀ ਇਹ ਵਿਆਹ ਉਹਦਾ ਸੱਚ-ਮੁੱਚ ਦਾ ਵਿਆਹ ਹੈ। ਇਹ ਤਾਂ ਇਕ ਨਰੜ ਹੈ। ਬੰਦ ਖਲਾਸੀ ਦਾ ਜ਼ਾਲਮ ਉਪਾਅ।"[10]

ਉਸ ਨੇ ਸੁੱਖੂ ਨੂੰ ਦਿਲੋਂ ਪਿਆਰ ਕੀਤਾ ਸੀ। ਵਿਆਹ ਤੋਂ ਬਾਅਦ ਵੀ ਅਜੀਬ ਦੁਵਿਧਾ ਵਿਚ ਪੈ ਜਾਂਦੀ ਹੈ ਕਦੀਂ ਉਹ ਆਪਣੇ ਪ੍ਰੇਮੀ ਨੂੰ ਕੋਸਦੀ ਕਦੀ ਉਸ ਨੂੰ ਦੁਬਾਰਾ ਵੇਖਣ ਨੂੰ ਲੋਚਦੀ। ਆਪਣੇ ਪਤੀ ਨਾਲ ਸਰੀਰਿਕ ਸੰਬੰਧ ਵੀ ਉਸ ਲਈ ਮਜ਼ਬੂਰੀ ਮਾਤਰ ਹਨ। ਸਰੀਰਿਕ ਸੰਬੰਧਾਂ ਦੌਰਾਨ ਵੀ ਉਸ ਨੂੰ ਸੁੱਖੂ ਹੀ ਯਾਦ ਆਉਂਦਾ ਹੈ। ਉਹ ਉਸ ਨੂੰ ਮਿਲਣ ਵਾਸਤੇ ਤੜਫਦੀ ਹੈ;

> "ਚੰਦਰਾ ਜੇ ਹੁਣ ਮਿਲ ਜਾਵੇ ਕਿਤੇ ਮੈਂ ਉਹਨੂੰ ਸਾਬਤੇ ਨੂੰ ਆਪਣੇ
> ਅੰਦਰ ਨਿਗਲ ਲਵਾਂ। ਕਹਾ ਹੁਣ ਭੱਜ ਕੇ ਦਿਖਾ ਕਿਧਰੇ। ਪਰ ਉਹ
> ਕੀ ਕਰਦੀ, ਅਜਿਹੇ ਸਾਰੇ ਗਹਿਰੇ ਅਹਿਸਾਸ ਅੱਖਾਂ ਦਾ ਖਾਰਾ ਪਾਣੀ
> ਬਣ ਧਰਤੀ ਉੱਤੇ ਵਹਿ ਜਾਂਦੇ। ਉਹ ਸੱਖਣੀ ਦੀ ਸੱਖਣੀ ਬੈਠੀ ਰਹਿ ਜਾਂਦੀ।"[11]

ਇਹ ਵੀ ਉਸ ਦੀ ਮਾਨਸਿਕ ਉਥਲ-ਪੁਥਲ ਦਾ ਹੀ ਨਤੀਜਾ ਹੈ ਕਿ ਜਿਸ ਸੁੱਖੂ ਦੀ ਉਹ ਇੱਕ ਝਲਕ ਨੂੰ ਸਾਰੀ ਉਮਰ ਤਰਸਦੀ ਰਹੀ ਅੰਤ ਜਦੋਂ ਉਸ ਸਾਹਮਣੇ ਆਣ ਖਲੋਦਾ ਹੈ ਤਾਂ ਮੱਘੋ ਨੂੰ ਉਸ ਕੋਲੋਂ ਨਫ਼ਰਤ ਹੋ ਜਾਂਦੀ ਹੈ। ਉਹ ਆਪਣੀ ਸੱਸ ਨੂੰ ਆਖਦੀ ਹੈ ਕਿ ਇਹ ਚੰਗਾ ਬੰਦਾ ਨਹੀਂ ਇਸ ਨੂੰ ਚਾਹ ਪਾਣੀ ਪਿਲਾ ਕੇ ਤੋਰ ਦਿੱਤਾ ਜਾਵੇ। ਇਸ ਪ੍ਰਕਾਰ ਅਣਖੀ ਨੇ 'ਹਮੀਰਗੜ' ਵਿਚ ਮੱਘੋ ਦੇ ਪੂਰਵ ਵਿਆਹ ਸੰਬੰਧਾਂ ਦਾ ਬਿਆਨ ਕੀਤਾ ਹੈ ਅਤੇ ਇਹ ਮੱਘੋ ਦੀ ਮਾਨਸਿਕ ਤ੍ਰਾਸਦੀ ਹੈ ਕਿ ਉਹ ਹੁਣ ਤੱਕ ਸੁੱਖੂ ਨੂੰ ਯਾਦ ਕਰਦੀ ਹੈ। ਇਸ ਨਾਵਲ ਵਿਚ ਸਾਮੰਤੀ ਸਮਾਜ ਦੀ ਬਣਤਰ ਬਾਰੇ ਵਿਆਖਿਆ ਕਰੀਏ ਤਾਂ ਔਰਤ ਦਾ ਜ਼ਿਕਰ ਪ੍ਰਮੁੱਖ ਹੋਵੇਗਾ। ਉਪਰੋਕਤ ਚਰਚਾ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਅਣਖੀ ਔਰਤ ਦੀ ਤ੍ਰਾਸਦੀ ਅਤੇ ਉਸ ਦੀ ਸਮਾਜਕ ਸਥਿਤੀ ਨੂੰ ਬਿਆਨ ਕਰਨ ਵਾਲਾ ਸਫਲ ਨਾਵਲਕਾਰ ਹੈ।

**'ਜੱਸੀ ਸਰਪੰਚ' ਨਾਵਲ ਵਿਚ ਪੂਰਵ-ਵਿਆਹ ਸੰਬੰਧਾਂ ਦੀ ਪੇਸ਼ਕਾਰੀ:-** 'ਦੁੱਲੇ ਦੀ ਢਾਬ' ਨਾਵਲ ਦਾ ਤੀਜਾ ਭਾਗ 'ਜੱਸੀ ਸਰਪੰਚ' ਹੈ। ਇਸ ਨਾਵਲ ਦਾ ਕਥਾਨਕ ਥੰਮਣ ਵਾਲਾ ਪਿੰਡ ਦੇ ਚਾਰ ਪਰਿਵਾਰਾਂ ਦੀ ਵੱਖੋ-ਵੱਖ ਪਰ ਅੰਤਰ ਸੰਬੰਧਿਤ ਕਥਾ ਉੱਤੇ ਉਸਾਰਿਆ ਗਿਆ ਹੈ। ਇਨ੍ਹਾਂ ਪਰਿਵਾਰਾਂ ਵਿਚ ਹਰੇਕ ਪਾਤਰ ਤ੍ਰਾਸਦੀ ਭੋਗਦਾ ਹੈ। ਇਸ ਨਾਵਲ ਵਿਚ ਨਾਰੀ ਪਾਤਰਾਂ 'ਬੰਤੋ', 'ਮੀਤੋ', 'ਕਰਤਾਰੋ', 'ਅਤਰੀ' ਅਤੇ ਰੂਪੋ ਸਾਰੀ ਜ਼ਿੰਦਗੀ ਦੁੱਖ ਹੀ ਭੋਗਦੀਆਂ ਹਨ। ਇਸ ਨਾਵਲ ਦੀ ਨਾਇਕਾ ਰੂਪੋ ਪੂਰਵ ਵਿਆਹ ਸੰਬੰਧਾਂ ਦੇ ਮਾਨਸਿਕ ਦੁਖਾਂਤ ਦੀ ਸ਼ਿਕਾਰ ਹੈ। ਬੇਸ਼ੱਕ ਉਸ ਦਾ ਵਿਆਹ ਘੋਗੇ ਨਾਲ ਹੋ ਜਾਂਦਾ ਹੈ ਉਹ ਘੋਗੇ ਨੂੰ ਪਤੀ ਦੇ ਰੂਪ ਵਿਚ ਸਵੀਕਾਰ ਵੀ ਕਰ ਲੈਂਦੀ ਹੈ ਪ੍ਰੰਤੂ ਉਸ ਦੇ ਦਿਲ ਦਾ ਰਾਜਾ ਹਮੇਸ਼ਾ ਹੀ ਉਸ ਦੇ ਵਿਆਹ ਤੋਂ ਪਹਿਲਾ ਦਾ ਪ੍ਰੇਮੀ ਸੁਨਿਆਰਿਆਂ ਦਾ ਬੱਗੂ ਸੀ। ਬੱਗੂ ਨਾਲ ਉਸ ਦਾ ਵਿਆਹ ਨਹੀਂ ਹੁੰਦਾ। ਰੂਪੋ ਵਿਆਹ ਤੋਂ ਬਾਅਦ ਘੋਗੇ ਦਾ ਘਰ ਸੰਭਾਲਦੀ ਹੈ ਉਸ ਦੀ ਮਾਂ ਦੀ ਸੇਵਾ ਕਰਦੀ ਹੈ ਆਏ ਗਏ ਘੋਗੇ ਦੇ ਦੋਸਤਾਂ ਲਈ ਰੋਟੀ ਦਾ ਪ੍ਰਬੰਧ ਵੀ ਕਰਦੀ ਹੈ ਪਰ ਫਿਰ ਵੀ ਉਹ ਮਾਨਸਿਕ ਤੌਰ 'ਤੇ ਬੱਗੂ ਦੀ ਪਤਨੀ ਬਣਨਾ ਹੀ ਲੋਚਦੀ ਹੈ। ਇਕ ਦਿਨ ਜਦੋਂ

ਸਰਵਣ ਕੋਲੋਂ ਅਚਾਨਕ ਰੂਪੋ ਦੇ ਹੱਥ ਲੱਗ ਜਾਂਦਾ ਹੈ ਤਾਂ ਰੂਪੋ ਦੇ ਅੰਦਰ ਛੁਪੇ ਹੋਏ ਸਾਰੇ ਅਰਮਾਨ ਦੁਆਰਾ ਜਾਗ ਪੈਂਦੇ ਹਨ। ਉਸ ਨੂੰ ਬੱਗੂ ਦੀ ਯਾਦ ਆ ਜਾਂਦੀ ਹੈ ਅਤੇ ਉਹ ਸੋਚਦੀ ਹੈ;

> "ਸੁਨਿਆਰਿਆਂ ਦਾ ਬੱਗੂ ਟੁੱਟ ਜਾਣਾ ਜਮਾ ਸਰਵਣ ਦੀ ਸ਼ਕਲ ਦਾ ਸੀ।
> ਜਿਵੇਂ ਓਹੀ ਹੋਵੇ ਇਹ ਸਰਵਣ। ਕੱਖਾਂ ਵਿਚ ਲੁਕੀ ਅੱਗ ਸੁਲਗਣ ਲੱਗੀ
> ਤਾਂ ਉਹਦਾ ਧੂੰਆਂ ਘਰ ਪਹੁੰਚ ਗਿਆ। ਉਹ ਫੇਰ ਪਿੰਡੋਂ ਹੀ ਭੱਜ ਗਿਆ
> ਸੀ। ਅੱਜ ਤੱਕ ਨਹੀਂ ਮੁੜਿਆ।"[12]

ਭਾਵ ਕਿ ਅਣਖੀ ਦੇ ਦੂਜੇ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਵਿਆਹ ਪੂਰਵ ਸੰਬੰਧ ਧੋਖਾ ਹੀ ਦਿੰਦੇ ਹਨ। ਇਹ ਧਾਰਨਾ ਉਸ ਦੇ ਨਾਵਲਾਂ ਵਿਚ ਸਮਾਨ ਹੈ ਕਿ ਔਰਤ ਦਾ ਪ੍ਰੇਮੀ ਉਸ ਨੂੰ ਵਿਆਹ ਤੋਂ ਪਹਿਲਾ ਧੋਖਾ ਦੇ ਕੇ ਭੱਜ ਜਾਂਦੇ ਹਨ। ਉਹ ਸਿਰਫ਼ ਜਿਸਮਾਨੀ ਸੁੱਖ ਮਾਣਦੇ ਹਨ ਅਤੇ ਇਨ੍ਹਾਂ ਜਿਸਮਾਨੀ ਸੰਬੰਧਾਂ ਤੋਂ ਬਾਅਦ ਗਰਭਵਤੀ ਹੋਣ ਦਾ ਦੁਖਾਂਤ ਅਤੇ ਨਤੀਜੇ ਔਰਤ ਇਕੱਲੀ ਹੀ ਭੋਗਦੀ ਹੈ ਅਤੇ ਸਮਾਜ ਵਿਚ ਤ੍ਰਿਸਕਾਰ ਦਾ ਪਾਤਰ ਬਣਦੀ ਹੈ। ਜਦੋਂ ਜੱਸੀ ਸਰਪੰਚ ਦੇ ਮੁੰਡੇ ਅਲਬੇਲ ਦੇ ਜੈਬੋ ਦੀ ਕੁੜੀ ਨਾਲ ਨਜਾਇਜ਼ ਸੰਬੰਧ ਬਣਦੇ ਹਨ ਤਾਂ ਉਹ ਵੀ ਗਰਭਵਤੀ ਹੋ ਜਾਂਦੀ ਹੈ ਤੇ ਰੂਪੋ ਨੂੰ ਆਪਣੇ ਦਿਨ ਯਾਦ ਆਉਂਦੇ ਹਨ;

> "ਰੂਪੋ ਨੂੰ ਆਪਣੇ ਦਿਨ ਯਾਦ ਆਉਣ ਲੱਗੇ ਜਦੋਂ ਉਹ ਕੁਆਰੀ ਸੀ।
> ਤਾਜੋ; ਬੱਗੂ ਨੇ ਏਵੇਂ ਹੀ ਉਹਨੂੰ ਕਰ ਦਿੱਤਾ ਸੀ। ਤੇ ਉਦੋਂ ਜਿਹੜਾ
> ਕੁੱਝ ਉਹਨੇ ਕੀਤਾ ਸੀ ਓਹੀ ਰੂਪੋ ਨੇ ਮੀਤੋ ਨੂੰ ਦੱਸ ਦਿੱਤਾ।"[13]

ਅਣਖੀ ਨੇ ਆਪਣੇ ਇਸ ਨਾਵਲ ਵਿਚ ਰੂਪੋ ਦਾ ਅਜਿਹਾ ਚਰਿੱਤਰ ਪੇਸ਼ ਕੀਤਾ ਹੈ ਜੋ ਵਿਆਹ ਤੋਂ ਪਹਿਲਾ ਵੀ ਅਤੇ ਮਗਰੋਂ ਵੀ ਓਪਰੇ ਮਰਦਾਂ ਨਾਲ ਸੰਬੰਧ ਬਣਾਉਂਦੀ ਹੈ। ਉਹ ਇਕ ਬੇਵਾਕ ਔਰਤ ਹੈ ਜੋ ਨਸ਼ੇ ਅਤੇ ਮਾਸ ਦਾ ਸੇਵਨ ਵੀ ਕਰਦੀ ਹੈ। "ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਔਰਤ ਮਰਦ ਦੇ ਵਿਆਹ ਪੂਰਵ ਸੰਬੰਧ ਔਰਤ-ਮਰਦ ਦੇ ਪ੍ਰੇਮ ਸੰਬੰਧਾਂ ਦੇ ਸਰੂਪ ਵਿਚ ਪੇਸ਼ ਹੋਏ ਹਨ। ਨਾਵਲਕਾਰ ਔਰਤ-ਮਰਦ ਨੂੰ ਆਦਰਸ਼ਕ ਸੰਬੰਧ ਬਣਾ ਕੇ ਪੇਸ਼ ਕਰਦਾ ਹੈ। ਇਸੇ ਕਰਕੇ ਉਸ ਦੇ ਨਾਵਲਾਂ ਵਿਚ ਔਰਤ-ਮਰਦ ਦੇ ਪ੍ਰਵਾਨਿਤ ਅਤੇ ਅਪ੍ਰਵਾਨਿਤ ਸੰਬੰਧਾਂ (ਔਰਤ-ਮਰਦ ਦੇ ਵਿਆਹ ਬਾਹਰੇ ਸੰਬੰਧ) ਦੇ ਮੁਕਾਬਲਤਨ ਔਰਤ-ਮਰਦ ਦੇ ਪ੍ਰੇਮ-ਸੰਬੰਧਾਂ ਵਿਚ ਸਾਵਾਂਪਨ ਵਧੇਰੇ ਦਿਖਾਈ ਦਿੰਦਾ ਹੈ।"[14] ਰਾਮ ਸਰੂਪ ਅਣਖੀ ਨੇ ਕੁਝ ਨਾਵਲਾਂ ਨੂੰ ਛੱਡ ਕੇ ਬਾਰੀ ਸਾਰੇ ਨਾਵਲਾਂ ਵਿਚ ਔਰਤ-ਮਰਦ ਦੇ ਸੰਬੰਧਾਂ ਦਾ ਬਿਆਨ ਕੀਤਾ ਹੈ। ਉਸ ਦੇ ਨਾਵਲ ਆਧੁਨਿਕ ਸਮਾਜ ਵਿਚ ਰਿਸ਼ਤਿਆਂ ਦੇ ਹੋ ਰਹੇ ਘਾਣ ਨੂੰ ਬਿਆਨ ਕਰਦੇ ਹਨ ਅਤੇ ਜਾਗੀਰਦਾਰੀ ਸਮਾਜ ਵਿਚ ਰੁਲ ਰਹੀ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਦੇ ਹਨ।

**'ਗੇਲੋ' ਨਾਵਲ ਵਿਚ ਪੂਰਵ ਵਿਆਹ ਸੰਬੰਧਾਂ ਦੀ ਪੇਸ਼ਕਾਰੀ:-**ਕਾਮ ਮਨੁੱਖ ਦੀ ਸਰੀਰਿਕ ਅਤੇ ਮੂਲ ਲੋੜ ਹੈ। ਆਧੁਨਿਕ ਯੁੱਗ ਵਿਚ ਫ਼ਰਾਇਡ ਇਕ ਅਜਿਹਾ ਮਨੋਵਿਗਿਆਨੀ ਹੋਇਆ ਹੈ ਜਿਸ ਨੇ 'ਕਾਮ ਸਿਧਾਂਤ' ਨਾਲ ਪ੍ਰਾਣੀ ਨੂੰ ਘੋਖਿਆ। ਇਸ ਮਰਦ-ਪ੍ਰਧਾਨ ਸਮਾਜ ਵਿਚ ਹਮੇਸ਼ਾ ਮਰਦ ਕਾਮ ਪ੍ਰਤੀ ਪਹਿਲ ਕਰਦਾ ਆਇਆ ਹੈ। ਮਰਦ ਦੇ ਵਿਆਹ ਤੋਂ ਪਹਿਲਾ ਅਤੇ ਮਗਰੋਂ ਸੰਬੰਧਾਂ ਨੂੰ ਸਾਡੇ ਸਮਾਜ ਵਿਚ ਆਮ ਲਿਆ ਜਾਂਦਾ ਹੈ। ਆਧੁਨਿਕ ਕਾਲ ਵਿਚ ਆ ਕੇ ਵੀ ਔਰਤ ਅੰਦਰ ਵੀ ਕਾਮ ਸੰਬੰਧਾਂ ਨੂੰ ਸੰਤੁਸ਼ਟੀ ਨਾਲ ਮਾਨਣ ਦੀ ਚੇਸ਼ਟਾ ਅਤੇ ਇਸ ਦਾ ਨਿਸ਼ੰਗ ਪ੍ਰਗਟਾਵਾ ਕਰਨ ਦੀ ਮਨਾਹੀ ਰਹੀ ਹੈ। ਉਸ ਨੂੰ ਆਪਣੀਆਂ ਕਾਮੁਕ ਭਾਵਨਾਵਾਂ ਨੂੰ ਹਮੇਸ਼ਾ ਦਬਾ ਕੇ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਔਰਤ ਦੇ ਵਿਆਹ ਤੋਂ ਪਹਿਲਾ ਸੰਬੰਧ ਸਾਡੇ ਸਮਾਜ ਵਿਚ ਕਦੇ ਸਵੀਕਾਰ ਨਹੀਂ ਕੀਤੇ ਜਾਂਦੇ। ਜੇਕਰ ਔਰਤ ਅਜਿਹਾ ਕਰਦੀ ਹੈ ਤਾਂ ਉਸ ਨੂੰ ਕੰਜਰੀ ਜਾਂ ਬਦਚਲਨ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਉਸ ਔਰਤ ਨੂੰ ਸਮਾਜ ਭਟਕੀ ਹੋਈ ਔਰਤ ਆਖਦਾ ਹੈ।

'ਗੇਲੋ' ਅਣਖੀ ਦੀ ਸਰਵਸ੍ਰੇਸ਼ਟ ਰਚਨਾ ਕਹੀ ਜਾ ਸਕਦੀ ਹੈ। ਇਹ ਨਾਵਲ ਗੇਲੋ ਪਾਤਰ ਦੇ ਮਾਨਸਿਕ ਅਤੇ ਸਰੀਰਿਕ ਸੰਤਾਪ ਨੂੰ ਬਿਆਨ ਕਰਨ ਵਾਲਾ ਨਾਵਲ ਹੈ। ਨਾਵਲ ਵਿਚ 'ਗੇਲੋ' ਇਕ ਅਜਿਹੀ ਪਾਤਰ ਬਣ ਕੇ ਉਭਰਦੀ ਜਿਸ ਦੇ ਪੂਰਵ-ਵਿਆਹ ਸੰਬੰਧ ਉਸ ਦੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ। ਉਹ ਇਨ੍ਹਾਂ ਪੂਰਵ-ਵਿਆਹ ਸੰਬੰਧਾਂ ਦੇ ਕਾਰਨ ਸਾਰੀ ਉਮਰ ਸੰਤਾਪ ਭੋਗਦੀ ਹੈ। ਗੇਲੋ ਦੇ ਸੰਬੰਧ ਵਿਆਹ ਤੋਂ ਪਹਿਲਾ ਆਪਣੇ ਪਿੰਡ ਵਿਚ ਚਮਿਆਰਾਂ ਦੇ ਮੁੰਡੇ ਨਾਲ ਬਣਦੇ ਹਨ। ਇਹ ਸੰਬੰਧ ਉਸ ਸਮੇਂ ਬਣਦੇ ਹਨ ਜਦੋਂ ਗੇਲੋ ਜਵਾਨੀ ਵੱਲ ਪੈਰ ਧਰ ਰਹੀ ਹੁੰਦੀ ਹੈ। ਅਸਲ ਵਿਚ ਗੇਲੋ ਇਸ ਸਮੇਂ ਉਸ ਉਮਰ ਵਿਚ ਹੁੰਦੀ ਹੈ ਜਿਸ ਉਮਰੇ ਵਿਰੋਧੀ ਲਿੰਗ ਨੂੰ ਸਮਝਣ ਦੀ ਚੇਸ਼ਟਾ ਪ੍ਰਾਣੀ ਵਿਚ ਵਧੇਰੇ ਹੁੰਦੀ ਹੈ। ਗੇਲੋ ਇਸ ਉਮਰੇ ਤਕਰੀਬਨ ਰਾਤ ਦੇ ਸਮੇਂ ਆਪਣੇ ਭਰਾ-ਭਰਜਾਈ ਨੂੰ ਸੰਭੋਗ ਦੀ ਅਵਸਥਾ ਵਿਚ ਵੇਖਦੀ ਹੈ। ਉਸ ਅੰਦਰ ਇਨ੍ਹਾਂ ਸੰਬੰਧਾਂ ਨੂੰ ਵੇਖ ਕੇ ਵਿਰੋਧੀ ਲਿੰਗ ਨੂੰ ਸਮਝਣ ਅਤੇ ਸੰਭੋਗ ਕਰਨ ਦੀ ਇੱਛਾ ਪ੍ਰਗਟ ਹੁੰਦੀ ਹੈ। ਗੇਲੋ ਨੂੰ ਹਰ ਰੋਜ਼ ਭਰਾ-ਭਰਜਾਈ ਦੀ ਇਸ ਗਤੀਵਿਧੀ ਉੱਪਰ ਨਜ਼ਰ ਰੱਖਣ ਦੀ ਆਦਤ ਪੈ ਗਈ ਸੀ। ਉਹ ਜਾਣ ਬੁੱਝ ਕੇ ਸੌਣ ਦਾ ਦਿਖਾਵਾ ਕਰਦੀ ਅਤੇ ਭਰਾ-ਭਰਜਾਈ ਵੀ ਉਸ ਨੂੰ ਸੁੱਤੀ ਹੀ ਸਮਝਦੇ;

> "ਵਰਾਂਢੇ ਦੇ ਇਕ ਪਾਸੇ ਪੱਕੀ ਰਸੋਈ ਸੀ। ਰਾਤ ਨੂੰ ਬਚਿੱਤਰ, ਗੁਰਮੀਤ
> ਕੁਰ ਅਤੇ ਗੇਲੋ ਵਰਾਂਢੇ ਅੱਗੇ ਮੰਜੇ ਡਾਹ ਕੇ ਪੈਂਦੇ। ਉਹਨਾਂ ਲਈ ਗੇਲੋ ਅਜੇ
> ਵੀ ਨਿਆਣੀ ਸੀ। ਬਹੁਤ ਨਿਆਣੀ। ਉਹਨਾਂ ਦੀ ਸਮਝ ਵਿਚ ਗੇਲੋ ਨੂੰ ਤਾਂ
> ਕਾਸੇ ਦਾ ਪਤਾ ਹੀ ਨਹੀਂ ਸੀ। ਉਹ ਅੱਧੀ ਰਾਤ ਰਾਤ ਆਪਣੇ ਮੰਜਿਆਂ ਤੋਂ
> ਉਠ ਕੇ ਸਬਾਤ ਵਿਚ ਚਲੇ ਜਾਂਦੇ ਸਨ। ਮੁੜਦੇ ਤਾਂ ਓਵੇਂ ਦੀ ਓਵੇਂ
> ਘੂਕ ਸੁੱਤੀ ਪਈ ਹੁੰਦੀ। ਜੇ ਪਾਸਾ ਮਾਰਦੀ ਵੀ ਤਾਂ ਉਹਨਾਂ ਲਈ

ਸੁਭਾਵਕ ਸੀ।"[15]

ਔਰਤ ਅਤੇ ਮਰਦ ਵਿਚਕਾਰ ਇਕ ਦੂਜੇ ਦੇ ਲਿੰਗਾਂ ਨੂੰ ਜਾਨਣ ਲਈ ਪਤੀ-ਪਤਨੀ ਵਾਲਾ ਰਿਸ਼ਤਾ ਹੋਣਾ ਜ਼ਰੂਰੀ ਸਮਝਿਆਂ ਜਾਂਦਾ ਹੈ। ਬਚਿੱਤਰ ਅਤੇ ਗੁਰਮੀਤ ਕੁਰ ਇਸੇ ਰਿਸ਼ਤੇ ਤਹਿਤ ਇਕ ਦੂਜੇ ਨਾਲ ਜੁੜੇ ਹੋਏ ਹਨ। ਗੇਲੋ ਅੰਦਰਲੀ ਵਿਰੋਧੀ ਲਿੰਗ ਨੂੰ ਜਾਨਣ ਲਈ ਜਾਗੀ ਚੇਸ਼ਟਾ ਨੂੰ ਪੂਰਾ ਕਰਨ ਲਈ ਉਸ ਨੂੰ ਕਿਸੇ ਜਾਇਜ਼ ਜਾਂ ਨਜਾਇਜ਼ ਰਿਸ਼ਤੇ ਦੀ ਲੋੜ ਹੈ। ਵਿਆਹ ਵਾਸਤੇ ਉਮਰ ਛੋਟੀ ਹੋਣ ਕਰਕੇ ਉਹ ਕਿਸੇ ਨਾਲ ਪ੍ਰੇਮ ਸੰਬੰਧ ਬਣਾਉਣੇ ਚਾਹੁੰਦੀ ਹੈ। ਇਨ੍ਹਾਂ ਪ੍ਰੇਮ ਸੰਬੰਧਾਂ ਦੀ ਇੱਛਾ ਇਸ ਉਮਰੇ ਜਾਗਣਾ ਸੁਭਾਵਿਕ ਹੈ। ਆਪਣੇ ਭਰਾ-ਭਰਜਾਈ ਨੂੰ ਨਿਰੰਤਰ ਸੰਭੋਗ ਅਵਸਥਾ ਵਿਚ ਵੇਖਣ ਕਾਰਨ ਉਸ ਦੀ ਇਹ ਇੱਛਾ ਹੋਰ ਵੀ ਉਤੇਜਿਤ ਹੁੰਦੀ ਜਾਂਦੀ ਹੈ। ਦਰਅਸਲ ਸਾਡੇ ਪੇਂਡੂ ਸਮਾਜ ਵਿਚ ਖ਼ਾਸ ਕਰ ਕੇ ਸਾਂਝੇ ਪਰਿਵਾਰਾਂ ਵਿਚ ਬੱਚਿਆਂ ਦੇ ਸੌਣ ਲਈ ਕੋਈ ਵੱਖਰਾ ਕਮਰਾ ਨਹੀਂ ਹੁੰਦਾ ਇਸ ਕਰਕੇ ਸਾਰਾ ਟੱਬਰ ਵਿਹੜੇ ਵਿਚ ਸੌਂਦਾ ਹੈ ਅਤੇ ਜਦੋਂ ਪਤੀ-ਪਤਨੀ ਨੂੰ ਸੰਭੋਗ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਉਹ ਉੱਠ ਕੇ ਕੋਈ ਕਮਰਾ ਜਾਂ ਲੁਕਵੀਂ ਜਗ੍ਹਾਂ ਭਾਲਦੇ ਹਨ। ਇਸੇ ਪ੍ਰਕਾਰ ਗੇਲੋ ਦੇ ਭਰਾ-ਭਰਜਾਈ ਕਰਦੇ ਹਨ। ਗੇਲੋ ਇਨ੍ਹਾਂ ਗਤੀਵਿਧੀਆਂ ਨੂੰ ਰੋਜ਼ਾਨਾ ਵੇਖਦੀ ਹੈ ਅਤੇ ਘੋਗਲ ਕੰਨੀ ਬਣੀ ਰਹਿੰਦੀ ਹੈ। "ਇਸ ਮਾਹੌਲ ਵਿਚ ਉਸ ਅੰਦਰਲੀਆਂ ਪ੍ਰਕ੍ਰਿਤਿਕ ਕਾਮੁਕ ਲਾਲਸਾਵਾਂ ਬੁਲਬਲੇ ਵਾਂਗ ਨਿਰੰਤਰ ਉਪਜਦੀਆਂ ਬਿਨਸਦੀਆਂ ਰਹਿੰਦੀਆਂ ਹਨ।"[16] ਉਸ ਅੰਦਰ ਕਿਸੇ ਮਰਦ ਨਾਲ ਕਾਮੁਕ ਸੰਬੰਧ ਬਣਾਉਣ ਦੀ ਇੱਛਾ ਪ੍ਰਬਲ ਹੁੰਦੀ ਹੈ। ਉਹ ਜਦੋਂ ਡੇਰੇ ਵਿਚੋਂ ਪੜ੍ਹ ਕੇ ਵਾਪਿਸ ਆ ਰਹੀ ਹੁੰਦੀ ਤਾਂ ਉਹ ਬਾਕੀ ਬੱਚਿਆਂ ਨੂੰ ਅੱਗੇ ਜਾਣ ਵਾਸਤੇ ਕਹਿੰਦੀ ਹੈ ਅਤੇ ਰਾਮੇ ਨੂੰ ਰੋਕਦੀ ਹੈ;

> "ਗੇਲੋ ਨੇ ਆਪਣਾ ਝੋਲਾ ਪਰਾਂ ਰੱਖਿਆ ਅਤੇ ਰਾਮੇ ਸਾਹਮਣੇ ਪੈਰਾਂ-ਭਾਰ ਬੈਠ ਗਈ। ਉਹਨੇ ਆਪ ਉਹਦੀ ਕੱਛ ਦਾ ਨਾਲਾ ਖੋਲ੍ਹਿਆ। ਕੁਝ ਪਲ ਬੈਠੀ ਦੇਖਦੀ ਰਹੀ। ਹੱਥ ਲਾ ਕੇ ਦੇਖਿਆ ਅਤੇ ਫੇਰ ਪੋਲਾ ਜਿਹਾ ਥਪਥਪਾ ਕੇ ਖੜੀ ਹੋ ਗਈ।"[17]

ਗੇਲੋ ਦੇ ਮਨ ਵਿਚ ਜੋ ਵਿਰੋਧੀ ਲਿੰਗ ਨੂੰ ਜਾਨਣ ਦੀ ਇੱਛਾ ਸੀ ਉਹ ਰਾਮੇ ਦੇ ਕੱਪੜੇ ਲੁਹਾ ਕੇ ਪੂਰੀ ਕਰਦੀ ਹੈ। ਉਹ ਝਾੜੀਆਂ ਦੇ ਪਿੱਛੇ ਲਿਜਾ ਕੇ ਰਾਮੇ ਦੇ ਸਰੀਰ ਦੀ ਨਿਰਖ-ਪਰਖ ਕਰਦੀ ਹੈ ਅਤੇ ਚੜਦੀ ਉਮਰੇ ਹੀ ਰਾਮੇ ਨਾਲ ਸਰੀਰਿਕ ਸੰਬੰਧ ਸਿਰਜ ਲੈਂਦੀ ਹੈ। ਇਸ ਬੰਦਸ਼ਾਂ ਭਰਪੂਰ ਸਮਾਜ ਵਿਚ ਔਰਤ ਦੇ ਪੂਰਵ-ਵਿਆਹ ਸੰਬੰਧ ਹਨ੍ਹੇਰੇ ਵਿਚ ਜਨਮਦੇ ਅਤੇ ਹਨੇਰੇ ਵਿਚ ਹੀ ਖਤਮ ਹੋ ਜਾਂਦੇ ਹਨ। ਜੋ ਕੀ ਔਰਤ ਦੀ ਜ਼ਿੰਦਗੀ ਵਿਚ ਵੀ ਹਨੇਰਾ ਭਰ ਜਾਂਦੇ ਹਨ। ਸਾਡੇ ਸਭਿਆਚਾਰ ਅੰਦਰ ਪਿੰਡ ਦੇ ਮੁੰਡੇ-ਕੁੜੀ ਵਿਚਕਾਰ ਭੈਣ-ਭਰਾ ਵਾਲਾ ਰਿਸ਼ਤਾ ਹੀ ਸਵੀਕਾਰ ਕੀਤਾ ਜਾਂਦਾ ਹੈ। ਉਨ੍ਹਾਂ ਲਈ ਆਪਸ ਵਿਚ ਪ੍ਰੇਮੀ-ਪ੍ਰੇਮਿਕਾ ਵਾਲਾ ਰਿਸ਼ਤਾ ਵਰਜਿਤ ਹੈ। ਇਸੇ ਕਰਕੇ ਪਹਿਲਾ ਗੇਲੋ ਦੇ ਮਨ ਵਿਚ ਵੀ ਰਾਮੇ ਇਕ ਵੀਰ ਦੀ ਭਾਵਨਾ ਹੀ ਰੱਖਦਾ ਸੀ। ਉਹ ਉਸ ਨੂੰ 'ਵੀਰ' ਆਖ ਕੇ ਹੀ ਬਲਾਉਂਦੀ ਹੈ। ਉਸ ਦੇ ਮਨ ਵਿਚ ਰਾਮੇ ਲਈ

ਪ੍ਰੇਮੀ ਵਾਲੀ ਭਾਵਨਾ ਪੈਦਾ ਹੋਣ ਦਾ ਕਾਰਨ ਉਸ ਦੇ ਭਰਾ-ਭਰਜਾਈ ਦੇ ਸੰਬੰਧ ਹਨ। ਗੇਲੋ ਸੰਭੋਗ ਕਰਨਾ ਲੋਚਦੀ ਹੈ। ਇਕ ਪਿੰਡ ਦੀ ਕੁੜੀ ਹੋਣ ਦੇ ਕਾਰਨ ਉਸ ਦਾ ਖੇਤਰ ਸੀਮਿਤ ਹੈ। ਪਿੰਡੋ ਬਾਹਰ ਜਾਣ ਦੀ ਇਜਾਜ਼ਤ ਉਸ ਨੂੰ ਨਹੀਂ ਹੈ। ਇਸ ਕਰਕੇ ਇਕ ਪਿੰਡ ਦੇ ਮੁੰਡੇ ਨਾਲ ਉਸ ਦੇ ਸੰਬੰਧ ਬਣਨੇ ਸੁਭਾਵਿਕ ਹਨ। ਗੇਲੋ ਪਿੰਡ ਦੇ ਮੁੰਡੇ ਨਾਲ ਪਿਆਰ ਕਰਨ ਦੀ ਗਲਤੀ ਤਾਂ ਕਰ ਬੈਠਦੀ ਹੈ ਉਸ ਤੋਂ ਵੀ ਵੱਡੀ ਗਲਤੀ ਉਹ ਨੀਵੀ ਜਾਤ ਦੇ ਮੁੰਡੇ ਨੂੰ ਪਿਆਰ ਕਰਨ ਦੀ ਕਰਦੀ ਹੈ। ਜੱਟ ਅਹੁੰ ਕਰਕੇ ਉਸ ਦਾ ਭਰਾ ਬਚਿੱਤਰ ਇਕ ਬਰਦਾਸ਼ਤ ਨਾ ਕਰ ਸਕਿਆ ਕੀ ਉਸ ਦੀ ਭੈਣ ਕਿਸੇ ਚਮਿਆਰ ਨੂੰ ਪਿਆਰ ਕਰੇ। ਰਾਮੇ ਦੀ ਦਿਲ ਵਿਚ ਪਹਿਲਾ ਗੇਲੋ ਲਈ ਕੋਈ ਭਾਵਨਾ ਨਹੀਂ ਹੁੰਦੀ ਬਲਕਿ ਉਹ ਤਾਂ ਗੇਲੋ ਦੇ ਅੜਬ ਸੁਭਾਅ ਤੋਂ ਡਰਦਾ ਸੀ। ਉਹ ਸਾਰੀਆਂ ਕੁੜੀਆਂ ਨਾਲੋਂ ਜ਼ਿੱਦੀ ਸੀ ਅਤੇ ਡੇਰੇ ਪੜ੍ਹਦੇ ਬੱਚਿਆ ਉੱਪਰ ਹਮੇਸ਼ਾ ਰੋਹਬ ਪਾਉਂਦੀ ਰਹਿੰਦੀ। ਉਸ ਅੰਦਰ ਗੇਲੋ ਲਈ ਪਿਆਰ ਅਤੇ ਡਰ ਦੀ ਰਲੀ ਮਿਲੀ ਭਾਵਨਾ ਉਸ ਸਮੇਂ ਜਾਗਦੀ ਹੈ ਜਦੋਂ ਗੇਲੋ ਉਸ ਦੇ ਕੱਪੜੇ ਲੁਹਾ ਕੇ ਵੇਖਦੀ ਹੁੰਦੀ ਹੈ। ਇਸ ਘਟਨਾ ਤੋਂ ਕੁੱਝ ਸਮੇਂ ਬਾਅਦ ਰਾਮਾ ਆਪਣੇ ਨਾਨਕੀ ਚਲਾ ਜਾਂਦਾ ਹੈ ਪ੍ਰੰਤੂ ਉੱਥੇ ਜਾ ਕੇ ਗੇਲੋ ਉਸ ਦੇ ਦਿਮਾਗ 'ਤੇ ਛਾਈ ਰਹਿੰਦੀ ਹੈ। ਉਹ ਸੋਚਦਾ ਹੈ;

> "ਰਾਮੇ ਨੂੰ ਹੁਣ ਉਹਦੀਆਂ ਗੱਲਾਂ ਯਾਦ ਆਉਂਦੀਆਂ ਤਾਂ ਮਨ ਵਿਚ ਹੀ ਕਦੇ ਹੱਸਣ ਲਗਦਾ, ਕਦੇ ਚੁੱਪ ਰਹਿ ਜਾਂਦਾ। ਉਹ ਕਿਹੋ ਜਿਹੀ ਕੁੜੀ ਸੀ, ਉਹਨੂੰ ਜਿਉਂਦੇ ਨੂੰ ਮਾਰਕੇ ਫੇਰ ਜਿਉਂਦਾ ਕਰ ਲੈਂਦੀ ਸੀ। ਕਦੇ ਉਹਦਾ ਜੀਅ ਕਰਦਾ ਕਿ ਉਹ ਸਿਰ ਮਦਾਨ ਭੱਜ ਕੇ ਆਪਣੇ ਪਿੰਡ ਪਹੁੰਚੇ ਅਤੇ ਗੇਲੋ ਨੂੰ ਮਿਲੇ।"[18]

ਰਾਮਾ ਬੇਸ਼ੱਕ ਆਪਣੇ ਨਾਨਕੇ ਜਾ ਕੇ ਆਪਣੇ ਮਾਮੇ ਦੀ ਨੂੰਹ ਨਾਲ ਸੰਬੰਧ ਗੰਢ ਲੈਂਦਾ ਹੈ ਪ੍ਰੰਤੂ ਫਿਰ ਵੀ ਉਹ ਗੇਲੋ ਦੇ ਇਕ ਸਪਰਸ਼ ਨੂੰ ਨਾ ਭੁੱਲ ਸਕਿਆ। ਉਸ ਨੂੰ ਹਰ ਸਮੇਂ ਇਉਂ ਪ੍ਰਤੀਤ ਹੁੰਦਾ ਕਿ ਗੇਲੋ ਉਸ ਨੂੰ ਉਡੀਕ ਰਹੀ ਹੈ। ਰਾਮਾ ਇਹ ਵੀ ਭੁੱਲ ਜਾਂਦਾ ਹੈ ਕਿ ਉਹ ਇਕ ਛੋਟੀ ਜਾਤ ਦਾ ਹੈ ਅਤੇ ਗੇਲੋ ਜੱਟ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਜਦੋਂ ਜਾਤੀ ਵਿਦਰੋਹ ਹੋਇਆ ਤਾਂ ਇਸ ਦੇ ਭਿਆਨਕ ਨਤੀਜੇ ਹੋ ਸਕਦੇ ਹਨ "ਅਣਖੀ ਦੇ ਨਾਵਲਾਂ ਵਿਚ ਜਦੋਂ ਅਜਿਹੀ ਸਥਿਤੀ ਇਕ ਜਾਤ ਦੇ ਦੋ ਜੁੱਟਾਂ ਵਿਚ ਵਾਪਰਦੀ ਹੈ ਤਾਂ ਟੱਕਰ ਅਤੇ ਇਹਨਾਂ ਤੋਂ ਉਪਜ ਵਾਲੇ ਸਿੱਟੇ ਇਤਨੇ ਗੰਭੀਰ ਨਹੀਂ ਹੁੰਦੇ ਹਨ ਪਰੰਤੂ ਜਦੋਂ ਇਹ ਸਥਿਤੀ ਜਾਂ ਟੱਕਰ ਅੰਤਰ ਜਾਤੀ ਗੁੱਟਾਂ ਵਿਚ ਵਾਪਰਦੀ ਹੈ ਤਾਂ ਸਥਿਤੀ ਬਹੁਤ ਹੀ ਭਿਆਨਕ ਰੂਪ ਧਾਰਦੀ ਹੈ ਅਤੇ ਇਹ ਅੰਤ ਦੁਖਾਂਤ ਵਿਚ ਵਾਪਰਦਾ ਹੈ।"[19] ਗੇਲੋ ਦੇ ਸੰਦਰਭ ਵਿਚ ਵੀ ਅਜਿਹਾ ਹੀ ਹੁੰਦਾ ਹੈ। ਗੇਲੋ, ਰਾਮੇ (ਜੋ ਕਿ ਛੋਟੀ ਜਾਤ ਦਾ ਹੈ) ਨਾਲ ਪਿਆਰ ਤਾਂ ਪਾ ਲੈਂਦੀ ਪ੍ਰੰਤੂ ਉਸ ਅੱਗੇ ਜਾਤੀ ਵਿਦਰੋਹ ਆਣ ਖੜਦਾ ਹੈ। ਰਾਮੇ ਜਦੋਂ ਨਾਨਕੇ ਪਿੰਡ ਤੋਂ ਵਾਪਿਸ ਆ ਜਾਂਦਾ ਹੈ ਤਾਂ ਗੇਲੋ ਅਤੇ ਰਾਮੇ ਦੀ ਪ੍ਰੇਮ ਲੀਲਾ ਸ਼ੁਰੂ ਹੋ ਜਾਂਦੀ ਹੈ। ਇਹ ਪ੍ਰੇਮ ਲੀਲਾ ਸਰੀਰਿਕ ਸੰਬੰਧਾਂ ਤੱਕ ਪਹੁੰਚ ਜਾਂਦੀ ਹੈ। ਗੇਲੋ, ਰਾਮੇ ਨੂੰ ਹਰ ਰੋਜ਼

ਉਸ ਸਮੇਂ ਆਪਣੇ ਘਰ ਬੁਲਾ ਲੈਂਦੀ ਹੈ ਜਦੋਂ ਉਸ ਦਾ ਭਰਾ ਅਤੇ ਪਿਤਾ ਖੇਤ ਗਏ ਹੁੰਦੇ ਹਨ। ਇਹ ਸਿਲਸਿਲਾ ਕਈ ਦਿਨਾਂ ਤੱਕ ਚੱਲਦ ਹੈ ਪ੍ਰੰਤੂ 'ਸੌ ਦਿਨ ਚੋਰ ਦਾ ਅਤੇ ਇਕ ਦਿਨ ਸਾਧ' ਕਹਾਵਤ ਵਾਂਗ ਗੇਲੋ ਦੀ ਚੋਰੀ ਵੀ ਬਹੁਤਾ ਦਿਨ ਨਹੀਂ ਚੱਲਦੀ। ਅੰਤ ਉਸ ਦੀ ਇਹ ਚੋਰੀ ਫੜੀ ਜਾਂਦੀ ਹੈ। ਇਕ ਦਿਨ ਰਾਮਾ ਖਾਸਾ ਰਾਤ ਗੇਲੋ ਦੇ ਘਰ ਰਿਹਾ ਅਤੇ ਉਸ ਨੂੰ ਗਹਿਰੀ ਨੀਂਦ ਆ ਗਈ। ਉਸੇ ਸਮੇਂ ਉਸ ਦਾ ਭਰਾ ਅਤੇ ਪਿਤਾ ਖੇਤਾਂ ਤੋਂ ਵਾਪਿਸ ਘਰ ਆ ਜਾਂਦੇ ਹਨ। ਬਚਿੱਤਰ ਰਾਮੇ ਨੂੰ ਗੇਲੋ ਦੇ ਬਿਸਤਰੇ 'ਤੇ ਵੇਖ ਕੇ ਅੱਗ ਬਬੂਲਾ ਹੋ ਜਾਂਦਾ ਹੈ ਅਤੇ ਉਸ ਦਾ ਕਤਲ ਕਰ ਦਿੰਦਾ ਹੈ;

> "ਉਹਦੇ ਮਨ ਵਿਚ ਕਿੱਦਣ ਦੀ ਰੜਕ ਸੀ। ਉਹਨਾਂ ਦੇ ਘਰ ਵਲ
> ਉਹਦੀ ਮੈਲੀ ਅੱਖ ਦੇਖ ਕੇ ਬਚਿੱਤਰ ਨੂੰ ਹਮੇਸ਼ਾ ਸ਼ੱਕ ਰਹਿੰਦਾ।
> ਅੱਜ ਉਹਨੇ ਅੱਖੀ ਦੇਖ ਲਿਆ ਸੀ। ਉਹਦਾ ਗੁੱਸਾ ਉਹਦੇ ਦਿਮਾਗ
> ਨੂੰ ਬੁਰੀ ਤਰ੍ਹਾਂ ਚੜ ਗਿਆ ਸੀ, ਜਿਵੇਂ ਅੰਨ੍ਹਾ ਜਿਹਾ ਹੋ ਗਿਆ ਹੋਵੇ।
> ਇਕੋ ਫੈਸਲਾ, ਮੁਆਕ ਪਰ੍ਹਾਂ ਇਹਨੂੰ। ਬਚਿੱਤਰ ਨੇ ਕਹੀ ਦਾ ਇਕ
> ਭਰਵਾਂ ਵਾਰ ਕਰਕੇ ਰਾਮੇ ਦੀ ਧੌਣ ਇਕੋ ਟੱਕ ਨਾਲ ਵੱਢ ਦਿੱਤੀ।
> ਉਹਦਾ ਸਿਰ ਧੜ ਤੋਂ ਅਲੱਗ ਸੀ। ਧੜ ਬੁੜਕ-ਬੁੜਕ ਕੇ ਤੜਫ
> ਰਿਹਾ ਸੀ।"[20]

ਰਾਮੇ ਦਾ ਕਤਲ ਪ੍ਰੇਮ ਦੇ ਪ੍ਰੇਮ ਪ੍ਰਸੰਗਾਂ ਦੇ ਗੁੱਸੇ ਨਾਲੋਂ ਵੱਧ ਜਟਕੀ ਅਹੂੰ ਵਿਚ ਹੋਇਆ ਸੀ। ਗੇਲੋ ਦੇ ਪ੍ਰੇਮ ਸੰਬੰਧ ਸਜ਼ਾ ਬਣ ਜਾਂਦੇ ਹਨ ਉਹ ਸਜ਼ਾ ਜਿਸ ਬਾਰੇ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ। ਔਰਤ ਨੂੰ ਕਦੀ ਵੀ ਆਪਣੀ ਮਰਜ਼ੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਬੇਸ਼ੱਕ ਅੱਜ ਇੱਕਵੀਂ ਸਦੀ ਆ ਗਈ ਹੈ ਪ੍ਰੰਤੂ ਫਿਰ ਵੀ ਉਸ ਉੱਪਰ ਬਹੁਤ ਸਾਰੀਆਂ ਬੰਦਿਸ਼ਾਂ ਹਨ। ਘਰ ਪਰਿਵਾਰ ਤੋਂ ਬਾਗੀ ਹੋ ਕੇ ਪਿਆਰ ਕਰਨਾ ਹਮੇਸ਼ਾ ਔਰਤ ਦੀ ਜ਼ਿੰਦਗੀ ਵਿਚ ਅਸਹਿ ਤਸੀਹੇ ਲੈ ਕੇ ਆਇਆ ਹੈ। ਗੇਲੋ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ ਇੱਕ ਤਾਂ ਭਰਾ ਉਸ ਨਾਲ ਗੱਲ ਕਰਨੀ ਬੰਦ ਕਰ ਦਿੰਦਾ ਹੈ ਦੂਜਾ ਉਸ ਦੇ ਪ੍ਰੇਮ ਦੀ ਮੌਤ ਦਾ ਦੁਖਾਂਤ ਉਸ ਨੂੰ ਧੁਰ ਅੰਦਰ ਤੱਕ ਦੁਖੀ ਕਰ ਦਿੰਦਾ ਹੈ। ਪ੍ਰੇਮੀ ਦੀ ਮੌਤ ਵਾਲਾ ਹਾਦਸਾ ਉਸ ਨੂੰ ਮਾਨਸਿਕ ਰੂਪ ਵਿਚ ਬਿਮਾਰ ਕਰ ਦਿੰਦਾ ਹੈ। ਘਰ ਵਿਚ ਹਮੇਸ਼ਾ ਗੇਲੋ ਨੂੰ ਤਰਜ਼ੀਹ ਦਿੱਤੀ ਜਾਂਦੀ ਸੀ ਉਸ ਨੇ ਆਪਣੀ ਇੱਛਾ ਨਾਲ ਇਕ ਨੀਵੀਂ ਜਾਤ ਦੇ ਵਿਅਕਤੀ ਨਾਲ ਸੰਬੰਧ ਬਣਾਏ। ਸ਼ਾਇਦ ਉਸ ਦੇ ਮਨ ਵਿਚ ਵਹਿਮ ਗੋਵੇਗਾ ਕਿ ਉਸ ਦੀਆਂ ਬਾਕੀ ਇਛਾਵਾਂ ਵਾਂਗ ਉਸ ਦੀ ਇਹ ਇੱਛਾ ਵੀ ਪੂਰੀ ਕਰ ਦਿੱਤੀ ਜਾਵੇਗੀ, ਲੇਕਿਨ ਉਹ ਭੁੱਲ ਜਾਂਦੀ ਹੈ ਉਸ ਦੀ ਆਜ਼ਾਦੀ ਹੋਰਨਾਂ ਔਰਤਾਂ ਵਾਂਗ ਇਕ ਭੁਲੇਖਾ। ਦਰਸਅਲ ਔਰਤ ਨੂੰ ਪੂਰੀ ਤਰ੍ਹਾਂ ਮਨਮਰਜ਼ੀ ਕਰਨ ਦੀ ਆਜ਼ਾਦੀ ਅੱਜ ਤੱਕ ਨਹੀਂ ਮਿਲ ਸਕੀ। ਔਰਤ ਦੀ ਅਜਿਹੀ ਹੋਣੀ ਬਾਰੇ ਪ੍ਰੋ. ਕਿਸ਼ਨ ਸਿੰਘ ਦਾ ਮੱਤ ਹੈ;

"ਰਿਸ਼ਤਿਆਂ ਦੇ ਬੁਰਜੂਆਪਣ ਨੇ ਔਰਤ ਨੂੰ ਆਜ਼ਾਦੀ ਨਾ ਤਾਂ ਦੇਣੀ ਸੀ ਅਤੇ ਨਾ ਹੀ ਦਿੱਤੀ ਹੈ ਪਰ ਮੱਧ ਸ਼੍ਰੇਣੀ ਦੀ ਪੜ੍ਹੀ-ਲਿਖੀ ਔਰਤ ਦੇ ਮਨ ਵਿੱਚ ਇਹ ਭੁਲੇਖਾ ਜ਼ਰੂਰ ਪਾ ਦਿੱਤਾ ਹੈ ਕਿ ਮੈਂ ਆਪਣੀ ਮਾਲਕ ਆਪ ਹਾਂ। ਮਨਮਰਜ਼ੀ ਕਰ ਸਕਦੀ ਹਾਂ ਅਤੇ ਮਨ-ਮਰਜ਼ੀ ਕਰਨ ਵਿੱਚ ਮੇਰੀ ਆਜ਼ਾਦੀ ਹੈ। ਇਹ ਦਲੀਲ ਔਰਤ 'ਤੇ ਬਿਲਕੁਲ ਢੁਕਦੀ ਹੈ, ਕਈ ਵਾਰ ਅਜਿਹਾ ਕਰਦਿਆਂ ਸੂਝ ਦੀ ਘਾਟ ਕਾਰਨ ਔਰਤ ਜ਼ਿੰਦਗੀ ਵਿੱਚ ਗ਼ਲਤ ਫੈਸਲੇ ਵੀ ਲੈ ਬੈਠਦੀ ਹੈ।"[21]

ਇਸੇ ਭਰਮ ਦੀ ਸ਼ਿਕਾਰ ਗੇਲੋ ਬਣਦੀ ਹੈ। ਬੇਸ਼ੱਕ ਉਸ ਦੇ ਭਰਾ ਨੇ ਉਸ ਨੂੰ ਪੁੱਤਾਂ ਵਾਂਗ ਪਾਲਿਆ ਸੀ ਪ੍ਰੰਤੂ ਗੇਲੋ ਦੇ ਪਿਆਰ ਕਰਨ ਦੀ ਗਲਤੀ ਨੇ ਸਾਰੀ ਕਹਾਣੀ ਹੀ ਬਦਲ ਦਿੱਤੀ। ਉਹ ਅਰਸ਼ਾਂ ਤੋਂ ਫਰਸ਼ਾਂ 'ਤੇ ਆਣ ਡਿੱਗਦੀ ਹੈ। ਗੇਲੋ ਦੀ ਇਸ ਗਲਤੀ ਕਾਰਨ ਗੇਲੋ ਦਾ ਘਰ ਬਰਬਾਦ ਹੋ ਜਾਂਦਾ ਹੈ। ਇਸ ਬਰਬਾਦੀ ਵਿਚ ਜਿੱਥੇ ਰਾਮੇ ਦੀ ਮੌਤ ਹੁੰਦੀ ਹੈ ਉੱਥੇ ਬਚਿੱਤਰ ਨੂੰ ਜੇਲ ਹੁੰਦੀ ਹੈ ਅਤੇ ਬਚਿੱਤਰ ਦੀ ਜੇਲ ਤੋਂ ਬਾਅਦ ਗੁਰਮੀਤ ਕੁਰ ਨੂੰ ਵਿਛੋੜੇ ਦਾ ਸੰਤਾਪ ਝੱਲਣਾ ਪੈਂਦਾ ਹੈ। ਗੇਲੋ ਦਾ ਵਿਆਹ ਨਸ਼ੇੜੀ ਨਾਲ ਕਰ ਦਿੱਤਾ ਜਾਂਦਾ ਹੈ ਪ੍ਰੰਤੂ ਉਸ ਦੇ ਮਨ ਵਿਚ ਸਿਰਫ਼ ਰਾਮਾ ਹੀ ਹੈ। ਰਾਮਾ ਹਰ ਰੋਜ਼ ਚੱਕੀ ਤੋਂ ਆਉਂਦੇ ਸਮੇਂ ਗੇਲੋ ਨੂੰ ਮਿਲ ਕੇ ਜਾਂਦਾ। ਗੇਲੋ ਨੂੰ ਰਾਮੇ ਦੇ ਗਲ ਪਾਏ ਚੱਕੀ ਦੇ ਗਲੇ-ਸੜੇ ਕੱਪੜਿਆਂ ਦੀ ਬੁਦਬੂ ਵੀ ਬਹੁਤ ਚੰਗੀ ਲੱਗਦੀ। ਇਨ੍ਹਾਂ ਸੰਬੰਧਾਂ ਦਾ ਅਸਰ ਸਾਰੀ ਜ਼ਿੰਗਦੀ ਉਸ ਉੱਪਰ ਦਿਖਾਈ ਦਿੰਦਾ ਹੈ। ਕਦੀ-ਕਦੀ ਉਹ ਪਛਤਾਉਂਦੀ ਵੀ ਹੈ ਕਿ ਕਾਸ਼ ਰਾਮਾ ਉਸ ਦੀ ਜ਼ਿੰਦਗੀ ਵਿਚ ਆਇਆ ਹੀ ਨਾ ਹੁੰਦਾ ਤਾਂ ਅੱਜ ਉਸ ਦੀ ਕਹਾਣੀ ਕੁਸ਼ ਹੋਰ ਹੀ ਹੋਣੀ ਸੀ। ਅਣਖੀ ਦੇ ਨਾਵਲ ਵਿਚ ਪੂਰਵ ਵਿਆਹ ਸੰਬੰਧਾਂ ਦਾ ਮਾਨਸਿਕ ਸੰਤਾਪ ਭੋਗਦੀ ਲਗਭਗ ਹਰੇਕ ਪਾਤਰ ਵੇਖੀ ਜਾ ਸਕਦੀ ਹੈ।

**'ਪਰਤਾਪੀ' ਨਾਵਲ ਵਿਚ ਵਿਆਹ ਪੂਰਵ ਸੰਬੰਧਾਂ ਦੀ ਪੇਸ਼ਕਾਰੀ:-** ਪਰਤਾਪੀ ਇਕ ਅਜਿਹਾ ਨਾਵਲ ਹੈ ਜਿਸ ਕਰਕੇ ਰਾਮ ਸਰੂਪ ਅਣਖੀ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ। ਇਹ ਇਕ ਬਹੁ-ਬਰਚਿਤ ਨਾਵਲ ਰਿਹਾ ਹੈ ਜੋ ਭਾਰਤੀ ਜਾਗੀਰਦਾਰੀ ਵਿਚ ਰੁਲ ਰਹੀ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਹੈ। ਅਣਖੀ ਦਾ ਇਕ ਹੋਰ ਨਾਵਲ 'ਕੋਠੇ ਖੜਕ ਸਿੰਘ' ਜਿਸ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੈ ਇਸ ਵਿਚ ਕਿਸਾਨੀ ਸਮਾਜ ਦਾ ਦੁਖਾਂਤ ਹੈ। 'ਕੋਠੇ ਖੜਕ ਸਿੰਘ' ਤੋਂ ਬਾਅਦ 'ਪਰਤਾਪੀ' ਵੀ ਉਸੇ ਹੀ ਟੱਕਰ ਦਾ ਨਾਵਲ ਹੈ। ਡਾ. ਸੁਖਦੇਵ ਸਿੰਘ ਖਾਹਰਾ ਨੇ 'ਕੋਠੇ ਖੜਕ ਸਿੰਘ' 'ਤੇ 'ਪਰਤਾਪੀ' ਦੀ ਤੁਲਨਾ ਕਰਦਿਆਂ ਲਿਖਿਆ ਹੈ;

"ਅਣਖੀ ਦੀ ਨਾਵਲ ਲਿਖਣ ਦੀ ਪਛਾਣ ਕੋਠੇ ਖੜਕ ਸਿੰਘ (1985)

> ਤਕ ਪਹੁੰਚ ਕੇ ਇਤਿਹਾਸਿਕ ਅਤੇ ਆਲੋਚਨਾਤਮਕ ਯਥਾਰਥ ਦੇ ਸੰਦਰਭ ਵਿਚ ਵਿਸੇਸ਼ ਮੁਕਾਮ ਹਾਸਿਲ ਕਰਦੀ ਹੈ। ਇਹ ਵਿਸ਼ੇਸ਼ ਮੁਕਾਮ ਹੀ ਅਗਲੇ ਨਾਵਲਾਂ ਢਿੱਡ ਦੀ ਅੱਦਰ (1987) ਜਿਨਿ ਸਿਰ ਸੋਹਨਿ ਪੱਟੀਆਂ (1988) ਦੇ ਸਨਮੁਖ ਚੁਣੌਤੀ ਬਣ ਜਾਂਦਾ ਹੈ। ਇਹ ਕੇਵਲ ਵੱਡੇ ਆਕਾਰ, ਜਿਸਨੂੰ ਬਨਾਮ ਛੋਟੇ ਆਕਾਰ ਦਾ ਮਸਲਾ ਹੀ ਨਹੀਂ, ਸਗੋਂ ਗਲਪ-ਸੰਵੇਦਨਾ ਦਾ ਮਸਲਾ ਹੈ, ਜਿਸਨੂੰ ਵਸਤੂਪਰਕ ਸਮੱਗਰਤਾ ਬਨਾਮ ਅਤੇ ਆਤਮਪਰਕ ਇਕਹੇਪਨ ਦੇ ਵਿਰੋਧੀ ਜੁਟ ਦੀ ਵਿਆਖਿਆ ਰਾਹੀਂ ਸਮਝਿਆ ਜਾ ਸਕਦਾ ਹੈ। ਰਾਮ ਸਰੂਪ ਅਣਖੀ ਦਾ ਨਾਵਲ ਪਰਤਾਪੀ (1993) ਇਸੇ ਪ੍ਰਸੰਗ ਵਿਚ ਉਕਤ ਚੁਣੌਤੀ ਦਾ ਪ੍ਰਤਿਉਤਰ ਦੇਣ ਦੀ ਕੋਸ਼ਿਸ਼ ਹੈ।"[22]

ਪਰਤਾਪੀ ਇਕ ਅਜਿਹਾ ਬਿਰਤਾਂਤ ਹੈ ਜੋ ਦੁੱਖਾਂ ਨਾਲ ਭਰਪੂਰ ਹੈ। ਚੜਦੀ ਉਮਰੇ ਪਰਤਾਪੀ ਅੱਕੀ ਬੁੜੀ ਦੇ ਭਤੀਜੇ ਜਿਊਣੇ ਨਾਲ ਪਿਆਰ ਦੀਆਂ ਪੀਘਾਂ ਪਾ ਬੈਠਦੀ ਹੈ। ਅੱਕੀ ਬੁੜੀ ਦਾ ਘਰ ਇਕ ਪੇਂਡੂ ਸਭਿਆਚਾਰ ਦਾ ਝਲਕਾਰਾ ਪੇਸ਼ ਕਰਨ ਵਾਲਾ ਹੈ। ਜਿੱਥੇ ਪਿੰਡ ਦੀਆਂ ਸਾਰੀਆਂ ਔਰਤਾਂ ਅੱਡਾ ਡਾਹ ਕੇ ਦਰੀਆਂ ਬੁਣਦੀਆਂ ਹਨ। ਅੱਕੀ ਮਰਦ ਵਿਹੂਣੀ ਔਰਤ ਹੈ ਭਾਵ ਉਸ ਦਾ ਪਤੀ ਵੀ ਮਰ ਚੁੱਕਾ ਹੈ ਅਤੇ ਉਸ ਦਾ ਕੋਈ ਪੁੱਤਰ ਵੀ ਨਹੀਂ ਹੈ। ਇਸੇ ਕਾਰਨ ਉਸ ਦਾ ਭਤੀਜਾ ਜਿਊਣਾ ਉਸ ਕੋਲ ਰਹਿੰਦਾ ਹੈ। ਪਰਤਾਪੀ ਵੀ ਅੱਕੀ ਦੇ ਘਰ ਖੇਸ ਬੁਣਨ ਆਉਂਦੀ ਹੈ। ਅੱਕੀ ਦੇ ਘਰ ਸਾਰਾ ਦਿਨ ਮੇਲੇ ਵਰਗਾ ਮਾਹੌਲ ਰਹਿੰਦਾ ਹੈ। ਜਿਊਣਾ ਬਹੁਤ ਹੀ ਸਾਊ ਸੁਭਾਅ ਦਾ ਮਾਲਿਕ ਹੈ। ਉਹ ਕਦੀ ਵੀ ਘਰ ਆਈਆਂ ਕੁੜੀਆਂ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ। ਸ਼ਾਮ ਨੂੰ ਜਦੋਂ ਕੁੜੀਆਂ ਘਰ ਆਉਂਦੀਆਂ ਤਾਂ ਉਹ ਨੀਵੀਂ ਪਾ ਕੇ ਅੰਦਰ ਲੰਘ ਜਾਂਦਾ। ਸਾਰਾ ਪਿੰਡ ਜਿਊਣੇ ਦੀਆਂ ਸਿਫ਼ਤਾਂ ਕਰਦਾ ਪਰ ਕਹਿੰਦੇ ਹਨ ਕਿ ਪਿਆਰ ਇਕ ਅਜਿਹੀ ਚੀਜ਼ ਹੈ ਜੋ ਅਚਨਚੇਤ ਹੀ ਹੋ ਜਾਂਦਾ ਹੈ। ਜਿਊਣਾ ਪਰਤਾਪੀ ਦੇ ਹੁਸਨ ਤੋਂ ਪ੍ਰਭਾਵਿਤ ਹੋਏ ਬਿਨ ਰਹਿ ਨਾ ਸਕਿਆ। ਪਰਤਾਪੀ ਇਸ ਸਭ ਤੋਂ ਅਣਜਾਣ ਹੈ ਉਸ ਅੰਦਰ ਤਾਂ ਇਹ ਗੱਲ ਸਮਾਈ ਹੋਈ ਹੈ ਕਿ ਪਿੰਡ ਦਾ ਮੁੰਡਾ ਭਰਾ ਬਰਾਬਰ ਹੈ। ਇਸੇ ਕਰਕੇ ਜਦੋਂ ਉਹ ਜਿਊਣੇ ਵਾਸਤੇ ਚਾਹ ਲੈ ਕੇ ਜਾਂਦੀ ਹੈ ਤਾਂ ਜਿਊਣੇ ਨੂੰ ਵੀਰ ਆਖ ਕੇ ਬਲਾਉਂਦੀ ਹੈ;

> "ਇਕ ਹੱਥ ਗੜਵੀ ਅਤੇ ਇਕ ਹੱਥ ਛੋਟੀ ਵਾਟੀ ਲੈ ਕੇ ਪਰਤਾਪੀ ਬੈਠਕ ਵੱਲ ਚੱਲ ਪਈ। ਤੇਜੋ ਉਹਨੂੰ ਜਾਂਦੀ ਨੂੰ ਗੌਰ ਨਾਲ ਵੇਖ ਰਹੀ ਸੀ। ਗੁੱਝਾ ਮੁਸਕਰਾਉਂਦੀ ਹੋਈ। ਉਹ ਬਾਰ ਵੱਲ ਪਿੱਠ ਕਰਕੇ

ਮੰਜੇ ਉੱਤੇ ਪਿਆ ਸੀ ਸਰਹਾਣੇ ਦੇ ਪਾਵੇ ਕੋਲ ਵਾਟੀ ਰੱਖ ਕੇ ਪਰਤਾਪੀ

ਕਹਿੰਦੀ– 'ਲੈ ਵੀਰਾ ਚਾਹ ਪੀ ਲੈ'।"[23]

ਪੰਜਾਬੀ ਸਭਿਆਚਾਰ ਵਿਚ ਇਕੋ ਪਿੰਡ ਦੇ ਕੁੜੀ ਮੁੰਡੇ ਦੇ ਵਿਆਹ ਦੀ ਮਨਾਹੀ ਵੇਖੀ ਜਾਂਦੀ ਹੈ। ਇਹੋ ਕਾਰਨ ਹੈ ਕਿ ਪਰਤਾਪੀ ਵੀ ਜਿਊਣੇ ਨੂੰ ਭਰਾ ਵਾਲੇ ਰਿਸ਼ਤੇ ਵਜੋਂ ਸਵੀਕਾਰ ਕਰਦੀ ਹੈ। ਸਾਡਾ ਸਭਿਆਚਾਰ ਭੈਣ-ਭਰਾ ਦੇ ਵਿਆਹ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਕਰਕੇ ਪਰਤਾਪੀ ਦੇ ਮਨ ਵਿਚ ਜਿਊਣੇ ਲਈ ਉਠ ਰਹੀਆਂ ਭਾਵਨਾਵਾਂ ਨੂੰ ਪਹਿਲਾ ਦਬਾ ਕੇ ਰੱਖਦੀ ਹੈ ਪ੍ਰੰਤੂ ਜਿਉਂ-ਜਿਉਂ ਪਰਤਾਪੀ ਜਿਊਣੇ ਦੇ ਸੰਪਰਕ ਵਿਚ ਆਉਂਦੀ ਉਹ ਵੀ ਜਿਊਣੇ ਵੱਲ ਖਿੱਚੀ ਜਾਂਦੀ ਹੈ ਅਤੇ ਆਪਣੇ ਪਿਆਰ ਦਾ ਇਜ਼ਹਾਰ ਜਿਊਣੇ ਅੱਗੇ ਕਰ ਦਿੰਦੀ ਹੈ। ਪਰਤਾਪੀ ਜਵਾਨੀ ਦੇ ਉਸ ਪਹਿਰ 'ਤੇ ਹੁੰਦੀ ਹੈ ਜਿਸ ਪਹਿਰ 'ਤੇ ਮਨ ਵਿਚ ਕਈ ਤਰੰਗਾਂ ਉਠਦੀਆਂ ਹਨ ਭਾਵ ਉਸ ਉੱਤੇ ਜੋਬਨ ਰੁੱਤ ਆਈ ਹੁੰਦੀ ਹੈ। ਇਸੇ ਪਹਿਰ ਵਿਚ ਉਸ ਅੰਦਰ ਕਾਮੁਕ ਪ੍ਰਵ੍ਰਿਤੀ ਪੈਦਾ ਹੁੰਦੀ ਹੈ। ਸਿਗਮੰਡ ਫ਼ਰਾਇਡ ਮਨੋਵਿਗਿਆਨ ਦੇ ਖੇਤਰ ਵਿਚ ਇਕ ਜਾਣਿਆਂ ਪਛਾਣਿਆਂ ਨਾਂ ਹੈ ਉਸ ਨੇ ਕਾਮ ਨੂੰ ਜ਼ਿੰਦਗੀ ਦਾ ਆਧਾਰ ਮੰਨਿਆ ਹੈ, ਉਸ ਅਨੁਸਾਰ;

"ਮਨੁੱਖ ਦੀ ਮਨੋ-ਬਣਤਰ ਜਨਮ ਤੋਂ ਬਾਅਦ ਤਿੰਨ ਅਵਸਥਾਵਾਂ ਵਿਚੋਂ

ਗੁਜਰਦੀ ਹੈ। ਪਹਿਲੀ ਨੂੰ ਮੌਖਿਕ ; ਦੂਜੀ ਨੂੰ ਗੁਦਾ ਅਤੇ ਤੀਸਰੀ ਲਿੰਗਕ

ਦੱਸਿਆ ਹੈ।"[24]

ਉਸ ਅਨੁਸਾਰ ਕਾਮ ਭੁੱਖ ਮਨੁੱਖ ਵਿਚ ਇਕ ਕੁਦਰਤੀ ਭਾਗ ਵਜੋਂ ਹੈ। ਜੋ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ ਹੈ। ਪਰਤਾਪੀ ਜ਼ਿੰਦਗੀ ਦੀ ਇਸ ਸਟੇਜ 'ਤੇ ਆਣ ਖੜਦੀ ਹੈ ਜਦੋਂ ਉਸ ਅੰਦਰ ਕਾਮੁਕ ਭਾਵਨਾ ਜਾਗਦੀ ਹੈ ਅਤੇ ਉਹ ਆਪਣਾ ਸਾਰਾ ਕੁੱਝ ਜਿਊਣੇ ਨੂੰ ਸੋਪ ਦੇਣਾ ਲੋਚਦੀ ਹੈ। ਉਹ ਕੁੱਝ ਸਮੇਂ ਵਾਸਤੇ ਸਭ ਪ੍ਰਕਾਰ ਦੀਆਂ ਮਾਣ-ਮਰਿਯਾਦਾਵਾਂ ਭੁੱਲ ਜਾਂਦੀ ਹੈ ਕਿ ਉਸ ਦੀ ਸੰਸਕ੍ਰਿਤੀ ਵਿਚ ਪਿੰਡ ਦਾ ਮੁੰਡਾ ਭਰਾ ਬਰਾਬਰ ਹੈ। ਉਹ ਖੁਦ ਜਿਊਣੇ ਨੂੰ ਆਪਾ ਸੌਂਪਣ ਦੀ ਗੱਲ ਕਰਦੀ ਹੈ;

"ਪਰਤਾਪੀ ਨੇ ਆਪਣੀ ਸਾਰੀ ਦੇਹ ਉਹਦੇ ਉੱਤੇ ਸੁੱਟ ਦਿੱਤੀ।

'ਫੁੱਲ ਐਂ ਤੂੰ ਤਾਂ ਫੁੱਲ। ਤੇਰੇ 'ਚ ਭਾਰ ਕਿਥੈ ਐ'

'ਅੱਛਾ ਫੁੱਲ?' ਪਰਤਾਪੀ ਪਰ੍ਹੇ ਹੋ ਕ ਉਹਦੇ ਕੋਲ ਬੈਠ ਗਈ।

'ਫੁੱਲ ਵੀ ਨ੍ਹੀ, ਫੁੱਲ ਦੀ ਡੋਡੀ।' ਉਹ ਪੋਣਾ ਲੈ ਕੇ ਚਾਹ ਦੀ ਪਤੀਲੀ

ਉਤਾਰਨ ਲੱਗਿਆ।

ਉਹ ਕਹਿੰਦੀ-'ਫੁੱਲ ਤਾਂ ਹਾਂ, ਪਰ ਤੋੜੇਗਾ ਮੈਨੂੰ?'

'ਤੋੜ ਵੀ ਲਊਂਗ ਕਦੇ ਪਰ---'

'ਪਰ ਕੀ?'

'ਮੁਸ਼ਕਲ ਐ'

'ਕਿਉਂ ਕਿਵੇਂ?'

'ਡਾਹਣੀ ਉੱਚੀ ਐ'

'ਹੱਥ ਪਾ ਕੇ ਨੀਵੀਂ ਕਰ ਲੈ"[25]

ਕਹਿਣ ਤੋਂ ਭਾਵ ਪਰਤਾਪੀ ਜਿਊਣੇ ਵਿਚ ਸਮੋ ਜਾਣਾ ਚਾਹੁੰਦੀ ਹੈ। ਉਹ ਜਿਊਣੇ ਨਾਲ ਵਿਆਹ ਕਰਵਾਉਣਾ ਵੀ ਲੋਚਦੀ ਹੈ। ਅਣਖੀ ਦੇ ਨਾਵਲਾਂ ਦੀ ਵਿਸ਼ੇਸਤਾ ਇਹ ਹੈ ਕਿ ਉਸ ਨੇ ਪਾਤਰ ਉਸ ਦੇ ਹੱਥ ਦੀਆਂ ਕਠਪੁਤਲੀਆਂ ਨਹੀਂ ਸਗੋਂ ਆਪਣੀ ਆਜ਼ਾਦ ਹਸਤੀ ਦੇ ਮਾਲਿਕ ਹਨ। ਅਣਖੀ ਨੇ ਉਨ੍ਹਾਂ ਦੇ ਧੁਰ ਅੰਦਰ ਤੱਕ ਝਾਤ ਮਾਰੀ ਹੈ। ਉਸ ਦੀ ਨਾਵਲ ਦੇ ਵਿਸ਼ੇ ਉੱਪਰ ਐਨੀ ਪਕੜ ਹੈ ਕਿ ਕਿਸੇ ਵੀ ਸਮੀਖਿਆ ਦ੍ਰਿਸ਼ਟੀ ਤੋਂ ਵੇਖ ਲਉ ਉਸ ਦੇ ਨਾਵਲਾ ਦੀ ਮੂਲ ਸਮੱਸਿਆ ਔਰਤ ਨਾਲ ਹੀ ਜੁੜੀ ਹੋਈ ਹੈ। ਪਰਤਾਪੀ ਨਾਵਲ 'ਤੇ ਓਪਰੀ ਝਾਤ ਮਾਰਨ ਨਾਲ ਲਗਦਾ ਹੈ ਇਸ ਨਾਵਲ ਦੀ ਮੂਲ ਸਮੱਸਿਆ ਪਰਤਾਪੀ ਨਾਲ ਜੁੜੀ ਹੋਈ ਹੈ ਜਿਸ ਨੂੰ ਆਪਣਾ ਮਨ ਪਸੰਦ ਸਾਥੀ ਨਹੀਂ ਮਿਲਦਾ। ਅਸਲ ਵਿਚ ਇਹ ਮੁੱਦਾ ਜਾਂ ਸਮੱਸਿਆ ਸਾਡੇ ਸਮਾਜ ਵਿਚ ਲਗਭਗ ਹਰੇਕ ਇਸਤਰੀ ਦਾ ਹੈ। ਇਸ ਨਾਵਲ ਦੇ ਸ਼ੁਰੂ ਤੋਂ ਲੈ ਕੇ ਆਖੀਰ ਤੱਕ ਪਰਤਾਪੀ ਦਾ ਵਰਣਨ ਹੈ ਕਿਉਂਕਿ ਅਣਖੀ ਇਕ ਸੂਝਵਾਨ ਨਾਵਲਕਾਰ ਹੈ ਜਿਸ ਨੇ ਪਰਤਾਪੀ ਪਾਤਰ ਸਿਰਜ ਕੇ ਉਸ ਦੇ ਆਲੇ-ਦੁਆਲੇ ਸਮੱਸਿਆਵਾਂ ਦਾ ਅਜਿਹਾ ਤਾਣਾ-ਬਾਣਾ ਬੁਣਿਆ ਹੈ ਜੋ ਸਾਡੇ ਸਮਾਜ ਦਾ ਯਥਾਰਥ ਬਿਆਨ ਕਰਦਾ ਹੈ। ਜਾਗੀਰਦਾਰੀ ਕਦਰਾਂ-ਕੀਮਤਾਂ ਵਾਲੀ ਵਿਵਸਥਾ ਵਿਚ ਸੁਤੰਤਰ ਪਿਆਰ ਨੂੰ ਵਰਜਿਤ ਸਮਝਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਪਰਤਾਪੀ ਦਾ ਜਿਊਣੇ ਨਾਲ ਪਿਆਰ ਸਮਾਜਿਕ ਵਿਦਰੋਹ ਦਾ ਰੂਪ ਧਾਰਨ ਕਰ ਸਕਦਾ ਸੀ। ਇਸ ਕਰਕੇ ਪਰਤਾਪੀ ਜਿਊਣੇ ਨੂੰ ਪਿਆਰ ਦਾ ਇਜ਼ਹਾਰ ਲੁਕਵੇਂ ਰੂਪ ਵਿਚ ਕਰਦੀ ਹੈ। ਉਸ ਦੇ ਅੰਦਰ ਪਿਤਰਵੀ ਸੋਚ ਸੀ ਜੋ ਉਸ ਅੰਦਰ ਇਕ ਡਰ ਪੈਦਾ ਕਰਦੀ ਸੀ। ਉਸ ਨੂੰ ਭਾਰਤੀ ਸੋਚ ਦਾ ਪਤਾ ਸੀ ਕਿ ਪਿੰਡ ਦੇ ਮੁੰਡੇ ਨਾਲ ਪਿਆਰ ਕਰਨ ਦੇ ਉਸ ਨੂੰ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ ਪਰ ਉਹ ਆਪਣੇ ਆਪ 'ਤੇ ਕਾਬੂ ਨਾ ਰੱਖ ਸਕੀ। ਉਹ ਬਿਨਾਂ ਕਿਸੇ ਗੱਲ ਦੀ ਪਰਵਾਹ ਕੀਤੇ ਜਿਊਣੇ ਨਾਲ ਪਿਆਰ ਕਰਦੀ ਹੈ ਅਤੇ ਉਸ ਨਾਲ ਜ਼ਿੰਦਗੀ ਬਿਤਾਉਣ ਦੇ ਸੁਪਨੇ ਸਜਾਉਂਦੀ ਹੈ।

**ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ:-** ਵਿਆਹ ਬਾਹਰੇ ਸੰਬੰਧਾਂ ਤੋਂ ਭਾਵ ਉਹ ਸੰਬੰਧ ਹਨ ਜੋ ਵਿਆਹੇ ਮਰਦ ਜਾਂ ਔਰਤ ਦੇ ਕਿਸੇ ਬਾਹਰਲੇ ਵਿਅਕਤੀ ਨਾਲ ਹੁੰਦੇ ਹਨ। ਇਹ ਸੰਬੰਧ ਸਾਡੇ ਸਮਾਜ ਵਿਚ ਪ੍ਰਵਾਨ ਨਹੀਂ ਕੀਤੇ ਜਾਂਦੇ ਅਤੇ ਇਨ੍ਹਾਂ ਸੰਬੰਧਾਂ ਕਾਰਨ ਰਿਸ਼ਤਿਆਂ ਵਿਚ ਦਰਾੜ ਵੇਖਣ ਨੂੰ ਮਿਲਦੀ ਹੈ। ਡਾ. ਇੰਦਰਜੀਤ ਅਨੁਸਾਰ;

> "ਔਰਤ-ਮਰਦ ਦੇ ਵਿਆਹ ਬਾਹਰੇ ਸੰਬੰਧਾਂ ਦੇ ਅੰਤਰਗਤ ਔਰਤ-
> ਮਰਦ ਦੇ ਅਜਿਹੇ ਸੰਬੰਧ ਹੁੰਦੇ ਹਨ ਜੋ ਵਿਆਹ ਤੋਂ ਬਾਅਦ ਔਰਤ
> ਜਾਂ ਮਰਦ, ਅਰਥਾਤ ਪਤਨੀ ਜਾਂ ਪਤੀ ਵਲੋਂ ਪ੍ਰਵਾਨਿਤ ਸੰਬੰਧਾਂ ਤੋਂ ਪਾਰ
> ਕਿਤੇ ਹੋਰ ਸੰਬੰਧ ਸਥਾਪਿਤ ਕਰ ਲਏ ਜਾਂਦੇ ਹਨ।"[26]

ਔਰਤ ਜਾਂ ਮਰਦ ਦੋਵਾਂ ਵਿਚੋਂ ਕੋਈ ਵੀ ਜਦੋਂ ਵਿਆਹ ਤੋਂ ਬਾਹਰੇ ਸੰਬੰਧ ਸਿਰਜਦਾ ਹੈ ਤਾਂ ਇਹ ਸੰਬੰਧ ਆਮ ਤੌਰ 'ਤੇ ਆਸ-ਪਾਸ ਦੇ ਲੋਕਾਂ ਨਾਲ ਹੀ ਸਿਰਜ ਲਏ ਜਾਂਦੇ ਹਨ। ਜਦੋਂ ਘਰ ਵਿਚ ਕਿਸੇ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਤਾਂ ਆਮ ਤੌਰ 'ਤੇ ਸਮਾਜਿਕ ਬਦਨਾਮੀ ਦੇ ਡਰ ਤੋਂ ਚੁੱਪ ਹੀ ਵੱਟ ਲਈ ਜਾਂਦੀ ਹੈ ਕਿਉਂਕਿ ਅਜਿਹੇ ਸੰਬੰਧ ਸਮਾਜਿਕ ਅਤੇ ਪਰਿਵਾਰਿਕ ਸੰਕਟ ਦਾ ਕਾਰਨ ਬਣਦੇ ਹਨ। ਇਹ ਸੰਬੰਧ ਕਈ ਵਾਰ ਘੋਰ ਬਰਬਾਦੀ ਦਾ ਕਾਰਨ ਬਣ ਜਾਂਦੇ ਹਨ। ਇਸ ਕਰਕੇ ਸਮਾਜ ਇਨ੍ਹਾਂ ਰਿਸ਼ਤਿਆਂ ਪ੍ਰਤੀ ਜ਼ਿਆਦਾਤਰ ਚੁੱਪ ਹੀ ਵੱਟ ਲੈਂਦਾ ਹੈ। ਇਨ੍ਹਾਂ ਸੰਬੰਧਾਂ ਦੇ ਜੇਕਰ ਅਸਲੀ ਕਾਰਨਾਂ ਨੂੰ ਘੋਖਿਆ ਜਾਵੇ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਸੰਬੰਧ ਸਿਰਫ਼ ਕਾਮੁਕ ਤ੍ਰਿਪਤੀ ਲਈ ਹੀ ਨਹੀਂ ਬਣਦੇ ਬਲਕਿ ਕਈ ਵਾਰ ਆਰਥਿਕ ਮਜ਼ਬੂਰੀ ਵੀ ਇਨ੍ਹਾਂ ਸੰਬੰਧਾਂ ਦਾ ਕਾਰਨ ਬਣਦੀ ਹੈ। ਸਮਾਜ ਜਾਂ ਸਾਡੇ ਸਭਿਆਚਾਰ ਦੇ ਵਿਚ ਔਰਤ-ਮਰਦ ਦੇ ਕਾਮੁਕ ਸੰਬੰਧਾਂ ਲਈ ਸਿਰਫ਼ ਪਤੀ-ਪਤਨੀ ਦਾ ਰਿਸ਼ਤਾ ਹੀ ਕਬੂਲਿਆ ਜਾਂਦਾ ਹੈ। ਉਸ ਤੋਂ ਬਾਹਰਲੇ ਰਿਸ਼ਤੇ ਨੂੰ ਸਾਡਾ ਸਮਾਜ ਪ੍ਰਵਾਨ ਨਹੀਂ ਕਰਦਾ। ਬੇਸ਼ੱਕ ਇਹ ਸੰਬੰਧ ਸਮਾਜ ਵਿਚ ਚਲਦੇ ਹਨ ਪ੍ਰੰਤੂ ਇਹਨਾਂ ਨੂੰ ਅਪ੍ਰਵਾਨਿਕਤਾ ਹੀ ਹਾਸਿਲ ਹੈ। ਅਣਖੀ ਦੇ ਲਗਭਗ ਹਰੇਕ ਨਾਵਲ ਵਿਚ ਵਿਆਹ ਬਾਹਰੇ ਸੰਬੰਧਾਂ ਦਾ ਵਰਣਨ ਮਿਲਦਾ ਹੈ ਉਸ ਦੇ ਚੋਣਵੇਂ ਨਾਵਲਾਂ ਵਿਚ ਇਸ ਸਮੱਸਿਆ ਦਾ ਵਰਣਨ ਇਸ ਪ੍ਰਕਾਰ ਹੈ;

**'ਸਰਦਾਰੋ' ਨਾਵਲ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ:-** 'ਸਰਦਾਰੋ', 'ਦੁੱਲੇ ਦੀ ਢਾਬ' ਦਾ ਪਹਿਲਾ ਭਾਗ ਹੈ। ਅਣਖੀ ਦੀ ਪਛਾਣ ਨਾਵਲ ਜਗਤ ਵਿਚ ਇਸ ਨਾਵਲ ਨੇ ਵਿਲੱਖਣ ਬਣਾ ਦਿੱਤੀ। ਇਹ ਨਾਵਲ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਨ ਵਾਲਾ ਹੈ ਜੋ ਔਰਤ ਦੀ ਅਧੂਰੀ ਕਾਮ ਤ੍ਰਿਪਤੀ ਕਾਰਨ ਬਣਦੇ ਰਿਸ਼ਤਿਆਂ ਨੂੰ ਬਿਆਨ ਕਰਦਾ ਹੈ। ਡਾ. ਮਨਿੰਦਰਜੀਤ ਅਨੁਸਾਰ;

> "ਅਣਖੀ ਨੇ ਪਿੰਡਾਂ ਵਿਚ ਜਾਇਜ਼-ਨਜਾਇਜ਼, ਲੁਕਵੇਂ ਅਤੇ ਜ਼ਾਹਰਾ
> ਮਰਦ ਔਰਤ ਦੇ ਰਿਸ਼ਤਿਆਂ ਦਾ ਸੰਬੰਧ ਹੋਣਾ ਇਕ ਅਹਿਮ ਚਲੰਤ

ਮਾਨਵੀ ਵਰਤਾਰਾ ਦੱਸਿਆ ਹੈ। ਇਹਨਾਂ ਰਿਸ਼ਤਿਆਂ-ਸੰਬੰਧਾਂ ਵਿਚ ਜਿੱਥੇ ਪਵਿੱਤਰ ਪਿਆਰ ਭਾਵਨਾ ਕਾਰਜਰਤ ਹੁੰਦੇ ਹੈ ਉਥੇ ਕਾਮ ਲੋੜ ਦੀ ਪੂਰਤੀ ਲਈ ਪ੍ਰਜਤਨ ਵੀ ਕਾਰਜ਼ਸ਼ੀਲ ਹੁੰਦੇ ਹਨ।"[27]

ਅਣਖੀ ਨੇ 'ਸਰਦਾਰੋ' ਵਿਚ ਵੀ ਅਜਿਹੇ ਲੁਕਵੇਂ ਅਤੇ ਨਜਾਇਜ਼ ਰਿਸ਼ਤਿਆਂ ਦਾ ਬਿਆਨ ਕੀਤਾ ਹੈ। ਸਰਦਾਰੋ ਵਿਚ ਇੱਕੀ-ਬਾਈ ਸਾਲ ਦੀ ਬਾਲੜੀ ਦੇ ਰੂਪ ਵਿਚ ਪ੍ਰਵੇਸ਼ ਕਰਦੀ ਹੈ ਜੋ ਕਿ ਅੰਤ ਦਰਜ਼ੇ ਦੀ ਖ਼ੂਬਸੂਰਤ ਜਵਾਨ ਕੁੜੀ ਹੈ। ਉਸ ਦੇ ਜੀਵਨ ਵਿਚ ਪਹਿਲੀ ਤ੍ਰਾਸਦਿਕ ਘਟਨਾ ਉਸ ਦਾ ਵਿਆਹ ਹੀ ਬਣਦਾ ਹੈ। ਉਸ ਦਾ ਵਿਆਹ ਦੁੱਲੇ ਨਾਲ ਕੀਤਾ ਜਾਂਦਾ ਹੈ ਪ੍ਰੰਤੂ ਦੁੱਲਾ ਉਸ ਤੋਂ ਉਮਰ ਵਿਚ ਖਾਸਾ ਵੱਡਾ ਹੈ ਉਹ ਪੰਜਾਹ ਸਾਲ ਦਾ ਹੈ ਅਤੇ ਉਸ ਦੇ ਧੀਆਂ-ਪੁੱਤ ਵੀ ਵਿਆਹੇ ਹੋਏ ਹਨ। ਉਸ ਦੀ ਪਤਨੀ ਮਰ ਜਾਂਦੀ ਹੈ ਅਤੇ ਉਹ ਸਰਦਾਰੋ ਨੂੰ ਖਰੀਦ ਕੇ ਲੈ ਆਉਂਦਾ ਹੈ। ਸਰਦਾਰੋ ਵਰਗੀ ਬਾਲੜੀ ਦਾ ਜਦੋਂ ਦੁੱਲੇ ਵਰਗੇ ਬੁੱਢੇ ਨਾਲ ਵਿਆਹ ਕਰ ਦਿੱਤਾ ਜਾਵੇ ਤਾਂ ਉਸ ਦਾ ਬਾਹਰ ਸੰਬੰਧ ਬਣਾਉਣਾ ਕੋਈ ਅਸੁਭਾਵਿਕ ਘਟਨਾ ਨਹੀਂ ਲੱਗਦੀ। ਸਾਡੇ ਸਮਾਜ ਵਿਚ ਵਿਆਹ ਤੋਂ ਬਾਅਦ ਔਰਤ ਮਰਦ ਦੀ ਮਲਕੀਅਤ ਬਣ ਜਾਂਦੀ ਹੈ ਉਸ ਨੂੰ ਕਿਸੇ ਪਰਾਏ ਮਰਦ ਨਾਲ ਹੱਸਣ-ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਵਿਆਹ ਤਾਂ ਮਰਦ ਵਲੋਂ ਔਰਤ ਨੂੰ ਕਾਬੂ ਕਰਨ ਲਈ ਬਣਾਈ ਗਈ ਇਕ ਜੇਲ ਦੇ ਵਾਂਗ ਹੀ ਕੰਮ ਕਰਦੀ ਹੈ। ਅਸਲ ਵਿਚ ਵਿਆਹ ਬਾਹਰੇ ਸੰਬੰਧ ਬਣਾਉਣ ਦਾ ਸਰਦਾਰੋ ਦਾ ਅਸਲੀ ਕਾਰਨ ਵਿਆਹ ਪ੍ਰਬੰਧ ਵਿਚਲੀ ਘਾਟ ਹੈ। ਜਗਦੀਸ਼ ਕੌਰ ਅਨੁਸਾਰ;

"ਵਿਆਹ-ਸੰਸਥਾ ਜੋ ਔਰਤ ਮਰਦ ਸੰਬੰਧਾਂ ਨੂੰ ਸਾਵਾਂਪਨ ਬਖਸ਼ਣ ਲਈ ਹਾਜ਼ਰ ਹੁੰਦੀ ਹੈ, ਇਹ ਲਿੰਗ-ਭੇਦ, ਜਾਤੀ-ਭੇਦ, ਧਨ-ਸ਼ਕਤੀ ਰੁਤਬਾ ਆਦਿ ਦੀ ਕਾਣੀ ਵੰਡ ਦੀਆਂ ਅਲਾਮਤਾਂ ਦੀ ਸ਼ਿਕਾਰ ਹੈ।"[28]

ਇੱਥੇ ਸਰਦਾਰੋ ਦੀ ਜ਼ਿੰਦਗੀ ਵਿਚ ਵਿਆਹ ਸੰਸਥਾ ਉੱਤੇ ਭਾਰੂ ਧਨ ਸ਼ਕਤੀ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਧਨ ਦੇ ਜ਼ੋਰ ਨਾਲ ਹੀ ਦੁੱਲਾ ਸਰਦਾਰੋ ਨੂੰ ਖਰੀਦ ਕੇ ਲਿਆਉਂਦਾ ਹੈ। ਅਜਿਹੀ ਸਥਿਤੀ ਵਿਚ ਸਰਦਾਰੋ ਦੇ ਵਿਆਹ ਬਾਹਰੇ ਸੰਬੰਧ ਬਣਨਾ ਕੋਈ ਅਲੌਕਿਕ ਗੱਲ ਨਹੀਂ ਲੱਗਦੀ। ਸਰਦਾਰੋ ਆਪਣੇ ਵਿਆਹ ਤੋਂ ਅਤ੍ਰਿਪਤ ਅਤੇ ਅਸਤੁੰਸ਼ਟ ਹੈ ਪਰ ਇਹ ਅਸੁਤੁਸ਼ਟੀ ਕਿਉਂ ਹੈ? ਜਦਕਿ ਸਰਦਾਰੋ ਇਕ ਖੁਸ਼ਹਾਲ ਪਰਿਵਾਰ ਵਿਚ ਰਹਿ ਰਹੀ ਹੈ, ਉਸ ਦੇ ਮਨ ਦੀ ਕਿਹੜੀ ਨੁੱਕਰ ਖਾਲੀ ਹੈ ਜਿਸ ਦੀ ਤਲਾਸ਼ ਲਈ ਉਹ ਬਾਹਰ ਭਟਕਦੀ ਹੈ? ਤਾਂ ਇਸ ਗੱਲ ਦਾ ਜਵਾਬ ਸਰਦਾਰੋ ਦੇ ਕਾਮੁਕ ਸੰਬੰਧਾਂ ਦੀ ਅਤ੍ਰਿਪਤੀ ਹੈ। ਉਹ ਬੇਸ਼ੱਕ ਦੁੱਲੇ ਦੇ ਘਰ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੀ ਹੈ ਪਰ ਉਸ ਦੀ ਦੁੱਲੇ ਨਾਲ ਦਿਲ ਦੀ ਸਾਂਝ ਨਹੀਂ ਪੈ ਸਕੀ। ਦੁੱਲਾ ਸਿਰਫ਼ ਕਾਮ ਸੰਬੰਧਾਂ ਦੇ ਲਈ ਵਿਆਹ ਕਰਵਾਉਂਦਾ ਹੈ ਸਰਦਾਰੋ ਦੀ ਇੱਛਾ ਦੀ ਉਸ ਨੇ ਕੋਈ ਪਰਵਾਹ ਨਹੀਂ ਕੀਤੀ। ਸਰਦਾਰੋ ਦੀ ਕਾਮ ਅਸਤੁਸ਼ਟੀ ਹੀ ਉਸ ਦੇ ਵਿਆਹ ਬਾਹਰੇ ਸੰਬੰਧਾਂ ਦਾ ਕਾਰਨ ਬਣਦੀ ਹੈ। ਉਸ ਦੇ ਪਹਿਲੇ ਸੰਬੰਧ ਉਸ ਦੇ ਆਪਣੇ ਮਤਰੇਏ ਪੁੱਤਰ ਖੁੱਡੂ ਨਾਲ ਬਣਦੇ ਹਨ। ਇਨ੍ਹਾਂ ਸੰਬੰਧਾਂ ਪਿੱਛੇ ਵੀ ਇਕ ਕਾਰਨ

ਹੈ ਕਿਉਂਕਿ ਔਰਤ ਮਰਦ ਦੀ ਇਜਾਜ਼ਤ ਤੋਂ ਬਿਨਾਂ ਘਰ ਤੋਂ ਬਾਹਰ ਪੈਰ ਨਹੀਂ ਰੱਖ ਸਕਦੀ ਇਸ ਕਰਕੇ ਉਸ ਦੇ ਸੰਬੰਧ ਆਸ-ਪਾਸ ਹੀ ਬਣਦੇ ਹਨ, ਸਰਦਾਰੋ ਵੀ ਅਜਿਹੀ ਪਾਤਰ ਹੈ ਜੋ ਆਪਣੇ ਘਰ ਵਿਚ ਹੀ ਨਜਾਇਜ਼ ਸੰਬੰਧ ਸਿਰਜ ਲੈਂਦੀ ਹੈ। ਸਰਦਾਰੋ, ਦੁੱਲੇ ਨਾਲ ਖੁਸ਼ ਨਹੀਂ ਸੀ। ਉਸ ਦਾ ਮਨ ਹਰ ਸਮੇਂ ਉਦਾਸ ਰਹਿੰਦਾ। ਉਸ ਦੀ ਜ਼ਿੰਦਗੀ ਵਿਚ ਖੁਸ਼ੀਆਂ ਉਸ ਸਮੇਂ ਆਉਂਦੀਆਂ ਹਨ ਜਦੋਂ ਉਹ ਖੱਡੂ ਨਾਲ ਸੰਬੰਧ ਗੰਢ ਲੈਂਦੀ ਹੈ ਇਸ ਦਾ ਨਾਵਲ ਵਿਚ ਵੇਰਵਾ ਇਉਂ ਮਿਲਦਾ ਹੈ;

> "ਸਰਦਾਰੋ ਪਹਿਲੇ ਸਾਲ ਹੀ ਤੀਜੇ ਨੰਬਰ ਦੇ ਮੁੰਡੇ ਨਾਲ ਖੁੱਲ ਗਈ ਸੀ। ਸਰਦਾਰੋ ਦਾ ਚਿੱਤ ਫੁੱਲ ਵਾਂਗ ਖਿੜਿਆ ਰਹਿੰਦਾ। ਤੁਰਦੀ-ਫਿਰਦੀ ਉਹ ਗੀਤ ਗੁਣਗਣਾਉਂਦੀ। ਦੁੱਲੇ ਨੂੰ ਤਸੱਲੀ ਸੀ ਕਿ ਉਹ ਕਿੰਨੀ ਖੁਸ਼ ਹੈ। ਉਹਦਾ ਕਿੰਨਾ ਜੀਅ ਲੱਗਿਆ ਹੋਇਆ ਸੀ।"[29]

ਸਰਦਾਰੋ ਦੀ ਇਹ ਖੁਸ਼ੀ ਸਿਰਫ਼ ਖੱਡੂ ਕਰਕੇ ਸੀ ਪਰ ਦੁੱਲੇ ਨੂੰ ਇਉਂ ਲੱਗਦਾ ਕਿ ਸਰਦਾਰੋ ਉਸ ਨਾਲ ਖੁਸ਼ ਹੈ। ਖੱਡੂ ਨਾਲ ਸੰਬੰਧਾਂ ਨੇ ਸਰਦਾਰੋ ਦੀ ਜ਼ਿੰਦਗੀ ਵਿਚ ਮੁੜ ਜਿਊਣ ਦੀ ਆਸ ਭਰ ਦਿੱਤੀ। ਸਰਦਾਰੋ ਖੁੱਡੂ ਅਤੇ ਦੁੱਲੇ ਵਾਸਤੇ ਮਹਿਜ਼ ਇਕ ਜ਼ਰੂਰਤ ਹੀ ਸੀ। ਨਿੱਜੀ ਜਾਇਦਾਦ ਦੀ ਸੰਸਥਾ ਦੀ ਉਤਪਤੀ ਉਪਰੰਤ ਜਦੋਂ ਪੁਰਸ਼ ਇਸਤਰੀ ਨੂੰ ਵੀ ਆਪਣੀ ਸੰਸਥਾ ਸਮਝਣ ਲੱਗਿਆ ਤਾਂ ਉਹ ਔਰਤ 'ਤੇ ਸਿਰਫ਼ ਆਪਣਾ ਹੱਕ ਸਮਝਣ ਲੱਗਾ। ਸਰਮਾਏਦਾਰੀ ਸਮਾਜ ਵਿਚ ਤਾਂ ਇਸਤਰੀ ਦੇ ਸ਼ੋਸ਼ਣ ਦਾ ਇਕ ਹੋਰ ਘਟੀਆ ਰੂਪ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਆਪਣੀਆਂ ਲੋੜਾਂ ਅਤੇ ਇਛਾਵਾਂ ਦੀ ਪੂਰਤੀ ਲਈ ਜਾਂ ਜਿਸਮਾਨੀ ਖੁੱਲ੍ਹ ਦੇ ਗਲਤ ਸੰਕਲਪ ਕਰਕੇ ਇਸਤਰੀ ਖ਼ੁਦ ਹੀ ਪੁਰਸ਼ ਦੁਆਰਾ ਭੋਗੀ ਜਾਣ ਲਈ ਤਿਆਰ ਹੋ ਜਾਂਦੀ ਹੈ। ਅਣਖੀ ਦੇ ਨਾਵਲਾਂ ਵਿਚ ਇਹ ਗੱਲ ਆਮ ਵੇਖਣ ਨੂੰ ਮਿਲਦੀ ਹੈ ਕਿ ਜੇਕਰ ਮਾਪਿਆਂ ਦੀ ਚੋਣ ਇਸਤਰੀ ਦੇ ਸੁੱਖ ਦਾ ਕਾਰਨ ਨਹੀਂ ਬਣਦੇ ਤਾਂ ਉਹ ਆਪਣੀ ਖ਼ੁਸ਼ੀ ਵਾਸਤੇ ਬਾਹਰ ਸੰਬੰਧ ਬਣਾਉਂਦੀਆਂ ਹਨ। ਉਸ ਦੇ ਨਾਵਲਾਂ ਵਿਚ ਆਮ ਤੌਰ 'ਤੇ ਪਿਆਰ ਅਤੇ ਵਿਆਹ ਦਾ ਥੀਮ ਹੁੰਦਾ ਹੈ, ਪ੍ਰੰਤੂ ਉਸ ਦੀਆਂ ਇਸਤਰੀ ਪਾਤਰ ਕਿਸੇ ਨਾ ਕਿਸੇ ਕਾਰਨ ਕਰਕੇ ਆਪਣੇ ਜੀਵਨ ਸਾਥੀ ਤੋਂ ਅਸੰਤੁਸ਼ਟ ਹਨ ਜਿਸ ਕਾਰਨ ਉਨ੍ਹਾਂ ਦੀ ਰੁਚੀ ਹੋਰਨਾਂ ਮਰਦਾਂ ਵਿਚ ਵੇਖਣ ਨੂੰ ਮਿਲਦੀ ਹੈ। ਪੰਜਾਬੀ ਨਾਵਲ ਵਿਚ ਨਾਰੀ ਦੇ ਦੁੱਖਾਂ ਨੂੰ ਪੇਸ਼ ਕਰਨ ਵਾਲਾ ਪਹਿਲਾ ਨਾਵਲਕਾਰ ਨਾਨਕ ਸਿੰਘ ਨੂੰ ਕਿਹਾ ਜਾ ਸਕਦਾ ਹੈ। ਉਸ ਨੇ ਆਪਣੇ ਨਾਵਲਾਂ ਵਿਚ ਮੱਧਵਰਗੀ ਔਰਤ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ। ਉਸ ਦਾ ਨਾਵਲ 'ਚਿੱਟਾ ਲਹੂ' ਇਸ ਦੀ ਪ੍ਰਤੱਖ ਉਦਾਹਰਨ ਹੈ। ਜਿਸ ਵਿਚ ਗੁਰਦੇਈ ਆਪਣੀਆਂ ਦੇ ਦਿੱਤੇ ਧੋਖੇ ਕਾਰਨ ਸਾਰੀ ਜ਼ਿੰਦਗੀ ਦੁੱਖ ਭੋਗਦੀ ਹੈ। ਗੁਰਦੇਈ ਦਾ ਪ੍ਰੇਮੀ ਪਹਿਲਾਂ ਤਾਂ ਗੁਰਦੇਈ ਨੂੰ ਬਹੁਤ ਪਿਆਰ ਕਰਦਾ ਸੀ ਪਰ ਬਾਅਦ ਵਿਚ ਬਦਲ ਜਾਂਦਾ ਹੈ ਜਿਸ ਦਾ ਨਾਵਲ ਵਿਚ ਵਰਣਨ ਇਸ ਪ੍ਰਕਾਰ ਹੈ;

> "ਉਹ ਤਾਰਾ ਚੰਦ ਜਿਹੜਾ ਕੁਝ ਦਿਨ ਪਹਿਲਾਂ ਗੁਰਦੇਈ

> ਦੇ ਪ੍ਰੇਮ ਵਿਚ ਪਾਗਲ ਹੋਇਆ ਫਿਰਦਾ ਸੀ, ਪੌਣੇ ਕੁ ਵਰ੍ਹੇ
> ਵਿਚ ਹੀ ਗੁਰਦੇਈ ਤੋਂ ਇੰਨਾ ਤੰਗ ਆ ਗਿਆ ਕਿ ਗੁਰਦੇਈ
> ਉਸ ਨੂੰ ਫੁੱਟੀ ਅੱਖ ਨਹੀਂ ਭਾਉਂਦੀ ਸੀ। "[30]

ਇਸੇ ਤਰ੍ਹਾਂ ਹੀ ਖੱਡੂ ਸਰਦਾਰੋ ਨਾਲ ਜਿਸਮਾਨੀ ਅਨੰਦ ਮਾਨ ਤੋਂ ਬਾਅਦ ਉਸ ਨੂੰ ਭੁੱਲ ਜਾਂਦਾ ਹੈ। ਉਸ ਦੇ ਸਰਦਾਰੋ ਨਾਲ ਸੰਬੰਧਾਂ ਦੇ ਭੇਦ ਖੁੱਲਣ ਦੇ ਕਾਰਨ ਖੱਡੂ ਡਰ ਕੇ ਸਰਦਾਰੋ ਨੂੰ ਛੱਡ ਕੇ ਭੱਜ ਜਾਂਦਾ ਹੈ ਅਤੇ ਮੁੜ ਉਸ ਦੀ ਕਦੀ ਸਾਰ ਨਹੀਂ ਲੈਂਦਾ। ਮਰਦ ਹਮੇਸ਼ਾ ਹੀ ਬੇਵਫ਼ਾਈ ਦਾ ਪ੍ਰਤੀਕ ਰਿਹਾ ਹੈ ਅਤੇ ਉਸ ਔਰਤ ਹਮੇਸ਼ਾ ਹੀ ਉਸ ਦੀ ਸ਼ਿਕਾਰ ਹੁੰਦੀ ਆਈ ਹੈ। ਔਰਤ ਨੇ ਇਸ ਬੇਵਫ਼ਾਈ ਨੂੰ ਆਪਣੀ ਕਿਸਮਤ ਸਮਝਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਇਸ ਨੂੰ ਹੋਣੀ ਦਾ ਨਾਂ ਦੇ ਕੇ ਇਸ ਦੀ ਆਦਤ ਵੀ ਪਾ ਚੁੱਕੀ ਹੈ। ਅਣਖੀ ਦੇ ਨਾਵਲਾਂ ਵਿਚ ਧਿਆਨਦੇਣ ਯੋਗ ਗੱਲ ਹੈ ਕਿ ਉਸ ਨੇ ਬੇਸ਼ੱਕ ਔਰਤ ਦੀਆਂ ਅਧੂਰੀਆਂ ਤ੍ਰਿਪਤੀਆਂ ਦਾ ਬਿਆਨ ਕੀਤਾ ਹੈ ਉਸ ਨੇ ਔਰਤ ਦੇ ਇਸ ਦੁਖਾਂਤ ਨੂੰ ਸਮਝਿਆ ਵੀ ਹੈ ਪ੍ਰੰਤੂ ਫਿਰ ਵੀ ਉਹ ਮਰਦ ਨੂੰ ਬਹੁਤਾ ਮਾੜਾ ਪਾਤਰ ਨਹੀਂ ਬਣਾਉਂਦਾ। ਉਸ ਦੇ ਮਰਦ ਪਾਤਰ ਬੇਸ਼ੱਕ ਕਈ ਐਬਾਂ ਅਤੇ ਵੈਲਾਂ ਵਾਲੇ ਹਨ ਜਿਸ ਤੋਂ ਔਰਤ ਬਹੁਤ ਦੁਖੀ ਹੈ ਲੇਕਿਨ ਇਹ ਮਰਦ ਪਾਤਰ ਔਰਤ ਦੇ ਵਿਛੋੜੇ ਵਿਚ ਦਰਦ ਦੀ ਅਨੁਭੂਤੀ ਵੀ ਪ੍ਰਤੀਤ ਕਰਦੇ ਹਨ। ਬੇਸ਼ੱਕ ਦੁੱਲੇ ਨੂੰ ਸਰਦਾਰੋ ਦੇ ਆਪਣੇ ਪੁੱਤਰ ਨਾਲ ਸੰਬੰਧਾਂ ਬਾਰੇ ਪਤਾ ਚੱਲਦਾ ਹੈ ਅਤੇ ਉਸ ਨੂੰ ਬਹੁਤ ਗੁੱਸਾ ਵੀ ਆਉਂਦਾ ਹੈ ਪ੍ਰੰਤੂ ਉਸ ਦਾ ਗੁੱਸਾ ਦੁੱਧ ਦੇ ਉਬਾਲੇ ਵਾਂਗ ਹੈ ਜੋ ਕੁੱਝ ਸਮੇਂ ਬਾਅਦ ਹੀ ਸ਼ਾਂਤ ਹੋ ਜਾਂਦਾ ਹੈ। ਦੁੱਲਾ ਹੀ ਵੀ ਮੰਨਦਾ ਹੈ ਕਿ ਉਸ ਦੇ ਬੁਢਾਪੇ ਕਾਰਨ ਹੀ ਸਰਦਾਰੋ ਨੇ ਬਾਹਰ ਸੰਬੰਦ ਬਣਾਏ ਹਨ। ਡਾ. ਸੁਰਜੀਤ ਸਿੰਘ ਅਨੁਸਾਰ;

> "ਅਣਖੀ ਨੇ 'ਸਰਦਾਰੋ' ਵਿਚ ਔਰਤ-ਮਰਦ ਸੰਬੰਧਾਂ ਦੀ ਰੂਹਾਨੀਅਤ
> ਨੂੰ ਆਪਣਾ ਮੂਲ ਸਿਰਜਣ ਸਰੋਕਾਰ ਬਣਾਇਆ ਹੈ। ਔਰਤ-ਮਰਦ
> ਸੰਬੰਧਾਂ ਦੀ ਵਿਵੇਚਨਾ ਨਾਲ ਜੁੜੇ ਗਲਪ ਦੀ ਰਚਨਾ ਮੁੱਢ ਤੋਂ ਹੀ ਅਣਖੀ
> ਦੀ ਰਚਨਾਤਮਿਕਤਾ ਨੂੰ ਆਕਰਸ਼ਿਤ ਕਰਨ ਵਾਲਾ ਸਰੋਕਾਰ ਰਿਹਾ ਹੈ। "[31]

ਸਰਦਾਰੋ ਦੀ ਬੇਵਫ਼ਾਈ ਦੁੱਲੇ ਨੂੰ ਵੈਰਾਗੀ ਬਣਾ ਦਿੰਦੀ ਹੈ ਅਤੇ ਦੁੱਲਾ ਉਸ ਦੇ ਵੈਰਾਗ ਵਿਚ ਤੜਫ਼ਦਾ ਹੀ ਮਰ ਜਾਂਦਾ ਹੈ। ਖੱਡੂ ਨਾਲ ਸਰਦਾਰੋ ਦੀ ਕੋਈ ਦਿਲੀ ਸਾਂਝ ਪ੍ਰਤੀਤ ਨਹੀਂ ਹੁੰਦੀ ਉਹ ਤਾਂ ਸਿਰਫ਼ ਚਾਰ ਦਿਨ ਉਸ ਨਾਲ ਸਰੀਰਿਕ ਸੁੱਖ ਮਾਣਦੀ ਹੈ ਅਤੇ ਭੇਤ ਖੁੱਲਣ 'ਤੇ ਜਦੋਂ ਖੱਡੂ ਉਸ ਨੂੰ ਛੱਡ ਜਾਂਦਾ ਹੈ ਤਾਂ ਸਰਦਾਰੋ ਉਸੇ ਮੋੜ ਤੇ ਫਿਰ ਆਣ ਖੜਦੀ ਹੈ ਜਿੱਥੇ ਉਹ ਆਪਣੇ ਆਪ ਨੂੰ ਇਕੱਲੀ ਅਨੁਭਵ ਕਰਦੀ ਹੈ। ਇਸ ਵਾਰ ਸਰਦਾਰੋ ਮੈਂਗਲ ਜੱਟ ਨਾਲ ਸੰਬੰਧ ਬਣਾਉਂਦੀ ਹੈ ਸਰਦਾਰੋ ਦੇ ਇਨ੍ਹਾਂ ਸੰਬੰਧਾ ਵਿਚ ਸਿਰਫ਼ ਜਿਨਸੀ ਪਿਆਰ ਨਹੀਂ ਬਲਕਿ ਰੂਹਾਨੀ ਪਿਆਰ ਵੇਖਣ ਨੂੰ ਮਿਲਦਾ ਹੈ।

ਸਰਾਦਰੋ ਮੈਂਗਲ ਨਾਲ ਵਿਆਹ ਕਰਵਾ ਕੇ ਦੁੱਲੇ ਦੀ ਕੈਦ ਵਿਚੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਇਸ ਕਰਕੇ ਉਹ ਮੈਂਗਲ ਨਾਲ ਦੌੜ ਜਾਂਦੀ ਹੈ;

> "ਅਸਲ ਵਿਚ ਸਰਦਾਰੋ ਓਹਤੋਂ ਅੱਕੀ ਪਈ ਸੀ। ਉਹ ਨਿੱਤ ਉਹਨੂੰ ਘੂਰਦਾ ਸੀ। ਨਿੱਤ ਉਹਨੂੰ ਤਾੜ-ਫਾੜ ਕਰਦਾ ਸੀ। ਆਖੀਰ ਇਕ ਦਿਨ ਉਹਨੇ ਘਰੋਂ ਭੱਜ ਕੇ ਹੀ ਸਾਹ ਲਿਆ।"[32]

ਸਰਦਾਰੋ ਨੇ ਦੁੱਲੇ ਜਿਹੇ ਬੁੱਢੇ ਬੰਦੇ ਤੋਂ ਛੁਟਕਾਰਾ ਪਾਉਣ ਵਾਸਤੇ ਮੈਂਗਲ ਨਾਲ ਸੰਬੰਧ ਬਣਾਏ ਸਨ। ਇਨ੍ਹਾਂ ਸੰਬੰਧਾਂ ਨੇ ਉਸ ਦੀ ਜ਼ਿੰਦਗੀ ਵਿਚ ਉਹ ਖੁਸ਼ੀਆਂ ਲੈ ਆਂਦੀਆਂ ਜਿਸ ਦੇ ਉਨ੍ਹਾਂ ਨੇ ਕਦੀ ਸੁਪਨੇ ਵੇਖੇ ਸਨ। ਉਹ ਦੋਵੇਂ ਪਿੰਡ ਛੱਡ ਕੇ ਨਿਹਾਲ ਕਲਾਂ ਘਰ ਵਸਾਉਂਦੇ ਹਨ। ਉਹ ਜਸਮੇਲ ਕੌਰ ਦੇ ਘਰ ਰਹਿੰਦੀ ਹੈ ਘਰ ਦਾ ਸਾਰਾ ਕੰਮ ਕਰਦੀ ਹੈ ਪਰ ਥੱਕਦੀ ਨਹੀਂ ਕਿਉਂਕਿ ਉਸ ਨੂੰ ਹਰ ਸਮੇਂ ਮੈਗਲ ਦੇ ਪਿਆਰ ਦੀ ਲੋਰ ਚੜੀ ਰਹਿੰਦੀ ਹੈ। ਸਰਦਾਰੋ ਦੀ ਜ਼ਿੰਦਗੀ ਵਿਚ ਇਹ ਖੁਸ਼ੀਆ ਜ਼ਿਆਦਾ ਸਮਾਂ ਨਹੀਂ ਰਹਿੰਦੀਆਂ। ਸਰਦਾਰੋ ਦੇ ਇਕ ਮੁੰਡਾ ਹੁੰਦਾ ਹੈ ਅਤੇ ਮੁੰਡੇ ਤੋਂ ਥੋੜਾ ਸਮਾਂ ਬਾਅਦ ਸਰਦਾਰੋ ਦੀ ਸੱਪ ਲੜ ਜਾਣ ਕਾਰਨ ਮੌਤ ਹੋ ਜਾਂਦੀ ਹੈ। ਸਰਦਾਰੋ ਦੀ ਮੌਤ ਤੋਂ ਬਾਅਦ ਮੈਗਲ ਵਾਪਿਸ ਆਪਣੇ ਪਿੰਡ ਆ ਜਾਂਦਾ ਹੈ ਉਸ ਦਾ ਪੁੱਤਰ ਆਪਣੇ ਆਪ ਨੂੰ ਬਾਜੀਗਰਨੀ ਦਾ ਪੁੱਤ ਅਖਵਾਉਣ ਤੋਂ ਸ਼ਰਮ ਮਹਿਸੂਸ ਕਰਦਾ ਹੈ ਉਹ ਆਪਣੇ ਆਪ ਨੂੰ ਜੱਟ ਦਾ ਪੁੱਤ ਅਖਵਾਉਣ ਵਿਚ ਗਰਭ ਮਹਿਸੂਸ ਕਰਦਾ ਹੈ। ਅਣਖੀ ਦਾ ਇਹ ਨਾਵਲ ਮਲਵਈ ਸਭਿਆਚਾਰ ਦੇ ਸੱਚ ਨੂੰ ਬਿਆਨ ਕਰਦਾ ਹੈ ਉਹ ਇਕ ਯਥਾਰਥਵਾਦੀ ਨਾਵਲਕਾਰ ਹੈ ਜਿਸਦੀ ਮੁੱਖ ਦਿਲਚਸਪੀ ਮਲਵਈ ਜੀਵਨ ਅਤੇ ਸਭਿਆਚਾਰ ਵਿਚ ਰਹੀ ਹੈ। ਉਹ ਆਪਣੇ ਪਾਤਰ, ਭਾਸ਼ਾ ਅਤੇ ਵਸਤੂ ਸਮੱਗਰੀ ਮਲਵਈ ਸਭਿਆਚਾਰ ਤੋਂ ਲੈਂਦਾ ਹੈ ਅਤੇ ਉਸ ਨਾਲ ਸੰਪੂਰਨ ਨਿਆਂ ਕਰਦਾ ਹੈ। ਉਸ ਨੂੰ ਆਂਚਲਿਕ ਨਾਵਲਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਉਸ ਨੇ ਪੱਛੜੇ ਖੇਤਰਾਂ ਨੂੰ ਆਪਣੇ ਨਾਵਲਾਂ ਵਿਚ ਉਭਾਰਿਆ ਹੈ ਅਤੇ ਉਥੋਂ ਦੀਆਂ ਔਰਤਾਂ ਦੀਆਂ ਸੰਵੇਦਨਾਵਾਂ ਦਾ ਬਿਆਨ ਬੜੇ ਹੀ ਯਥਾਰਥਮਈ ਢੰਗ ਨਾਲ ਕੀਤਾ ਹੈ।

**'ਹਮੀਰਗੜ' ਨਾਵਲ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ:-** 'ਹਮੀਰਗੜ' ਨਾਵਲ ਵਿਚ ਅਣਖੀ ਨੇ ਵਿਆਹ ਬਾਹਰੇ ਸੰਬੰਧਾਂ ਦਾ ਯਥਾਰਥਕ ਬਿਆਨ ਕੀਤਾ ਹੈ। ਅਣਖੀ ਦੇ ਨਾਵਲਾਂ ਵਿਚਲੀ ਇਕ ਗੱਲ ਸਮਾਨ ਹੈ ਕਿ ਵਿਆਹ ਬਾਹਰੇ ਸੰਬੰਧ ਦੋ ਕਾਰਨਾਂ ਕਰਕੇ ਬਣਦੇ ਹਨ ਇਕ ਕਾਮੁਕ ਸੰਬੰਧਾਂ ਦੀ ਪੂਰਤੀ ਲਈ ਅਤੇ ਦੂਜਾ ਆਰਥਿਕ ਤੰਗੀ ਕਾਰਨ। ਜਲਕੁਰ ਵੀ ਇਨ੍ਹਾਂ ਦੋਵਾਂ ਦੋਸ਼ਾਂ ਦੀ ਸ਼ਿਕਾਰ ਹੈ। ਪੁਰਾਤਨ ਸਮੇਂ ਤੋਂ ਹੀ ਔਰਤ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਮਰਿਯਾਦਾ ਵਿਚ ਰਹੇ। ਉਸ ਦੇ ਆਪਣੇ ਪਤੀ ਤੋਂ ਇਲਾਵਾਂ ਉਸ ਦੇ ਬਾਹਰ ਦੇ ਸੰਬੰਧ ਕਦੀ ਕਬੂਲ ਨਹੀਂ ਕੀਤੇ ਜਾਂਦੇ। ਔਰਤ ਜੇਕਰ ਸਮਾਜਿਕ ਕਦਰਾਂ-ਕੀਮਤਾਂ ਤਿਆਗ ਕੇ ਬਾਹਰ ਸੰਬੰਧ ਬਣਾਉਂਦੀ ਹੈ ਤਾਂ ਸਮਾਜ ਵਿਚ ਬਦਚਲਨ ਆਦਿ ਨਾਵਾਂ ਨਾਲ ਪੁਕਾਰੀ ਜਾਂਦੀ ਹੈ। ਸਮਾਜ ਉਸ ਦੇ ਮੱਥੇ ਕਈ ਪ੍ਰਕਾਰ ਦੇ ਦੋਸ਼ ਮੜ ਦਿੰਦਾ ਹੈ ਪਰ ਇਨ੍ਹਾਂ ਦੋਸ਼ਾਂ ਨੂੰ ਮੜਨ ਤੋਂ ਪਹਿਲਾਂ ਲੋੜ ਹੈ ਇਨ੍ਹਾਂ ਸੰਬੰਧਾਂ ਦੇ ਪਿੱਛੇ ਅਸਲ ਕਾਰਨਾਂ ਨੂੰ ਜਾਨਣ ਦੀ, ਜਿਸ ਨੂੰ ਜਾਨਣ ਦੀ ਕੋਈ ਕੋਸ਼ਿਸ਼ ਵੀ

ਨਹੀਂ ਕਰਦਾ ਬੱਸ ਔਰਤ ਨੂੰ ਅਪਰਾਧੀਆਂ ਦੀ ਕਤਾਰ ਵਿਚ ਖੜਾ ਕਰ ਦਿੱਤਾ ਜਾਂਦਾ ਹੈ। ਔਰਤ ਆਪਣੇ ਹੀ ਘਰ ਵਿਚ ਬੇਗਾਨਗੀ ਅਨੁਭਵ ਕਰਦੀ ਹੈ। ਔਰਤ ਦੀ ਸਥਿਤੀ ਬਾਰੇ ਡਾ. ਜਸਬੀਰ ਕੇਸਰ ਲਿਖਦੇ ਹਨ;

> "ਕਦੀ ਪਰਿਵਾਰ ਦਾ ਵਿਰੋਧ, ਕਦੀ ਸਮਲਿੰਗਤਾ ਦੀ ਪੈਰਵੀ, ਕਦੀ ਇਸਤਰੀ ਦੇਹ ਦੀ ਮਨਮਰਜ਼ੀ ਨਾਲ ਵਰਤੋਂ ਵਰਗੇ ਨਾਅਰਿਆਂ ਮਗਰ ਲੱਗ ਕੇ ਨਾਰੀਵਾਦੀ ਅੰਦੋਲਨ ਨੇ ਆਪਣੀ ਪ੍ਰਸੰਗਿਕਤਾ ਗੁਆ ਲਈ ਅਤੇ ਨਾਰੀਵਾਦੀ ਇਕ ਫ਼ੈਸਲਾ ਬਣ ਕੇ ਰਹਿ ਗਿਆ ਤੇ ਹੁਣ ਭੂ-ਮੰਡੀਲੀ-ਕਰਨ ਦੇ ਯੁੱਗ ਵਿਚ ਜਿਸ ਨੂੰ ਪੂੰਜੀਵਾਦ ਦਾ ਸਿਖਰ ਆਖਿਆ ਜਾਂਦਾ ਹੈ ਗਲੋਬਲ ਪੱਧਰ ਤੇ ਔਰਤ ਦੀ ਸਥਿਤੀ ਸਗੋਂ ਵਧੇਰੇ ਤਰਸਯੋਗ ਬਣਦੀ ਜਾ ਰਹੀ ਹੈ।"[33]

ਔਰਤ ਦੀ ਜ਼ਿੰਦਗੀ ਵਿਚ ਸੰਘਰਸ਼ ਦੇ ਬਾਵਜੂਦ ਵੀ ਕੋਈ ਜ਼ਿਆਦਾ ਪਰਿਵਰਤਨ ਨਹੀਂ ਆਇਆ ਉਹ ਸਮਾਜ ਵਿਚ ਆਪਣੀ ਸਥਿਤੀ ਨੂੰ ਸੁਧਾਰਨ ਲਈ ਨਿਰੰਤਰ ਸੰਘਰਸ਼ ਕਰ ਰਹੀ ਹੀ ਪ੍ਰੰਤੂ ਉਸ ਨੂੰ ਹਾਲੇ ਤੱਕ ਯੋਗ ਸਥਾਨ ਪ੍ਰਾਪਤ ਨਹੀਂ ਹੋਇਆ। ਪੰਜਾਬੀ ਸਾਹਿਤ ਵਿਚ ਔਰਤ ਦੀ ਖ਼ੁਦਮੁਖਤਿਆਰੀ ਦਾ ਮਸਲਾ ਬਹੁਤ ਭਖਿਆ। ਬਹੁਤ ਸਾਰੇ ਸਾਹਿਤਕਾਰਾਂ ਨੇ ਔਰਤ ਦੀ ਆਜ਼ਾਦੀ ਅਤੇ ਖ਼ੁਦਮੁਖਤਿਆਰੀ ਨੂੰ ਆਧਾਰ ਬਣਾ ਕੇ ਰਚਨਾ ਕੀਤੀ। ਵੀਨਾ ਵਰਮਾ ਅਤੇ ਹਰਜੀਤ ਅਟਵਾਲ ਨੇ ਆਪਣੀਆਂ ਰਚਨਾਵਾਂ ਵਿਚ ਔਰਤ ਦੀ ਸਥਿਤੀ ਬਾਰੇ ਲਿਖਣ ਦਾ ਯਤਨ ਕੀਤਾ ਹੈ। ਭਾਰਤੀ ਗਲਪ ਦਾ ਤਾਂ ਮੁੱਖ ਆਧਾਰ ਹੀ ਔਰਤ ਅਤੇ ਮਰਦ ਦੇ ਰਿਸ਼ਤੇ ਰਹੇ ਹਨ। ਇਸੇ ਰਿਸ਼ਤੇ ਦੇ ਆਧਾਰ 'ਤੇ ਬਿਰਤਾਂਤ ਸਿਰਜੇ ਜਾਂਦੇ ਹਨ। ਆਧੁਨਿਕ ਕਾਲ ਵਿਚ ਔਰਤ-ਮਰਦ ਦੇ ਰਿਸ਼ਤੇ ਬਹੁਤ ਗੁੰਝਲਦਾਰ ਹੁੰਦੇ ਜਾ ਰਹੇ ਹਨ। ਰਾਮ ਸਰੂਪ ਅਣਖੀ ਇਨ੍ਹਾਂ ਗੁਝਲਦਾਰ ਹੁੰਦੇ ਜਾ ਰਹੇ ਰਿਸ਼ਤਿਆਂ ਦੀਆਂ ਪਰਤਾਂ ਨੂੰ ਖੋਲਦਾ ਹੈ। ਅਣਖੀ ਨੇ ਔਰਤ ਅਤੇ ਮਰਦ ਦੋਵਾਂ ਦੀ ਕਾਮੁਕ ਪ੍ਰਵ੍ਰਿਤੀ ਨੂੰ ਆਧਾਰ ਬਣਾਇਆ ਹੈ ਜਾਂ ਫਿਰ ਪਰੰਪਾਰਗਤ ਰਿਸ਼ਤੇ ਦਾ ਤਿਆਗ ਕਰਕੇ ਔਰਤ ਦੇ ਸੁਤੰਤਰ ਵਜੂਦ ਦੀ ਪੇਸ਼ਕਾਰੀ ਕੀਤੀ ਹੈ। ਜਿਸ ਵਿਚ ਉਹ ਔਰਤ ਪ੍ਰਤੀ ਸਭ ਪ੍ਰਕਾਰ ਦੀਆਂ ਪੁਰਾਤਨ ਮਿੱਥਾ ਨੂੰ ਤੋੜ ਕੇ ਔਰਤ ਦੇ ਕਈ ਮਰਦਾਂ ਨਾਲ ਸੰਬੰਧਾਂ ਦਾ ਬਿਆਨ ਕਰਦਾ ਹੈ। ਅਣਖੀ ਇਕ ਬੇਵਾਕ ਨਾਵਲਕਾਰ ਹੈ ਜੋ ਬੇਧੜਕ ਹੋ ਕੇ ਸਮਾਜ ਦਾ ਨੰਗਾ ਸੱਚ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਉਸ ਨੇ ਔਰਤ ਪ੍ਰਤੀ ਰੂੜੀਵਾਦੀ ਸੋਚ ਨਹੀਂ ਅਪਣਾਈ ਬਲਕਿ ਉਹ ਔਰਤ ਦੀਆਂ ਸਾਰੀਆਂ ਸ਼ਕਤੀਆਂ ਦਾ ਬਿਆਨ ਕਰਦਾ ਹੈ ਜਿਸ ਨੂੰ ਸਾਡੇ ਸਮਾਜ ਨੇ ਦਬਾ ਕੇ ਰੱਖਿਆ ਹੋਇਆ ਹੈ। ।

ਜਲਕੁਰ ਨਾਂ ਦੀ ਪਾਤਰ ਆਪਣੇ ਹੀ ਦਿਉਰ ਭਜਨੇ ਨਾਲ ਨਜਾਇਜ਼ ਸੰਬੰਧ ਬਣਾਉਂਦੀ ਹੈ ਭਜਨੇ ਦੀ ਤੀਵੀਂ ਵੀ ਇਸੇ ਦੁੱਖ ਕਾਰਨ ਮਰ ਗਈ ਸੀ। ਭਜਨੇ ਨੂੰ ਇਨ੍ਹਾਂ ਸੰਬੰਧਾ ਦਾ ਅਜਿਹਾ ਚਸਕਾ ਪਿਆ ਕਿ ਉਸ ਨੇ ਆਪਣਾ ਵਸਿਆ ਵਸਾਇਆ

ਘਰ ਖਰਾਬ ਕਰ ਲਿਆ। ਭਜਨਾ ਜਲਕੁਰ ਦੇ ਆਸ-ਪਾਸ ਹੀ ਰਹਿੰਦਾ ਇਸ ਕਰਕੇ ਜਦੋਂ ਸਾਰੇ ਖੇਤਾਂ ਵਿਚ ਕੰਮ ਕਰਨ ਗਏ ਹੁੰਦੇ ਤਾਂ ਉਹ ਬਿਮਾਰੀ ਦਾ ਬਹਾਨਾ ਬਣਾ ਕੇ ਜਲਕੁਰ ਕੋਲ ਘਰੇ ਰਹਿੰਦਾ ਅਤੇ ਉਸ ਨਾਲ ਸਰੀਰਿਕ ਸੰਬੰਧ ਬਣਾਉਂਦਾ;

> "ਉਹ ਏਵੇਂ ਹੀ ਕਰਦਾ, ਜਲਕੁਰ ਪਹਿਲਾਂ ਸਮਝ ਚੁੱਕੀ ਹੁੰਦੀ।
> ਜਿਸ ਦਿਨ ਭਜਨੇ ਦਾ ਇਰਾਦਾ ਹੁੰਦਾ। ਉਹ ਕੁਤਰੇ ਵਾਲੀ ਮਸ਼ੀਨ
> ਦੇ ਛਤਨੇ ਵਿਚ ਪਏ ਮੰਜੇ ਦੀ ਦੌਣ ਕੱਸਣ ਲੱਗਦਾ। ਹੋਰ ਕੋਈ ਘਰ
> ਨਾ ਹੁੰਦਾ ਤਾਂ ਉਹ ਜਲਕੁਰ ਨੂੰ ਸੱਦਦਾ ਕਿ ਉਹ ਆ ਕੇ ਉਹਦਾ ਕਾਲਜਾ
> ਦੱਬੇ। ਉਹ ਖਿੜਦੀ, ਗਾਲਾਂ ਕੱਢਦੀ ਪਰ ਕਿਸੇ ਜਾਦੂ-ਟੂਣੇ ਦੇ ਅਸਰ ਵਾਂਗ
> ਇਹ ਸਭ ਕੁਝ ਕਰਦੀ ਰਹਿੰਦੀ।"[34]

ਅਸਲ ਵਿਚ ਜਲਕੁਰ ਇਕ ਅਜਿਹੀ ਔਰਤ ਹੈ ਜੋ ਵੱਖ-ਵੱਖ ਮਰਦਾਂ ਨੂੰ ਹੰਢਾਉਣ ਦੀ ਆਦਿ ਬਣ ਚੁੱਕੀ ਹੈ। ਉਸ ਨੂੰ ਪਰਾਏ ਮਰਦਾਂ ਦੇ ਸੰਗ ਦੀ ਆਦਤ ਪੈ ਜਾਂਦੀ ਹੈ। ਜਿੱਥੋਂ ਤੱਕ ਉਸ ਦੇ ਭਜਨੇ ਨਾਲ ਸੰਬੰਧਾਂ ਦੀ ਗੱਲ ਹੈ ਉਸ ਵਿਚ ਆਰਥਿਕ ਕਾਰਨ ਦਿਖਾਈ ਦਿੰਦੇ ਹਨ ਕਿਉਂਕਿ ਉਨ੍ਹਾਂ ਕੋਲ ਜ਼ਮੀਨ ਘੱਟ ਹੈ ਅਤੇ ਉਹ ਨਹੀਂ ਚਾਹੁੰਦੀ ਕਿ ਜ਼ਮੀਨ ਦੀ ਵੰਡੀ ਹੋਵੇ ਇਸ ਕਰਕੇ ਉਹ ਭਜਨੇ ਨੂੰ ਆਪਣੇ ਕਾਬੂ ਵਿਚ ਰੱਖਦੀ ਹੈ ਤਾਂ ਜੋ ਉਹ ਕਦੀ ਵੱਖ ਹੋਣ ਬਾਰੇ ਸੋਚੇ ਵੀ ਨਾ। ਅਜਿਹੇ ਸੰਬੰਧ ਸਾਡੇ ਸਮਾਜ ਵਿਚ ਆਮ ਵੇਖਣ ਨੂੰ ਮਿਲਦੇ ਹਨ। ਪ੍ਰੰਤੂ ਜਲਕੁਰ ਦੇ ਆਪਣੇ ਸੀਰੀ ਸੰਤੋਖੇ ਨਾਲ ਸੰਬੰਧ ਨਿਰੇ ਕਾਮੁਕ ਭੁੱਖ ਜਾਪਦੇ ਹਨ। ਭਜਨੇ ਦੀ ਮੌਤ ਤੋਂ ਬਾਅਦ ਗੁਰਮੇਲ ਨਾਲ ਸੰਤੋਖੇ ਨੂੰ ਸੀਰੀ ਰੱਖ ਲੈਂਦਾ ਹੈ, ਜਲਕੁਰ ਉਸ ਨਾਲ ਵੀ ਸਰੀਰਿਕ ਸੰਬੰਧ ਬਣਾ ਲੈਂਦੀ ਹੈ। ਸੰਤੋਖਾ ਇਕ ਮਿਹਨਤੀ ਵਿਅਕਤੀ ਹੈ ਜੋ ਗੁਰਮੇਲ ਦਾ ਹਰੇਕ ਕੰਮ ਬੜੀ ਹੀ ਮਿਹਨਤ ਨਾਲ ਕਰਦਾ ਹੈ ਪ੍ਰੰਤੂ ਜਲਕੁਰ ਨਾਲ ਰਿਸ਼ਤਾ ਬਣਾ ਕੇ ਉਹ ਗੁਰਮੇਲ ਦੀ ਪਿੱਠ ਵਿਚ ਛੁਰਾ ਖੋਬਦਾ ਹੈ। ਜਲਕੁਰ ਤਾਂ ਉਸ ਪਿੱਛੇ ਆਪਣਾ ਘਰ ਲਟਾਉਣ ਨੂੰ ਤਿਆਰ ਹੈ। ਉਹ ਸੰਤੋਖੇ ਨੂੰ ਘਰ ਲਿਜਾਣ ਵਾਸਤੇ ਚੋਰੀ ਸਮਾਨ ਵੀ ਦਿੰਦੀ ਹੈ ਅਤੇ ਖਾਣ-ਪੀਣ ਨੂੰ ਵੀ ਖੁੱਲਾ ਦਿੰਦੀ ਹੈ;

> "ਜਲਕੁਰ ਸੰਤੇਖੋ ਨੂੰ ਪੂਰਾ ਖਾਣ ਨੂੰ ਦਿੰਦੀ। ਉਹਦੀ ਦਾਲ-ਸਬਜ਼ੀ
> ਕਦੇ ਰੁੱਖੀ ਨਾ ਰੱਖਦੀ। ਕਦੇ ਮਖਣੀ, ਕਦੇ ਘਿਓ ਜ਼ਰੂਰ ਪਾਉਂਦੀ।
> ਜਿੱਦਣ ਉਹ ਔਖਾ ਕੰਮ ਕਰ ਕੇ ਆਇਆ ਹੁੰਦਾ, ਉਹਨੂੰ ਸ਼ੱਕਰ-
> ਘਿਓ ਰਲਾ ਕੇ ਦਿੰਦੀ। ਰਾਤ ਦੀ ਰੋਟੀ ਤੋਂ ਬਾਅਦ ਦੁੱਧ ਪਿਆਉਂਦੀ

> ਆਮ ਲੋਕ ਸੀਰੀਆਂ ਨੂੰ ਦੁੱਧ ਦੇ ਦੋ ਪਲੇ ਤਾਂ ਰਾਤ ਨੂੰ ਜ਼ਰੂਰ ਦਿੰਦੇ ਹਨ, ਪਰ ਦਿਨ ਦੇ ਦੁੱਧ ਦੇ ਜਿਸ ਵਿਚ ਅੱਧਾ ਪਾਣੀ ਹੁੰਦਾ। ਪਰ ਜਲਕੁਰ ਅਜਿਹਾ ਨਹੀਂ ਕਰਦੀ ਸੀ। ਉਹ ਜਿਹੜਾ ਅਣਘਾਲਿਆ ਦੁੱਧ ਆਪਣੇ ਤੇ ਗੁਰਮੇਲ ਵਾਸਤੇ ਤੱਤਾ ਕਰਦੀ ਉਹੀ ਦੁੱਧ ਸੰਤੋਖੇ ਨੂੰ ਦਿੰਦੀ।"[35]

ਜਲਕੁਰ ਦੇ ਪਤੀ ਦੀ ਮੌਤ ਹੋ ਜਾਂਦੀ ਹੈ ਇਸ ਕਰਕੇ ਸ਼ਿਆਮ ਖੇਤੀ ਛੱਡ ਦੇਣਾ ਚਾਹੁੰਦਾ ਸੀ ਪਰ ਜਲਕੁਰ ਨੂੰ ਸੰਤੋਖੇ ਤੋਂ ਵੱਖ ਹੋਣ ਦਾ ਡਰ ਸਤਾਉਣ ਲੱਗਾ ਕਿਉਂਕਿ ਖੇਤੀਬਾੜੀ ਕਰਕੇ ਹੀ ਸੰਤੋਖਾ ਜਲਕੁਰ ਦੇ ਘਰ ਆਉਂਦਾ ਜਾਂਦਾ ਸੀ ਬਾਅਦ ਵਿਚ ਉਸ ਦਾ ਜਲਕੁਰ ਦੇ ਘਰ ਆਉਣਾ ਜਾਣਾ ਬੰਦ ਹੋ ਜਾਵੇਗਾ। ਅੰਤ ਸੀਰੀ ਦਾ ਵੀ ਉਸ ਦੇ ਘਰ ਆਉਣਾ ਜਾਣਾ ਬੰਦ ਹੋ ਜਾਂਦਾ ਹੈ। ਜਦੋਂ ਸਾਰੇ ਮਰਦ ਜਲਕੁਰ ਨੂੰ ਵਰਤ ਕੇ ਸੁੱਟ ਦਿੰਦੇ ਹਨ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਕਿਸੇ ਮਰਦ ਨੇ ਉਸ ਨਾਲ ਦਿਲੋਂ ਪਿਆਰ ਨਹੀਂ ਕੀਤਾ ਸਾਰੇ ਉਸ ਨੂੰ ਵਰਤ ਕੇ ਸੁੱਟ ਦਿੰਦੇ ਹਨ। ਉਸ ਦੀ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਗਰਜ਼ ਲਈ ਆਉਂਦੇ ਹਨ ਅਤੇ ਆਪਣੀ ਗਰਜ਼ ਪੂਰੀ ਕਰਕੇ ਉਸ ਦੀ ਜ਼ਿੰਦਗੀ ਵਿਚੋਂ ਚਲੇ ਜਾਂਦੇ ਹਨ "ਇੱਥੇ ਇਕ ਹੋਰ ਤੱਤ ਵੀ ਉਜਾਗਰ ਹੁੰਦਾ ਹੈ ਕਿ ਯਥਾਰਥ ਦੀ ਪ੍ਰਾਪਤ ਇਤਿਹਾਸਿਕ ਵਸਤੂ-ਸਥਿਤੀ ਦੇ ਅੰਤਰਗਤ 'ਲੋੜ' ਦੇ ਰੂਪ ਵਿਚ ਸਥਾਪਿਤ ਹੁੰਦੇ ਹੋਏ ਔਰਤ-ਮਰਦ ਦੇ ਅਵੈਧ ਸਰੀਰਕ ਸੰਬੰਧ ਹੌਲੀ-ਹੌਲੀ ਇਕ ਝਾਂਸਾ ਆਦਤ ਦਾ ਰੂਪ ਧਾਰਨ ਕਰ ਲੈਂਦੇ ਹਨ।"[36] ਉਹ ਖੁਦ ਮਹਿਸੂਸ ਕਰਦੀ ਹੈ ਕਿ ਉਸ ਦੇ ਸੰਬੰਧ ਗਰਜ਼ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸਨ। ਉਸ ਦੇ ਭਜਨੇ ਨਾਲ ਸੰਬੰਧ ਇਕ ਲੋੜ ਤੋਂ ਸ਼ੁਰੂ ਹੋ ਕੇ ਆਦਤ ਵਿਚ ਤਬਦੀਲ ਹੋ ਜਾਂਦੇ ਹਨ। ਅਣਖੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਸ ਦੇ ਨਾਵਲਾਂ ਵਿਚ ਨਿਮਨ ਕਿਸਾਨੀ ਦੀਆਂ ਮੂਲ ਸਮੱਸਿਆਵਾਂ ਦਾ ਵੀ ਆਪਣੇ ਨਾਵਲਾਂ ਵਿਚ ਬਿਆਨ ਬੜੇ ਵਧੀਆ ਢੰਗ ਨਾਲ ਕੀਤਾ ਹੈ। ਉਸ ਦੇ ਨਾਵਲਾਂ ਦੀਆਂ ਔਰਤਾਂ ਦੀ ਮੁੱਖ ਸਮੱਸਿਆਵਾਂ ਦੀ ਜੜ ਆਰਥਿਕ ਤੰਗੀਆਂ ਹੀ ਹੁੰਦੀਆਂ ਹਨ। ਇਸੇ ਕਾਰਨ ਹੀ ਉਹ ਕਈ ਮਰਦਾਂ ਨਾਲ ਸੰਬੰਧ ਬਣਾਉਂਦੀਆਂ ਹਨ ਇਹ ਜਾਣਦੇ ਹੋਏ ਵੀ ਕਿ ਉਨ੍ਹਾਂ ਦੋਵਾਂ ਵਿਚ ਕੋਈ ਦਿਲੀ ਸਾਂਝ ਨਹੀਂ ਫਿਰ ਵੀ ਔਰਤਾਂ ਮਰਦ ਦੀਆਂ ਸ਼ਿਕਾਰ ਹੁੰਦੀਆਂ ਹਨ। ਜਲਕੁਰ ਨੂੰ ਵੀ ਸਮਝ ਆਉਂਦੀ ਤਾਂ ਉਹ ਸੋਚਦੀ ਹੈ ਕਿਉਂ ਉਹ ਪਰਾਏ ਮਰਦਾਂ ਨਾਲ ਸੰਬੰਧ ਬਣਾਉਂਦੀ ਰਹੀ

> "ਉਹਦੀ ਜ਼ਿੰਦਗੀ ਵਿਚ ਤਿੰਨ ਬੰਦੇ ਆਏ ਸਨ ਪਹਿਲਾਂ ਉਹਦਾ ਜੇਠ ਭਜਨਾ, ਫੇਰ ਸੰਤੋਖਾ ਚਮਿਆਰ ਫੇਰ ਭੀਖੀ ਵਾਲਾ ਪਤਹਿ ਸੂੰ ਤਾਂ ਜਿਹੋ ਜਿਹਾ ਆਇਆ, ਜਿਹੋ ਜਿਹਾ ਨਾ ਆਇਆ। ਹਨੇਰੀ ਦੇ ਝਾਫੇ ਵਾਂਗ ਉਹਦੇ ਵਿਚ ਆ ਵੱਜਿਆ ਸੀ। ਪਿੱਛੋਂ ਉਹ ਉਹਦੇ ਕੰਡੇ ਚੁਗਦੀ ਹੀ ਰਹੀ ਪੁਰਾਣੀ ਵਾੜ ਦਾ ਝਾਫਾ ਹੀ ਸੀ। ਉਹ ਲਟ-ਲਟ ਬਲ ਕੇ ਬੁੱਝ ਗਿਆ।"[36]

ਉਮਰ ਦੇ ਅੰਤ ਪੜਾ 'ਤੇ ਆਪਣੇ ਨਾਲ ਹੋਏ ਧੋਖੇ ਬਾਰੇ ਪਤਾ ਚੱਲਦਾ ਹੈ। ਉਹ ਸਮਝ ਜਾਂਦੀ ਹੈ ਕਿ ਮਰਦ ਜਾਤ ਦੀ ਫਿਤਰਤ ਸਿਰਫ਼ ਔਰਤ ਨੂੰ ਵਸਤੂ ਵਾਂਗ ਵਰਤ ਕੇ ਸੁੱਟ ਦੇਣ ਦੀ ਹੈ। ਔਰਤ ਇਕ ਭਾਵੁਕ ਪ੍ਰਾਣੀ ਹੈ ਜੋ ਭਾਵੁਕ ਹੋ ਕੇ ਮਰਦ ਦੀਆਂ ਚਾਲਾਂ ਦੀ ਸ਼ਿਕਾਰ ਹੁੰਦੀ ਹੈ। ਪਿਆਰ ਦੇ ਬੋਲਾਂ ਨਾਲ ਉਹ ਕੀਲੀ ਜਾਂਦੀ ਹੈ। ਮਰਦ ਦੀ ਇਕ ਖੁਸ਼ੀ ਦੀ ਖ਼ਾਤਿਰ ਉਹ ਆਪਣਾ ਸਾਰਾ ਕੁੱਝ ਲੁਟਾ ਦਿੰਦੀ ਹੈ। ਮਰਦ ਦਾ ਪਿਆਰ ਹੀ ਉਸ ਦੀ ਜ਼ਿੰਦਗੀ ਹੈ ਮਰਦ ਦੀ ਇਕ ਖੁਸ਼ੀ ਦੀ ਖ਼ਾਤਿਰ ਉਹ ਆਪਣਾ ਸਾਰਾ ਕੁੱਝ ਲੁਟਾ ਦਿੰਦੀ ਹੈ। ਮਰਦ ਦਾ ਪਿਆਰ ਹੀ ਉਸ ਦੀ ਜ਼ਿੰਦਗੀ ਹੈ। ਇਸ ਪਿਆਰ ਦੀ ਖਾਤਿਰ ਉਹ ਕਈ ਵਹਿਮਾਂ ਵਿਚ ਜਿਉਂਦੀ ਹੈ ਅਤੇ ਕਈ ਪ੍ਰਕਾਰ ਦੇ ਭਰਮ ਦਿਲ ਵਿਚ ਪਾਲਦੀ ਹੈ। ਜਦੋਂ ਉਸ ਦਾ ਭਰਮ ਟੁੱਟਦਾ ਹੈ ਤਾਂ ਉਹ ਟੁੱਟ ਜਾਂਦੀ ਹੈ। ਮਰਦ ਨੇ ਹਮੇਸ਼ਾ ਔਰਤ ਦੀਆਂ ਭਾਵਨਾਵਾਂ ਨਾਲ ਖੇਡਿਆ ਹੀ ਹੈ ਔਰਤ ਵਿਚਾਰੀ ਹਮੇਸ਼ਾ ਉਸ ਦੀ ਸ਼ਿਕਾਰ ਹੁੰਦੀ ਆਈ ਹੈ। ਪਿਆਰ ਦੇ ਦੋ ਪਲ ਮਾਨਣ ਲਈ ਔਰਤ ਕਈ ਤਸੀਹੇ ਝੱਲਦੀ ਹੈ। ਇਹ ਦੋ ਪਲ ਉਸਦੀ ਜ਼ਿੰਦਗੀ ਵਿਚ ਬਹਾਰ ਦੇ ਬਰਾਬਰ ਹਨ ਪਰ ਮਰਦ ਇਕ ਭੁੱਖੇ ਭੇੜੀਏ ਦੀ ਤਰ੍ਹਾਂ ਔਰਤ ਦਾ ਸ਼ਿਕਾਰ ਕਰਨ ਨੂੰ ਤਿਆਰ ਰਹਿੰਦਾ ਹੈ। ਦਿਲ ਦੀ ਸਾਂਝ ਮਰਦ ਦੀ ਕਿਸੇ ਔਰਤ ਨਾਲ ਸਥਾਈ ਨਹੀਂ ਹੁੰਦੀ। ਕੱਪੜਿਆਂ ਦੀ ਤਰ੍ਹਾਂ ਔਰਤਾਂ ਨੂੰ ਬਦਲਣਾ ਮਰਦ ਆਪਣੀ ਵਡਿਆਈ ਸਮਝਦਾ ਹੈ। ਔਰਤ-ਮਰਦ ਦੇ ਸੰਬੰਧਾਂ ਵਿਚ ਇਕ ਗੱਲ ਵਿਚਾਰਨਯੋਗ ਹੈ ਜੇਕਰ ਦੋਵਾਂ ਧਿਰਾਂ ਵਿਚ ਕੋਈ ਧਿਰ ਪੈਸੇ ਵਾਲੀ ਹੈ ਤਾਂ ਇਹ ਸੰਬੰਧ ਗਰਜ਼ ਬਣ ਜਾਂਦੇ ਹਨ। ਇਹੋ ਕੁੱਝ ਜਲਕੁਰ ਨਾਲ ਹੁੰਦਾ ਹੈ। ਸੰਤੋਖਾ ਆਪਣੀ ਗਰਜ਼ ਪੂਰੀ ਕਰਦਾ ਹੈ ਰਿਹਾ। ਅਸਲ ਵਿਚ ਗਰਜ਼ ਤਾਂ ਦੋਹਾਂ ਨੂੰ ਸੀ ਸੰਤੋਖੇ ਨੂੰ ਪੈਸੇ-ਟਕੇ ਦੀ ਅਤੇ ਜਲਕੁਰ ਨੂੰ ਜਿਸਮਾਨੀ। ਜਲਕੁਰ ਦੀ ਗਰਜ਼ ਪੂਰੀ ਹੋ ਜਾਂਦੀ ਹੈ ਅਤੇ ਉਹ ਸੰਤੋਖੇ ਨੂੰ ਛੱਡਣਾ ਲੋਚਦੀ ਹੈ ਅਤੇ ਸੋਚਦੀ ਹੈ ਕਿ;

> "ਸੰਤੋਖੇ ਵਿਚ ਵੀ ਕੀ ਰਹਿ ਗਿਆ ਸੀ। ਇਕ ਭਲ ਸੀ
>
> ਜੋ ਪਿੰਡੇ ਉੱਤੇ ਧੱਫੜਾਂ ਵਾਂਗ ਮੱਚਣ ਲੱਗਦੀ। ਸੰਤੋਖਾ ਭਾੜੇ
>
> ਦੀ ਚੀਜ਼ ਵਾਂਗ ਬਹੁੜਦਾ। ਹੋਰ ਕੀ ਰਿਸ਼ਤਾ ਸੀ ਉਹਦਾ ਮੇਰੇ
>
> ਨਾਲ? ਭਾੜੇ ਵਿਚ ਚਮਿਆਰ ਖਾਂਦਾ-ਪੀਂਦਾ ਵੀ ਤਾਂ ਕਿੰਨਾ।
>
> ਉਹਨੂੰ ਬਲ੍ਹਣੀਆਂ ਭਰ-ਭਰ ਦਿੰਦੀ ਸੀ ਉਹ ਘਿਓ ਦੀਆਂ ।
>
> ਘਰ ਆ ਕੇ ਕਿਹੜਾ ਥੋੜਾ-ਖਾਂਦਾ-ਪੀਂਦਾ। ਉਹਦੀ ਤੀਵੀਂ ਵੀ
>
> ਚੀਜ਼ਾਂ ਲੈ ਕੇ ਜਾਂਦੀ।"[37]

ਅਫ਼ਸੋਸ ਦੀ ਗੱਲ ਇਹ ਹੈ ਕਿ ਜਲਕੁਰ ਨੂੰ ਇਹ ਗੱਲ ਬਹੁਤ ਦੇਰ ਬਾਅਦ ਸਮਝ ਆਉਂਦੀ। ਉਸ ਨੂੰ ਇਹ ਗੱਲ ਉਸ ਸਮੇਂ ਸਮਝ ਆਉਂਦੀ ਹੈ ਜਦੋਂ ਉਹ ਜ਼ਿੰਦਗੀ ਦੇ ਅੰਤ ਤੱਕ ਸੀ ਉਸ ਸਮੇਂ ਉਸ ਦੀ ਸਰੀਰਿਕ ਸੰਬੰਧ ਬਣਾਉਣ ਦੀ

ਸਮਰੱਥਾ ਵੀ ਨਹੀਂ ਰਹੀ ਸੀ। ਉਸ ਦੇ ਹੱਥ ਵੱਸ ਹੁਣ ਕੁੱਝ ਵੀਂ ਨਹੀਂ ਰਹਿੰਦਾ ਅਤੇ ਨਾ ਹੀ ਹੁਣ ਪਹਿਲਾਂ ਵਾਂਗ ਘਰ ਦੀ ਮੁਖਤਿਆਰੀ ਹੁਣ ਜਲਕੁਰ ਦੇ ਹੱਥ ਵਿਚ ਰਹੀ ਸੀ। ਉਹ ਤਾਂ ਉਮਰ ਦੇ ਇਸ ਪਹਿਰ ਵਿਚ ਆ ਕੇ ਆਪਣੇ ਨਾਲ ਹੋਈਆਂ ਵਧੀਕਿਆਂ ਬਾਰੇ ਸੋਚ ਕੇ ਰੋਂਦੀ ਹੈ। ਉਸ ਦੇ ਮਨ-ਪਰਚਾਵੇ ਦਾ ਕੇਵਲ ਇਕ ਸਾਧਨ ਰਹਿ ਜਾਂਦਾ ਹੈ ਉਸ ਦਾ ਪੋਤਾ ਸੁੱਖੂ। ਜਿਸ ਨਾਲ ਉਹ ਆਪਣਾ ਸਮਾਂ ਬਿਤਾਉਂਦਾ ਹੈ। ਨਹੀਂ ਤਾਂ ਘਰ ਅਤੇ ਬਾਹਰ ਉਸ ਦੇ ਦਿਲ ਦੀਆਂ ਜਾਨਣ ਵਾਲਾ ਕੋਈ ਨਹੀਂ। ਇਸੇ ਨਾਵਲ ਦੀ ਦੂਜੀ ਪਾਤਰ ਜਲਕੁਰ ਦੀ ਨੂੰਹ ਮੱਘੋ ਹੈ ਜੋ ਨਜਾਇਜ਼ ਸੰਬੰਧ ਬਣਾਉਂਦੀ ਹੈ। ਇਨ੍ਹਾਂ ਸੰਬੰਧਾਂ ਦੇ ਪਿੱਛੇ ਵੀ ਅਣਜੋੜ ਵਿਆਹ ਅਤੇ ਅਧੂਰੀ ਕਾਮ ਤ੍ਰਿਪਤੀ ਬਣਦੀ ਹੈ। ਜਲਕੁਰ ਆਪਣੇ ਨੂੰਹ ਦੇ ਸੰਬੰਧਾਂ ਬਾਰੇ ਜਾਣਦੀ ਹੋਈ ਵੀ ਕੁੱਝ ਨਹੀਂ ਬੋਲਦੀ ਕਿਉਂਕਿ ਉਸ ਦੀ ਨੂੰਹ ਵੀ ਜਲਕੁਰ ਦੇ ਸਾਰੇ ਸੰਬੰਧਾਂ ਤੋਂ ਜਾਣੂ ਸੀ। ਜਿਸ ਦੀ ਸ਼ਰਮ ਕਾਰਨ ਉਹ ਚੁੱਪ ਰਹਿੰਦੀ ਹੈ;

> "ਜਲਕੁਰ ਦੇਖਦੀ, ਘਰ ਓਹੀ ਸੀ, ਬਲ੍ਹਣੀਆਂ ਓਹੀ ਸਨ।
>
> ਫ਼ਰਕ ਐਨਾ ਸੀ, ਪਹਿਲਾਂ ਇਹ ਬਲ੍ਹਣੀਆਂ ਸੰਤੋਖੇ ਚਮਿਆਰ
>
> ਦੇ ਘਰ ਜਾਂਦੀਆਂ ਹੁੰਦੀਆਂ, ਹੁਣ ਕਿਰਪਾਲ ਦੇ ਘਰ ਜਾਂਦੀਆਂ
>
> ਹਨ। ਦਿਨ ਓਹੀ ਹਨ, ਪਹਿਲਾਂ ਇਹ ਜਲਕੁਰ ਦੇ ਸਨ, ਹੁਣ
>
> ਮਨਜੀਤ ਕੁਰ ਦੇ ਹਨ।"[38]

ਜਲਕੁਰ ਜਾਣਦੀ ਹੈ ਕਿ ਮਰਦ ਜਾਤ ਕਿਸੇ ਦੀ ਨਹੀਂ ਹੋ ਸਕਦੀ ਇਹ ਤਾਂ ਕੁੱਝ ਦਿਨ ਆਪਣੇ ਦਿਲ ਪਰਚਾਵੇ ਜਾਂ ਆਪਣੀਆਂ ਗਰਜ਼ਾਂ ਲਈ ਔਰਤ ਨੂੰ ਵਰਤਦੇ ਹਨ। ਇਸੇ ਕਾਰਨ ਉਸ ਨੂੰ ਆਪਣੀ ਨੂੰਹ ਨਾਲ ਆਪਣੇ ਵਾਂਗ ਹੋ ਰਹੇ ਧੋਖੇ ਨੂੰ ਦੇਖ ਕੇ ਦੁੱਖ ਹੁੰਦਾ ਹੈ ਪ੍ਰੰਤੂ ਉਹ ਚੁੱਪ ਰਹਿਣ ਲਈ ਲਾਚਾਰ ਹੈ। ਖੁਦ ਅਜਿਹੀ ਹੀ ਸੰਬੰਧਾਂ ਵਿਚੋਂ ਨਿਕਲਣ ਕਾਰਨ ਉਹ ਆਪਣੀ ਨੂੰਹ ਨੂੰ ਕੁੱਝ ਵੀ ਕਹਿਣ ਤੋਂ ਸ਼ਰਮ ਮਹਿਸੂਸ ਕਰਦੀ ਹੈ। ਇਸੇ ਕਾਰਨ ਜਦੋਂ ਮੱਘੋਂ ਨੂੰ ਉਸ ਦਾ ਪ੍ਰੇਮੀ ਕਿਰਪਾਲ ਮਿਲਣ ਆਉਂਦਾ ਹੈ ਤਾਂ ਜਲਕੁਰ ਖੁਦ ਕਿਸੇ ਬਹਾਨੇ ਘਰੋਂ ਨਿਕਲ ਜਾਂਦੀ ਹੈ। ਸਭ ਕੁੱਝ ਜਾਣਦੇ ਹੋਏ ਵੀ ਉਹ ਅਣਜਾਣ ਬਣੀ ਰਹਿੰਦੀ ਹੈ। ਅਸਲ ਵਿਚ 'ਹਮੀਰਗੜ' ਮਾਲਵਈ ਸਭਿਆਚਾਰ ਨੂੰ ਦਰਸਾਉਣ ਵਾਲਾ ਨਾਵਲ ਹੈ। ਅਣਖੀ ਦੇ ਇਹ ਬਿਆਨ ਕੀ ਨੂੰਹ ਦੇ ਆ ਜਾਣ ਨਾਲ ਸੱਸ ਦੀ ਕਦਰ ਘਰ ਵਿਚ ਘੱਟ ਜਾਂਦੀ ਹੈ ਸਾਡਾ ਸਮਾਜ ਦਾ ਯਥਾਰਥ ਬਿਆਨ ਕਰਦਾ ਹੈ।

**'ਜੱਸੀ ਸਰਪੰਚ' ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪੇਸ਼ਕਾਰੀ:-** 'ਜੱਸੀ ਸਰਪੰਚ' ਇਕ ਅਜਿਹਾ ਪਾਤਰ ਹੈ ਜੋ ਸਮੁੱਚੇ 'ਦੁੱਲੇ ਦੀ ਢਾਬ' ਦੀ ਕੜੀ ਵਿਚ ਇਕ ਅਹਿਮ ਪਾਤਰ ਵਜੋਂ ਉਭਰਦਾ ਹੈ। ਜੱਸੀ, ਸਰਦਾਰੋ ਦਾ ਪੁੱਤਰ ਹੈ। ਆਪਣੀਆਂ ਕਰੂੜ ਨੀਤੀਆਂ ਅਤੇ ਨਸ਼ੇ ਵੇਚਣ ਕਾਰਨ ਦਿਨੋਂ-ਦਿਨ ਅਮੀਰ ਹੁੰਦਾ ਜਾਂਦਾ ਹੈ ਅਤੇ ਇਸੇ ਅਮੀਰੀ ਦੇ ਸਿਰ 'ਤੇ ਪਿੰਡ ਦਾ ਸਰਪੰਚ ਬਣਦਾ ਹੈ। ਇਸੇ ਨਾਵਲ ਦੀ ਨਾਇਕਾ ਰੂਪੋ ਹੈ ਜੋ ਕਈ ਕਾਰਨਾਂ ਕਰਕੇ ਵਿਆਹ ਬਾਹਰੇ ਸੰਬੰਧ ਬਣਾਉਂਦੀ

ਹੈ। ਨਾਵਲ ਵਿਚ ਰੂਪੋ ਨੂੰ ਇਕ ਚੁਸਤ ਚਲਾਕ ਔਰਤ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਉਹ ਇਕ ਖੁੱਲੇ ਵਿਚਾਰਾਂ ਵਾਲੀ ਔਰਤ ਹੈ ਜੋ ਕਿ ਮੀਟ ਅਤੇ ਸ਼ਰਾਬ ਦਾ ਸੇਵਨ ਵੀ ਕਰਦੀ ਹੈ। ਉਸ ਦਾ ਪਤੀ ਘੋਗਾ ਇਕ ਨਸ਼ੇਈ ਅਤੇ ਨਿਕੰਮਾਂ ਵਿਅਕਤੀ ਹੈ ਜੋ ਆਪਣੇ ਨਸ਼ੇ ਦੀ ਲਤ ਕਾਰਨ ਖੇਤੀ ਦਾ ਕੰਮ ਛੱਡ ਦਿੰਦਾ ਹੈ ਅਤੇ ਜ਼ਮੀਨ ਠੇਕੇ ’ਤੇ ਦੇ ਦਿੰਦਾ ਹੈ। ਉਸ ਦੀ ਇਸੇ ਨਸ਼ੇ ਦੀ ਆਦਤ ਕਾਰਨ ਬਹੁਤ ਸਾਰੇ ਵਿਅਕਤੀ ਰੂਪੋ ਦੇ ਘਰ ਆਉਂਦੇ ਹਨ ਜਿਨ੍ਹਾਂ ਨਾਲ ਰੂਪੋ ਦੇ ਸੰਬੰਧ ਬਣਦੇ ਹਨ। ਘੋਗਾ ਜਦੋਂ ਖੇਤੀ ਕਰਨੀ ਛੱਡ ਦਿੰਦਾ ਹੈ ਤਾਂ ਚੰਦ ਲੁੱਧੜ ਉਸ ਦੀ ਜ਼ਮੀਨ ਠੇਕੇ ’ਤੇ ਲੈ ਲੈਂਦਾ ਹੈ ਜਿਸ ਕਾਰਨ ਚੰਦ ਦਾ ਘੋਗੇ ਦੇ ਘਰ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਇਸੇ ਦੌਰਾਨ ਚੰਦ ਨਾਲ ਰੂਪੋ ਦੇ ਸੰਬੰਧ ਬਣਦੇ ਹਨ। ਰੂਪੋ ਦੇ ਪਹਿਲਾਂ ਸੰਬੰਧ ਸਰਵਣ ਨਾਲ ਸਨ ਪ੍ਰੰਤੂ ਉਹ ਜਿਵੇਂ ਹੀ ਚੰਦ ਲੁੱਧੜ ਦੇ ਨੇੜੇ ਆਉਂਦੀ ਹੈ ਤਾਂ ਸਰਵਣ ਨਾਲ ਬੋਲਣਾ ਬੰਦ ਕਰ ਦਿੰਦੀ ਹੈ। ਇਸ ਕਰਕੇ ਸਰਵਣ ਬੇਚੈਨ ਰਹਿਣ ਲੱਗਦਾ ਹੈ ਰੂਪੋ ਸਰਵਣ ਨੂੰ ਆਖਦੀ ਹੈ ਕਿ ਉਹ ਉਸ ਦੇ ਘਰ ਨਾ ਆਇਆ ਕਰੇ ਸਰਵਣ ਉਸ ਦੇ ਨਾ ਬੋਲਣ ਦਾ ਕਾਰਨ ਪੁੱਛਦਾ ਹੈ;

> “ਸਰਵਣ ਨੇ ਕੰਬਦੀ ਆਵਾਜ਼ ਵਿਚ ਪੁੱਛਿਆ, ‘ਕਿ ਹੋ
> ਗਿਆ ਤੈਨੂੰ? ਤੂੰ ਬੋਲਦੀ ਕਿਉਂ ਨਹੀਂ?’
> ‘ਮੈਂ ਠੀਕ ਨ੍ਹੀ। ਬਮਾਰ ਰਹਿਨੀ ਆਂ।’
> ਉਸਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਜਵਾਬ ਦਿੱਤਾ।”[39]

ਜਦੋਂ ਸਰਵਣ ਨੂੰ ਰੂਪੋ ਦੇ ਚੰਦ ਨਾਲ ਸੰਬੰਧਾਂ ਦੀ ਭਿਣਕ ਪੈਂਦੀ ਹੈ ਤਾਂ ਉਸੇ ਦਿਨ ਤੋਂ ਸਰਵਣ ਚੰਦ ਨਾਲ ਲੱਗਣ ਲੱਗ ਜਾਂਦਾ ਹੈ ਕਿਉਂਕਿ ਉਹ ਰੂਪੋ ਦੇ ਕਿਸੇ ਹੋਰ ਨਾਲ ਸੰਬੰਧ ਬਰਦਾਸ਼ਤ ਨਹੀਂ ਕਰ ਸਕਿਆ। ਇਸੇ ਖਹਿਬਾਜ਼ੀ ਕਾਰਨ ਸਰਵਣ ਚੰਦ ਦਾ ਕਤਲ ਕਰ ਦਿੰਦਾ ਹੈ। ਸਾਰੇ ਪਿੰਡ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਜਾਂਦੀ ਹੈ ਕਿ ਰੂਪੋ ਕਾਰਨ ਚੰਦ ਦਾ ਕਤਲ ਹੋਇਆ। ਇਨ੍ਹਾਂ ਦਿਨਾਂ ਵਿਚ ਜੱਸੀ ਸਰਪੰਚ ਦਾ ਰੂਪੋ ਦੇ ਘਰ ਆਉਣਾ ਜਾਣਾ ਵਧ ਗਿਆ ਅਤੇ ਰੂਪੋ ਦੇ ਸੰਬੰਧ ਜੱਸੀ ਨਾਲ ਬਣ ਜਾਂਦੇ ਹਨ। ਜੱਸੀ ਨਿੱਤ ਆਥਣੇ ਰੂਪੋ ਦੇ ਘਰ ਆਉਂਦਾ ਘੋਗੇ ਵਾਸਤੇ ਉਹ ਸ਼ਰਾਬ ਦਾ ਇੰਤਜ਼ਾਮ ਕਰਦਾ ਅਤੇ ਨਿੱਤ ਉਸ ਦੇ ਘਰ ਮੀਟ ਬਣਦਾ। ਰੂਪੋ ਹਰ ਸਮੇਂ ਜੱਸੀ ਦੀ ਆਉ ਭਗਤ ਵਿਚ ਲੱਗੀ ਰਹਿੰਦੀ;

> “ਜਦੋਂ ਵੀ ਜੱਸੀ ਸਰਪੰਚ ਨੂੰ ਹੁੜ੍ਹਕ ਜਿਹੀ ਉੱਠਦੀ, ਚੌਥੇ-ਪੰਜਵੇਂ
> ਦਿਨ ਹੀ, ਕਦੇ-ਕਦੇ ਅੱਠ ਦਸ ਦਿਨਾਂ ਬਾਅਦ ਉਹ ਆਪਣੇ ਪਾਲੀ
> ਨੂੰ ਘੋਗੇ ਦੇ ਘਰ ਭੇਜਦਾ ਤੇ ਆਖਦਾ, ਕਹੀ ਅੱਜ ਅਸੀਂ ਆਮਾਂਗੇ।”[40]

ਇਸ ਪ੍ਰਕਾਰ ਰੂਪੋ ਸਾਰੀ ਜ਼ਿੰਦਗੀ ਕਈ ਬੰਦਿਆਂ ਨਾਲ ਸੰਬੰਧ ਬਣਾਉਂਦੀ ਹੈ ਅਤੇ ਸਾਰੀ ਉਮਰ ਉਹ ਦੇਹ ਦਾ ਸੁੱਖ ਹੀ ਮਾਣਦੀ ਹੈ। ਦਰਅਸਲ ਉਸ ਨੂੰ ਜੱਸੀ ਕੋਲੋਂ ਖਾਣ ਦੀ ਆਦਤ ਪੈ ਗਈ ਬਾਅਦ ਵਿਚ ਉਹ ਜੱਸੀ ਦੇ ਮੁੰਡੇ ਅਲਬੇਲ ਨੂੰ

ਵੀ ਇਸੇ ਚਾਟੇ ਲਾ ਲੈਂਦੀ ਹੈ ਉਹ ਜੈਬੇ ਦੀ ਧੀ ਮੀਤੋ ਨਾਲ ਸੰਬੰਧ ਬਣਾ ਲੈਂਦਾ ਹੈ। ਰੂਪੋ ਆਪਣੇ ਘਰ ਸੱਦ ਕੇ ਅਲਬੇਲ ਨੂੰ ਮੀਤੋ ਨਾਲ ਮਿਲਾਉਂਦੀ ਹੈ। ਅੰਤ ਉਮਰੇ ਆ ਕੇ ਮੀਤੋ ਸਭ ਬੁਰੇ ਕੰਮਾਂ ਤੋਂ ਤੋਬਾ ਕਰ ਦਿੰਦੀ ਹੈ ਅਤੇ ਖਾੜਕੂ ਲਹਿਰ ਤੋਂ ਡਰ ਕੇ ਅੰਮ੍ਰਿਤ ਵੀ ਛਕ ਲੈਂਦੀ ਹੈ ਪ੍ਰੰਤੂ ਉਹ ਰਾਜਨੀਤਿਕ ਚਾਲਾਂ ਦੀ ਸ਼ਿਕਾਰ ਹੋ ਜਾਂਦੀ ਹੈ ਅਤੇ ਉਸ ਦਾ ਕਤਲ ਹੋ ਜਾਂਦਾ ਹੈ।

**ਗੋਲੋ ਨਾਵਲ ਵਿਚ ਵਿਆਹ ਬਾਹਰੇ ਸੰਬੰਧ: –** ਰਾਮ ਸਰੂਪ ਅਣਖੀ ਗਲਪ ਦੇ ਖੇਤਰ ਵਿਚ ਇਕ ਚਰਚਿਤ ਨਾਂ ਹੈ। ਉਸ ਦੀਆਂ ਸਾਹਿਤਕ ਰਚਨਾਵਾਂ ਨੂੰ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। 'ਗੇਲੋ' 2006 ਵਿਚ ਲਿਖਿਆ ਗਿਆ ਨਾਵਲ ਹੈ। ਜਿਸ ਦੀ ਮੁੱਖ ਪਾਤਰ ਗੇਲੋ ਜਵਾਨੀ ਤੋਂ ਲੈ ਕੇ ਅੰਤ ਤੱਕ ਕਈ ਉਤਾਰ ਚੜਾਅ ਦੇਖਦੀ ਹੈ। ਉਮਰ ਦੇ ਪਹਿਲੇ ਪਹਿਰ ਵਿਚ ਹੀ ਪ੍ਰੇਮੀ ਦਾ ਕਤਲ ਉਸ ਦੇ ਦਿਮਾਗ 'ਤੇ ਡੂੰਘੀ ਛਾਪ ਛੱਡਦਾ ਹੈ। ਬਾਅਦ ਵਿਚ ਅਣਜੋੜ ਵਿਆਹ ਉਸ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਬਣਦਾ ਹੈ। ਜਿਸ ਕਾਰਨ ਉਸ ਨੂੰ ਕਈ ਸੰਬੰਧ ਬਣਾਉਣੇ ਪੈਂਦੇ ਹਨ । ਅਣਖੀ ਦਾ ਇਹ ਨਾਵਲ ਵਸਤੂ ਵਜੋਂ ਇੰਨਾ ਪਾਸਾਰ ਹੈ ਕਿ ਇਹ ਇਕ ਗੇਲੋ ਦੀ ਕਹਾਣੀ ਨਾ ਰਹਿ ਕੇ ਸਮੁੱਚੇ ਪੇਂਡੂ ਸਮਾਜ ਦਾ ਬਹੁ-ਪੱਖੀ ਚਿਤਰਨ ਕਰਦਾ ਹੈ। ਰਿਸ਼ਤਿਆਂ ਦੀ ਤਸਵੀਰ ਨਾਵਲਕਾਰ ਨੇ ਬੜੀ ਸੁੰਦਰ ਉਘਾੜੀ ਹੈ। ਅਣਖੀ ਨੇ ਜ਼ਿਆਦਾ ਸਮਾਂ ਆਪਣੇ ਪਿੰਡ ਵਿਚ ਬਿਤਾਇਆ ਸੀ ਜਿਸ ਕਾਰਨ ਉਸ ਦੀ ਮਾਨਸਿਕਤਾ ਵਿਚ ਉਸ ਦੇ ਪੇਂਡੂ ਪਾਤਰ ਉਕਰੇ ਪਏ ਸਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਉਹ ਆਪਣੀ ਗਲਪ ਰਚਨਾ ਕਰਦਾ ਹੈ। ਗੇਲੋ ਦਾ ਪਤੀ ਨਸ਼ੇੜੀ ਹੈ ਅਤੇ ਜੋ ਦਿਨ-ਰਾਤ ਸ਼ਰਾਬ ਅਤੇ ਅਫ਼ੀਮ ਨਾਲ ਰੱਜਿਆ ਰਹਿੰਦਾ ਹੈ। ਉਸ ਦੇ ਕੋਲ ਪਿੰਡ ਦੇ ਕਈ ਬੰਦੇ ਆਉਂਦੇ ਹਨ ਜਿਨ੍ਹਾਂ ਵਿਚੋਂ ਇਕ ਬਲਵੰਤ ਹੈ ਜਿਸ ਨਾਲ ਗੇਲੋ ਦੇ ਸੰਬੰਧ ਬਣਦੇ ਹਨ। ਉਸ ਨੂੰ ਬਲਵੰਤ ਵਿਚੋਂ ਰਾਮੇ ਦੀ ਝਲਕ ਪੈਂਦੀ ਹੈ। ਇਕ ਦਿਨ ਜਦੋਂ ਸਾਰੇ ਸੋ ਜਾਂਦੇ ਹਨ ਤਾਂ;

"ਗੇਲੋ ਬਲਵੰਤ ਦਾ ਹੱਥ ਫੜਕੇ ਉਹਨੂੰ ਸਬਾਤ ਅੰਦਰ ਲੈ ਗਈ।"[41]

ਗੇਲੋ ਉਸ ਦਿਨ ਤੋਂ ਬਾਅਦ ਖੁਸ਼ ਰਹਿਣ ਲੱਗੀ ਉਸ ਨੂੰ ਬਲਵੰਤ ਕੋਲੋਂ ਦੇਹ ਦਾ ਸੁੱਖ ਮਿਲਦਾ ਹੈ ਜੋ ਉਸ ਨੂੰ ਕਦੀ ਆਪਣੇ ਪਤੀ ਤੋਂ ਨਹੀਂ ਸੀ ਮਿਲਿਆ। ਇਸੇ ਪ੍ਰਕਾਰ ਦੇ ਸੰਬੰਧ ਗੇਲੋ ਦੀ ਭਰਜਾਈ ਗੁਰਮੀਤ ਕੌਰ ਦੇ ਬਸ਼ੀਰੇ ਨਾਲ ਬਣਦੇ ਹਨ। ਉਹ ਬਸ਼ੀਰੇ ਨਾਲ ਦਿਲੋਂ ਪਿਆਰ ਕਰਦੀ ਹੈ ਅਤੇ ਉਹ ਜੱਗ ਦੀ ਪਰਵਾਹ ਨਹੀਂ ਕਰਦੀ। ਉਹ ਇਹ ਵੀ ਭੁੱਲ ਜਾਂਦੀ ਹੈ ਕਿ ਬਸ਼ੀਰਾ ਇਕ ਸੀਰੀ ਹੈ। ਉਹ ਬਿਨ੍ਹਾਂ ਕਿਸੇ ਡਰ ਦੇ ਬਸ਼ੀਰੇ ਨਾਲ ਸਾਰੀ ਰਿਸ਼ਤੇਦਾਰੀ ਵਿਚ ਜਾਂਦੀ ਹੈ। ਬਸ਼ੀਰਾ ਸਾਰੇ ਪੈਸੇ-ਟਕੇ ਦਾ ਹਿਸਾਬ ਰੱਖਦਾ ਹੈ। ਪਿੰਡ ਦੇ ਲੋਕ ਵੀ ਉਸ ਦੀਆਂ ਗੱਲਾਂ ਕਰਦੇ ਹਨ;

"ਪਿੰਡ ਵਿਚ ਚਰਚਾ ਹੁੰਦੀ ਰਹਿੰਦੀ। ਸਦਾਚਾਰੀ ਲੋਕ ਗੁਰਮੀਤ
ਕੁਰ ਨੂੰ ਬੁਰਾ-ਭਲਾ ਆਖਦੇ। ਕੁਝ ਲੋਕ ਸਨ, ਜਿਹੜੇ ਉਹਦੀ
ਵਡਿਆਈ ਕਰਦੇ। ਉਹ ਦੇ ਦਬੰਗ ਸੁਭਾਅ ਨੂੰ ਆਬਾਸ਼ ਦਿੰਦੇ।"[42]

ਇਸ ਪ੍ਰਕਾਰ ਅਣਖੀ ਦੇ ਨਾਵਲਾਂ ਵਿਚ ਨਜਾਇਜ਼ ਸੰਬੰਧਾਂ ਦਾ ਯਥਾਰਥਕ ਵਰਣਨ ਮਿਲਦਾ ਹੈ। ਪਤੀ-ਪਤਨੀ ਦੇ ਰਿਸ਼ਤੇ ਵਿਚ ਤਨਾਉ ਆ ਗਿਆ ਹੈ ਇਸੇ ਤਨਾਉ ਕਾਰਨ ਬਣਦੇ ਸੰਬੰਧਾਂ ਨੂੰ ਅਣਖੀ ਨੇ ਆਪਣੇ ਨਾਵਲਾਂ ਦਾ ਮੁੱਖ ਵਿਸ਼ਾ ਬਣਾਇਆ ਹੈ। ਆਰਥਿਕ ਤੰਗੀ ਕਾਰਨ ਨਿੱਘਰ ਰਹੇ ਰਿਸ਼ਤਿਆਂ ਦਾ ਵਰਣਨ ਵੀ ਉਸ ਨੇ ਆਪਣੇ ਨਾਵਲਾਂ ਵਿਚ ਕੀਤਾ ਹੈ। ਵਿਆਹ ਸੰਸਥਾ ਉੱਪਰ ਵੀ ਉਸ ਨੇ ਕਰਾਰੀ ਚੋਟ ਕੀਤੀ ਹੈ ਅਤੇ ਉਸ ਨੇ ਇਹ ਬਿਆਨ ਕੀਤਾ ਹੈ ਕਿ ਕਿਸ ਪ੍ਰਕਾਰ ਅਣਜੋੜ ਵਿਆਹ ਔਰਤ ਦੀ ਜ਼ਿੰਦਗੀ ਵਿਚ ਦੁਖਾਂਤ ਲੈ ਕੇ ਆਉਂਦੇ ਹਨ। ਔਰਤ ਦੀਆਂ ਮਾਨਸਿਕ ਗੁੰਝਲਾਂ ਖੋਲਣ ਵਾਲਾ ਸਫਲ ਨਾਵਲਕਾਰ ਹੈ।

## ਹਵਾਲੇ ਅਤੇ ਟਿੱਪਣੀਆਂ


1. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 60.
2. ਇੰਦਰਜੀਤ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਨਾ 74-75.
3. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 168
4. ਇੰਦਰਜੀਤ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਨਾ 124.
5. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 174
6. ਬਲਵਿੰਦਰ ਕੌਰ ਬਰਾੜ, ਨਾਰੀਵਾਦੀ ਸਿਧਾਂਤ ਚਿੰਤਨ ਅਤੇ ਵਿਹਾਰ, ਪੰਨਾ 41
7. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 191
8. ਉਹੀ, ਪੰਨਾ 180
9. ਨਾਨਕ ਸਿੰਘ, ਆਦਮ ਖੋਰ, ਮੁੱਖ ਬੰਦ, ਪੰਨਾ 8.
10. ਉਹੀ, ਪੰਨਾ 177
11. ਉਹੀ, ਪੰਨਾ 195
12. ਉਹੀ, ਪੰਨਾ 212
13. ਉਹੀ, ਪੰਨਾ 296
14. ਇੰਦਰਜੀਤ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ) ਪੰਨਾ 125
15. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 27
16. ਪ੍ਰਭਜੀਤ ਕੌਰ, ਖੋਜ ਦਰਪਣ, ਪੰਜਾਬੀ ਗਲਪ ਵਿਸ਼ੇਸ਼ ਅੰਕ, ਪੰਨਾ 156।
17. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 14
18. ਉਹੀ, ਪੰਨਾ 39
19. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 69

20. ਕਿਸ਼ਨ ਸਿੰਘ, ਔਰਤ ਦੀ ਆਜ਼ਾਦੀ ਦਾ ਮਸਲਾ, ਪੰਨਾ 40.
21. ਸੁਖਦੇਵ ਸਿੰਘ ਖਾਹਰਾ, ਪਰਤਾਪੀ: ਸਮੀਖਿਆ ਅਤੇ ਸੰਵਾਦ, ਪੰਨਾ 52
22. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 52
23. ਉਧਰਿਤ, ਰਚਨਾ ਮਹਿਰੋਕ, ਨਾਰੀ ਪਛਾਣ ਅਤੇ ਪੰਜਾਬੀ ਕਹਾਣੀ, ਪੰਨਾ 3
24. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 60
25. ਇੰਦਰਜੀਤ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਨਾ 74
26. ਮਨਿੰਦਰਜੀਤ ਕੌਰ, ਦੁੱਲੇ ਦੀ ਢਾਬ ਵਿਚ ਨਾਰੀ ਚਿੰਤਨ, ਪੰਨਾ 64
27. ਜਗਦੀਸ਼ ਕੌਰ, ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਜ ਦਵੰਦ, ਪੰਨਾ 90.
28. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ,ਪੰਨਾ 7
29. ਨਾਨਕ ਸਿੰਘ, ਚਿੱਟਾ ਲਹੂ, ਪੰਨਾ 62.
30. ਸੁਰਜੀਤ ਸਿੰਘ, ਮਹਾਂਕਾਵਿਕ ਰਚਨਾ ਦਾ ਵਾਅਦਾ: ਸਰਦਾਰੋ, ਹਿਰਦੇਜੀਤ ਸਿੰਘ ਭੋਗਲ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ ਸੰਵੇਦਨਾ, ਪੰਨਾ 61
31. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 48
32. ਜਸਬੀਰ ਕੌਰ ਕੇਸਰ, ਔਰਤ ਆਜ਼ਾਦ ਹੈ?, ਪੰਨਾ 48
33. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 105
34. ਉਹੀ, ਪੰਨਾ 126
35. ਸੁਖਵਿੰਦਰ ਸਿੰਘ ਰੰਧਾਵਾ, ਨਿਮਨ-ਕਿਸਾਨੀ ਦਾ ਯਥਾਰਥਕ ਚਿਣਤਰਨ: ਹਮੀਰਗੜ੍ਹ, ਹਿਰਦੇਜੀਤ ਸਿੰਘ ਭੋਗਲ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ-ਸੰਵੇਦਨਾ, ਪੰਨਾ 86
36. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 186
37. ਉਹੀ ਪੰਨਾ
38. ਉਹੀ, ਪੰਨਾ 190
39. ਉਹੀ, ਪੰਨਾ 221
40. ਉਹੀ, ਪੰਨਾ 245
41. ਰਾਮ ਸਰੂਪ ਅਣਖੀ, ਗੇਲੋ, ਪੰਨਾ 128
42. ਪੰਨਾ 175

# ਅਧਿਆਇ ਚੌਥਾ

## ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪ੍ਰਸਤੁਤ ਔਰਤ ਦਾ ਆਰਥਿਕ ਸੰਤਾਪ

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਪੰਜਾਬ ਦੇ ਲੋਕਾਂ ਦਾ ਧੰਦਾ ਸ਼ੁਰੂ ਤੋਂ ਹੀ ਖੇਤੀ-ਬਾੜੀ ਜਾਂ ਪਸ਼ੂ ਪਾਲਣ ਰਿਹਾ ਹੈ। ਸ਼ੁਰੂਆਤੀ ਦੌਰ ਵਿਚ ਜਦੋਂ ਮਨੁੱਖ ਜ਼ਿੰਦਗੀ ਨਾਲ ਸੰਘਰਸ਼ ਕਰ ਰਿਹਾ ਸੀ ਅਤੇ ਜ਼ਿੰਦਗੀ ਜਿਉਣ ਵਾਸਤੇ ਕੰਮ-ਧੰਦਿਆਂ ਦੀ ਖੋਜ ਕਰ ਰਿਹਾ ਸੀ ਤਾਂ ਉਸ ਸਮੇਂ ਮਨੁੱਖ ਦਾ ਸਭ ਤੋਂ ਪਹਿਲਾਂ ਕੰਮ ਖੇਤੀ-ਬਾੜੀ ਹੀ ਰਿਹਾ ਹੈ। ਮਨੁੱਖ ਨੇ ਹੌਲੀ-ਹੌਲੀ ਖੇਤੀ ਦੇ ਕਈ ਸਾਧਨਾਂ ਦੀ ਕਾਢ ਕੱਢੀ। ਆਰੀਆ ਸਮਾਜ ਤੋਂ ਲੈ ਕੇ ਹੁਣ ਤੱਕ ਪੰਜਾਬ ਦਾ ਮੁੱਖ ਕਿੱਤਾ ਖੇਤੀ ਹੀ ਰਿਹਾ ਹੈ। ਕਿਸਾਨੀ ਦੀ ਪਰਿਭਾਸ਼ਾ ਭਾਈ ਕਾਨ ਸਿੰਘ ਨਾਭਾ 'ਮਹਾਨ ਕੋਸ਼' ਵਿਚ ਦਿੱਤੀ ਹੈ। ਉਨ੍ਹਾਂ ਨੇ 'ਕ੍ਰਿਸ਼' ਨੂੰ ਕਿਸਾਨੀ ਨਾਲ ਜੋੜਿਆ ਹੈ। ਇਸ ਕੋਸ਼ ਅਨੁਸਾਰ;

"ਕਿਸਾਨ ਉਹ ਹੈ ਜੋ ਕ੍ਰਿਸ਼ ਕਰੇ, ਜੋ ਜ਼ਮੀਨ ਵਾਹੇ, ਹਲਵਾਹੇ, ਕਸ਼ਤਕਾਰ।"[1]

ਕਹਿਣ ਤੋਂ ਭਾਵ ਉਹ ਜੋ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਵਾਸਤੇ ਖੁਦ ਹੱਲ ਜੋੜਦਾ ਹੈ ਅਤੇ ਆਪ ਖੇਤੀ ਕਰਦਾ ਹੈ ਉਹ ਕਿਸਾਨ ਹੈ। ਕਿਸਾਨ ਆਪਣੀ ਰੋਟੀ ਰੋਜ਼ੀ ਲਈ ਸਿਰਫ਼ ਖੇਤੀ ਉੱਪਰ ਹੀ ਨਿਰਭਰ ਰਹਿੰਦਾ ਹੈ। ਆਪਣੀ ਭੂਗੋਲਿਕ ਸਥਿਤੀ ਕਰਕੇ ਪੰਜਾਬ ਹਮੇਸ਼ਾ ਭਾਰਤ ਵਿਚ ਆਉਣ ਵਾਲੇ ਹਮਲਾਵਰਾਂ ਲਈ ਦਰਵਾਜ਼ਾ ਬਣਿਆ ਰਿਹਾ ਹੈ। ਇੱਥੇ ਸ਼ੁਰੂ ਤੋਂ ਹੀ ਅਫ਼ਗਾਨਿਸਤਾਨ ਰਾਹੀਂ ਵਿਦੇਸ਼ੀ ਹਮਲਾਵਰ ਹਮਲਾ ਕਰਦੇ ਰਹੇ ਹਨ ਪਰ ਆਰੀਆ ਦੇ ਸਮੇਂ ਇਹ ਹਮਲੇ ਘੱਟ ਹੋਏ। ਜਿਸ ਕਾਰਨ ਆਰੀਆ ਕਾਲ ਵਿਚ ਖੇਤੀ ਦਾ ਧੰਦਾ ਕਾਫੀ ਵਿਕਸਿਤ ਹੋਇਆ। ਜਾਗੀਰਦਾਰੀ ਸਮਾਜ ਵਿਚ ਆ ਕੇ ਜ਼ਮੀਨ ਦੀ ਮਾਲਿਕੀ ਲਈ ਲੜਾਈਆਂ ਦੀ ਸ਼ੁਰੂਆਤ ਹੁੰਦੀ ਹੈ। ਜਗੀਰਦਾਰ ਜ਼ਮੀਨਾਂ ਉੱਪਰ ਆਪਣੀ ਮਾਲਕੀ ਸਥਾਪਿਤ ਕਰਨਾ ਚਾਹੁੰਦੇ ਸਨ, ਜਿਸ ਕਾਰਨ ਘੱਟ ਜ਼ਮੀਨ ਜਾਗੀਰਦਾਰਾਂ ਅਤੇ ਵੱਧ ਜ਼ਮੀਨ ਜਾਗੀਰਦਾਰਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਅਸਲ ਵਿਚ ਪੰਜਾਬ ਵਿਚ ਦੋ ਤਰ੍ਹਾਂ ਦੇ ਕਿਸਾਨ ਹਨ ਇਕ ਉਹ ਜਿਨ੍ਹਾਂ ਕੋਲ ਜ਼ਮੀਨ ਬਹੁਤ ਜ਼ਿਆਦਾ ਹੈ ਉਹ ਉੱਚ ਕਿਸਾਨੀ ਵਾਲੇ ਕਿਸਾਨ ਹਨ ਅਤੇ ਦੂਜੇ ਉਹ ਜਿਨ੍ਹਾਂ ਕੋਲ ਜ਼ਮੀਨ ਘੱਟ ਹੈ ਉਹ ਛੋਟੀ ਕਿਸਾਨੀ ਨਾਲ ਸੰਬੰਧ ਰੱਖਦੇ ਹਨ। ਛੋਟੀ ਕਿਸਾਨੀ ਦੀ ਸਥਿਤੀ ਹਮੇਸ਼ਾ ਤਰਸਯੋਗ ਰਹੀ ਹੈ। ਕਿਸਾਨ ਸਾਰਾ ਦਿਨ ਖੇਤਾਂ ਵਿਚ ਹੱਡ-ਭੰਨਵੀਂ ਮਿਹਨਤ ਕਰਦੇ ਹਨ ਪ੍ਰੰਤੂ ਫਿਰ ਵੀ ਉਨ੍ਹਾਂ ਦੀਆਂ ਨਿੱਜੀ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ।

ਰਾਮ ਸਰੂਪ ਅਣਖੀ ਖੁਦ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਣ ਕਾਰਨ ਖੇਤੀ ਵਿਚੋਂ ਹੁੰਦੇ ਨਫੇ ਨੁਕਸਾਨਾਂ ਤੋਂ ਜਾਣੂ ਸੀ। ਇਸ ਕਰਕੇ ਉਸ ਦੀਆਂ ਸਾਹਿਤਕ ਕਿਰਤਾਂ ਵਿਚੋਂ ਛੋਟੀ ਕਿਸਾਨੀ ਦੀਆਂ ਮੂਲ ਸਮੱਸਿਆਵਾਂ ਦਾ ਵਰਣਨ ਵੇਖਣ ਨੂੰ ਆਮ ਮਿਲਦਾ ਹੈ। ਉਸ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੈ। ਇਸ ਨਾਵਲ ਵਿਚ ਉਸ ਨੇ ਮਲਵਈ ਸਭਿਆਚਾਰ ਵਿਚ ਕਿਸਾਨੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਵਰਣਨ ਕੀਤਾ ਹੈ। ਅਣਖੀ ਦੇ ਲਗਭਗ ਸਾਰੇ ਨਾਵਲ ਛੋਟੀ ਕਿਸਾਨੀ ਦੇ ਇਰਦ-ਗਿਰਦ ਘੁੰਮਦੇ ਹਨ। ਉਸ ਦੇ ਨਾਵਲ ਆਰਥਿਕਤਾ ਦਾ ਸੰਤਾਪ ਭੋਗਦੇ ਆਮ ਲੋਕਾਂ ਦੀ ਦਾਸਤਾਨ ਹਨ। ਉਸ ਦੇ ਨਾਵਲਾਂ ਦੀ ਔਰਤ ਦੋਹਰਾਂ ਸੰਤਾਪ ਭੋਗਦੀ ਨਜ਼ਰ ਆਉਂਦੀ ਹੈ ਇਕ ਅਣਜੋੜ ਵਿਆਹ ਦਾ ਅਤੇ ਦੂਜਾ ਛੋਟੀ ਕਿਸਾਨੀ ਹੇਠ ਆਰਥਿਕ ਤੰਗੀਆਂ ਦਾ। ਅਣਖੀ ਦੇ ਨਾਵਲਾਂ ਵਿਚ ਪੇਸ਼ ਛੋਟੀ ਕਿਸਾਨੀ ਦਾ ਸੰਤਾਪ ਹੇਠ ਲਿਖੇ ਨਾਵਲਾਂ ਵਿਚ ਇਉਂ ਵੇਖਣ ਨੂੰ ਮਿਲਦਾ ਹੈ;

**'ਪਰਤਾਪੀ' ਨਾਵਲ ਵਿਚ ਛੋਟੀ ਕਿਸਾਨੀ ਦਾ ਸੰਤਾਪ:-** ਆਜ਼ਾਦੀ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਵਿਚ ਇਕ ਹੋੜ ਵੇਖੀ ਜਾ ਸਕਦੀ ਹੈ ਕਿ ਵੱਧ ਤੋਂ ਵੱਧ ਜ਼ਮੀਨ ਕਿਸ ਪ੍ਰਕਾਰ ਪ੍ਰਾਪਤ ਕੀਤੀ ਜਾ ਸਕਦੀ ਹੈ। ਜ਼ਮੀਨ ਜੱਟ ਦੀ ਮਾਂ ਬਰਾਬਰ ਸਮਝੀ ਜਾਂਦੀ ਹੈ ਅਤੇ ਕਿਸਾਨ ਵੱਧ ਤੋਂ ਵੱਧ ਜ਼ਮੀਨ ਪ੍ਰਾਪਤ ਕਰਨ ਵਾਸਤੇ ਜਾਇਜ਼ ਅਤੇ ਨਜਾਇਜ਼ ਹਰ ਪ੍ਰਕਾਰ ਦਾ ਕੰਮ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਪੜ੍ਹੀ-ਲਿਖੀ ਪੀੜੀ ਬੇਸ਼ੱਕ ਖੇਤੀ ਤੋਂ ਤਿਆਗ ਕਰ ਕੇ ਸ਼ਹਿਰੀ ਜੀਵਨ ਬਤੀਤ ਕਰਨ ਵੱਲ ਰੁਚਿਤ ਹੋ ਰਹੀ ਹੈ ਪ੍ਰੰਤੂ ਉਸ ਦੀ ਮਾਨਸਿਕਤਾ ਵਿਚ ਹਾਲੇ ਵੀ ਵੱਧ ਤੋਂ ਵੱਧ ਜ਼ਮੀਨ ਇੱਕਠੀ ਕਰਨ ਦੀ ਲਾਲਸਾ ਵੇਖੀ ਜਾ ਸਕਦੀ ਹੈ। ਇਸ ਕਰਕੇ ਉਹ ਹੁਣ ਸ਼ਹਿਰੀ ਜਾਇਦਾਦ ਇਕੱਠੀ ਕਰਨ ਵੱਲ ਪ੍ਰੇਰਿਤ ਹੋ ਰਿਹਾ ਹੈ। ਕਿਸਾਨ ਪਰਿਵਾਰ ਵਿਚ ਜ਼ਮੀਨ ਦੀ ਖਾਤਿਰ ਨੇੜਲੇ ਤੋਂ ਨੇੜਲੇ ਰਿਸ਼ਤੇ ਵੀ ਟੁੱਟਦੇ ਵੇਖੇ ਜਾ ਸਕਦੇ ਹਨ। ਭਰਾ-ਭਰਾ ਦਾ ਦੁਸ਼ਮਣ ਬਣ ਜਾਂਦਾ ਹੈ। ਪਿੰਡਾਂ ਦੇ ਕਿਸਾਨਾਂ ਨੂੰ ਆਪਣੀ ਜ਼ਮੀਨ ਨਾਲ ਅੰਤਾਂ ਦਾ ਮੋਹ ਹੁੰਦਾ ਹੈ। ਕਿਸਾਨੀ ਸਮਾਜ ਵਿਚ ਪੁਰਸ਼ ਦੀ ਪ੍ਰਧਾਨਤਾ ਵੇਖੀ ਜਾ ਸਕਦੀ ਹੈ ਕਿਉਂਕਿ ਖੇਤੀਬਾੜੀ ਦੇ ਜ਼ਿਆਦਾਤਰ ਕੰਮ ਮਰਦ ਹੀ ਕਰਦੇ ਹਨ। ਇਸ ਕਾਰਨ ਜ਼ਮੀਨ ਉੱਪਰ ਦਾ ਅਧਿਕਾਰ ਸਥਾਪਿਤ ਹੋ ਜਾਂਦਾ ਹੈ। ਬੇਸ਼ੱਕ ਔਰਤ ਵੀ ਕਿਸਾਨ ਦੇ ਨਾਲ ਹੀ ਪਿਸਦੀ ਹੈ ਉਹ ਵੀ ਸਾਰਾ ਦਿਨ ਰੁਝੇਵਿਆਂ ਵਿਚ ਰੁੱਝੀ ਰਹਿੰਦੀ ਹੈ ਪ੍ਰੰਤੂ ਉਸ ਦੇ ਕੰਮ ਦਾ ਅਸਲ ਮੁੱਲ ਨਹੀਂ ਪੈਂਦਾ। ਕਿਸਾਨੀ ਪਰਿਵਾਰ ਵਿਚ ਲੜਕੀ ਦਾ ਵਰ ਲੱਭਣ ਸਮੇਂ ਇਕ ਮਹੱਤਵਪੂਰਨ ਗੱਲ ਵਰ ਦੀ ਜ਼ਮੀਨ ਵੇਖੀ ਜਾਂਦੀ ਹੈ। ਜੇਕਰ ਜ਼ਿਆਦਾ ਕਿੱਲਿਆਂ ਦਾ ਮਾਲਿਕ ਹੈ ਤਾਂ ਉਸ ਦੇ ਕਈ ਐਬ ਭੁੱਲ ਕੇ ਮਾਂ-ਬਾਪ ਆਪਣੀ ਲੜਕੀ ਨੂੰ ਉਸ ਲੜਕੇ ਨਾਲ ਖੁਸ਼ੀ-ਖੁਸੀ ਤੋਰ ਦਿੰਦੇ ਹਨ। ਬੇਸ਼ੱਕ ਅੱਜ ਖੇਤੀ ਤੋਂ ਬਿਨਾਂ ਬਹੁਤ ਸਾਰੇ ਕੰਮ ਹਨ "ਪਰ ਕਿਸਾਨੀ ਸਮਾਜ ਦਾ ਆਰਥਿਕ ਆਧਾਰ ਨਿੱਜੀ ਜਾਇਦਾਦ ਦੀ ਸੰਸਥਾ ਹੈ, ਜਿਸ ਦੇ ਸਿੱਟੇ ਵਜੋਂ ਬਹੁਤੇ ਕਿਸਾਨਾਂ ਕੋਲ ਤਾਂ ਜ਼ਮੀਨ ਹੁੰਦੀ ਹੀ ਨਹੀਂ ਜਾਂ ਗੁਜ਼ਾਰੇ ਜੋਗੀ ਨਹੀਂ ਹੁੰਦੀ ਤੇ ਜਾਂ ਫਿਰ ਇਕ ਜਾਂ ਦੂਜੇ ਸਬੱਬ ਕਰਕੇ ਇਹ ਉਨ੍ਹਾਂ ਦੇ ਹੱਥੋਂ ਨਿਕਲ ਜਾਂਦੀ ਹੈ। ਦੂਸਰੇ ਕਿਸਾਨੀ ਸਮਾਜ ਵਿਚ ਜ਼ਮੀਨ ਇੱਜ਼ਤ ਦਾ ਚਿੰਨ੍ਹ ਹੈ ਅਤੇ, ਤੀਸਰੇ ਪੰਜਾਬ ਦੀ ਕਿਸਾਨੀ ਵਿਚ ਮਰਦਾਂ ਦੀ ਗਿਣਤੀ ਤੀਵੀਆਂ ਨਾਲੋਂ ਵੱਧ ਹੈ। ਸੋ ਜਿਨ੍ਹਾਂ ਟੱਬਰਾਂ ਕੋਲ ਲੋੜ ਜੋਗੀ ਜ਼ਮੀਨ ਨਹੀਂ ਹੁੰਦੀ, ਉਨ੍ਹਾਂ ਦੇ ਮੁੰਡਿਆਂ ਦਾ ਵਿਆਹ ਘੱਟੋ-ਘੱਟ ਕਿਸਾਨੀ

ਪਰਿਵਾਰ ਵਿਚ ਹੋਣਾ ਕਠਿਨ ਹੈ।"[2] ਇਸੇ ਕਾਰਨ ਹੀ ਸਾਡੇ ਸਮਾਜ ਵਿਚ ਖਾਸ ਕਰਕੇ ਛੋਟੀ ਕਿਸਾਨੀ ਵਿਚ ਮੁੱਲ ਦੇ ਵਿਆਹ ਦੀ ਪ੍ਰਥਾ ਵੀ ਪ੍ਰਚੱਲਿਤ ਰਹੀ ਹੈ।

'ਪਰਤਾਪੀ' ਕਿਸਾਨੀ ਸਮਾਜ ਨਾਲ ਸੰਵਾਦ ਰਚਾਉਣ ਵਾਲਾ ਨਾਵਲ ਹੈ। ਅਣਖੀ ਕਿਸਾਨੀ ਸਭਿਆਚਾਰ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਬਹੁਤ ਹੀ ਸੁਹਜਮਈ ਅਤੇ ਯਥਾਰਥਕ ਢੰਗ ਨਾਲ ਚਿਤਰਦਾ ਹੈ ਉਸ ਦੇ ਨਾਵਲਾਂ ਨੂੰ ਕਿਸਾਨੀ ਸਭਿਆਚਾਰ ਦਾ ਦਸਤਾਵੇਜ਼ ਕਿਹਾ ਜਾ ਸਕਦਾ। ਪਰਤਾਪੀ ਨਾਵਲ ਵਿਚ ਇਕ ਅਜਿਹੀ ਔਰਤ ਵਜੋਂ ਵਿਚਰਦੀ ਹੈ ਜੋ ਪੂਰੇ ਨਾਵਲ ਵਿਚ ਦੁਖਾਂਤ ਹੀ ਹੰਢਾਉਂਦੀ ਹੈ। ਜ਼ਮੀਨ ਕਰਕੇ ਵਰਤੀ ਜਾਂਦੀ ਹੈ। ਧੀਆਂ-ਪੁੱਤਾਂ ਦਾ ਮੋਹ ਵੀ ਜ਼ਮੀਨੀ ਹੋ ਜਾਂਦਾ ਹੈ। ਪਰਤਾਪੀ ਦੇ ਵਿਆਹ ਤੋਂ ਪਹਿਲਾਂ ਪਰਤਾਪੀ ਦਾ ਪਿਓ ਪਰਤਾਪੀ ਦੇ ਕੁੜੀ ਹੋਣ ਦਾ ਝੋਰਾ ਕਰਦਾ ਹੈ। ਜਿੱਥੇ ਉਹ ਆਪਣੇ ਮੁੰਡਿਆਂ ਨੂੰ ਵੱਧਦੇ ਵੇਖ ਕੇ ਖੁਸ਼ ਹੁੰਦਾ ਹੈ ਉੱਥੇ ਪਰਤਾਪੀ ਵੱਲ ਵੇਖ ਕੇ ਉਸ ਦਾ ਹੌਂਸਲਾ ਟੁੱਟ ਜਾਂਦਾ ਹੈ;

> "ਜਿੱਥੇ ਉਹ ਮੁੰਡਿਆਂ ਨੂੰ ਉੱਠ ਰਹੇ ਦੇਖ ਕੇ ਖੁਸ਼ ਹੁੰਦਾ, ਉਹਦੀ ਹਿੱਕ ਗਜ਼ ਚੌੜੀ ਹੋ ਜਾਂਦੀ, ਓਥੇ ਪਰਤਾਪੀ ਵਲ ਝਾਕਦੇ ਹੀ ਉਹਦੀ ਨੀਵੀਂ ਪੈ ਜਾਂਦੀ। ਇਕ ਦਿਨ ਉਹਨੇ ਬੁੜ-ਬੁੜ ਕੀਤੀ 'ਸੁਹਰੀ ਨੂੰ ਨਿੱਤ ਗਿੱਠ ਵਾਰ ਆਉਂਦੈ। ਪਿੰਡੇ 'ਤੇ ਮਾਸ ਜ੍ਹਾ ਪਤਾ ਨ੍ਹੀ ਕਿਧਰੋਂ ਚੜ੍ਹੀ ਜਾਂਦੈ।' ਕੁੜੀ ਦੇ ਫ਼ਿਕਰ ਨਾਲ ਜਿਵੇਂ ਉਹ ਅੱਧਾ ਰਹਿ ਗਿਆ ਹੋਵੇ। ਉਹ ਝੂਰਦਾ 'ਕਿਹੜੀਆਂ ਜ਼ਮੀਨਾਂ ਇਹ ਕੁੜੀ ਈ ਸਾਰਾ ਘਰ ਚੁੱਕ ਕੇ ਲੈਜੂਗੀ। ਪਤਾ ਨ੍ਹੀ ਭੈਣ ਦੇਣੇ ਕਹੇ-ਜੇ ਜੱਟ ਨਾਲ ਮੱਥਾ ਲੱਗੂ।"[3]

ਜੇਕਰ ਅਸੀਂ ਪਰਤਾਪੀ ਦੇ ਪਿਓ ਮੈਂਗਲ ਦੇ ਇਸ ਵਾਰਤਾਲਾਪ ਨੂੰ ਘੋਖੀਏ ਤਾਂ ਉਸ ਦੇ ਪਿਓ ਨੂੰ ਇਹ ਦੁੱਖ ਨਹੀਂ ਕਿ ਪਰਤਾਪੀ ਇਕ ਕੁੜੀ ਹੈ ਬਲਕਿ ਇਸ ਦੁੱਖ ਦਾ ਅਸਲ ਕਾਰਨ ਕੁੜੀ ਦੇ ਵਿਆਹ ਉੱਪਰ ਹੋਣ ਵਾਲਾ ਖਰਚਾ ਹੈ। ਮੈਂਗਲ ਇਕ ਗਰੀਬ ਕਿਸਾਨ ਹੈ ਜੋ ਆਰਥਿਕ ਤੰਗੀਆਂ ਨਾਲ ਘੁਲ ਰਿਹਾ ਹੈ ਅਜਿਹੇ ਵਿਚ ਜੁਆਨ ਹੋ ਰਹੀ ਧੀ ਦੇ ਵਿਆਹ ਉੱਪਰ ਹੋਣ ਵਾਲੇ ਖਰਚੇ ਲਈ ਇਕ ਬਾਪ ਦਾ ਸੋਚਣਾ ਸੁਭਾਵਿਕ ਹੈ। ਅਸਲ ਵਿਚ ਗਰੀਬ ਪਰਿਵਾਰ ਵਿਚ ਕੁੜੀ ਦੇ ਵਿਆਹ ਦਾ ਖਰਚਾ ਇਕ ਗੰਭੀਰ ਸਮੱਸਿਆ ਹੈ। ਮੈਂਗਲ ਗਰੀਬੀ ਦਾ ਸੰਤਾਪ ਹੰਢਾ ਰਿਹਾ ਹੈ। ਦਿਨ-ਰਾਤ ਮਿਹਨਤ ਕਰਨ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਬੜੀ ਮੁਸ਼ਕਿਲ ਨਾਲ ਕਰ ਰਿਹਾ ਹੈ। ਅਜਿਹੇ ਵਿਚ ਜਵਾਨ ਹੋ ਰਹੀ ਧੀ ਉਸ ਨੂੰ ਆਪਣੇ ਲਈ ਆਫ਼ਤ ਪ੍ਰਤੀਤ ਹੁੰਦੀ ਹੈ। ਜੱਟ ਪਰਿਵਾਰਾਂ ਵਿਚ ਮੁੰਡੇ ਹੌਂਸਲੇ ਦਾ ਪ੍ਰਤੀਕ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਸਿਰ 'ਤੇ ਸਾਰੀ ਖੇਤੀ ਦਾ ਕੰਮ ਚੱਲਦਾ ਹੈ। ਕੁੜੀਆਂ ਦੇ ਵਿਆਹ 'ਤੇ ਹੋਣ ਵਾਲੇ ਖਰਚ ਨੂੰ ਸੋਚ ਕੇ ਗਰੀਬ ਕਿਸਾਨ ਕੁੜੀ ਦੇ ਜਨਮ ਵੇਲੇ ਟੁੱਟ ਜਾਂਦੇ ਹਨ। ਅਣਖੀ ਨੇ ਆਪਣੇ ਇਸ ਨਾਵਲ ਵਿਚ ਕਿਸਾਨ ਦੀ ਇਸ

ਮਾਨਸਿਕ ਦੁਵਿਧਾ ਨੂੰ ਬਾਖ਼ੂਬੀ ਬਿਆਨ ਕੀਤਾ ਹੈ। "ਰਾਮ ਸਰੂਪ ਅਣਖੀ ਦੀ ਵੱਡੀ ਖ਼ੂਬੀ ਅਤੇ ਵਿਲੱਖਣਤਾ ਇਸ ਗੱਲ ਵਿਚ ਨਿਹਿਤ ਹੈ ਕਿ ਉਸਨੇ ਮਲਵਈ ਆਰਥਿਕਤਾ ਦੀ ਕੰਗਰੋੜ ਕਿਸਾਨੀ ਦੇ ਜੀਵਨ ਨੂੰ ਆਪਣੇ ਲਗਭਗ ਸਮੁੱਚੇ ਨਾਵਲਾਂ ਵਿਚ ਕੇਂਦਰੀ ਥੀਮ ਵਜੋਂ ਉਭਾਰਿਆ ਹੈ।"[4] ਪਰਤਾਪੀ ਵੀ ਮਲਵਈ ਸਭਿਆਚਾਰ ਨੂੰ ਦਰਸਾਉਣ ਵਾਲਾ ਨਾਵਲ ਹੈ। ਪਰਤਾਪੀ ਦਾ ਪਤੀ ਗੱਜਣ ਆਪਣੀ ਵਿਧਵਾ ਭਰਜਾਈ ਨਾਲ ਦੂਸਰਾ ਵਿਆਹ ਕਰਵਾਉਂਦਾ ਹੈ। ਇਹ ਵਿਆਹ ਇਸ ਕਰਕੇ ਨਹੀਂ ਹੁੰਦਾ ਕਿ ਗੱਜਣ ਨੂੰ ਆਪਣੀ ਭਰਜਾਈ ਚੰਦ ਕੁਰ ਨਾਲ ਕੋਈ ਹਮਦਰਦੀ ਜਾਂ ਪਿਆਰ ਹੈ। ਇਸ ਵਿਆਹ ਦਾ ਅਸਲ ਕਾਰਨ ਤਾਂ ਚੰਦ ਕੁਰ ਦੇ ਹਿੱਸੇ ਆਉਂਦੀ ਜ਼ਮੀਨ ਹੈ। ਜ਼ਮੀਨ ਦਾ ਲਾਲਚ ਜੱਟ ਲਈ ਸਭ ਤੋਂ ਬੁਰਾ ਹੁੰਦਾ ਹੈ ਇਸ ਜ਼ਮੀਨ ਦੀ ਖਾਤਿਰ ਜੱਟ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਹਨ। ਪਰਤਾਪੀ ਨੂੰ ਲੱਗਦਾ ਹੈ ਕਿ ਚੰਦ ਕੁਰ ਉਨ੍ਹਾਂ ਦੇ ਘਰ ਕੋਈ ਪ੍ਰੋਹਣੀ ਹੈ ਥੋੜ੍ਹੇ ਦਿਨ ਰਹਿ ਕੇ ਚਲੀ ਜਾਵੇਗੀ। ਉਹ ਗੱਜਣ ਦੇ ਦੂਸਰੇ ਵਿਆਹ ਦਾ ਬੁਰਾ ਮਨਾਉਂਦੀ ਹੈ। ਗੱਜਣ ਪਰਤਾਪੀ ਨੂੰ ਸਮਝਾਉਂਦਾ ਹੈ;

> "ਦੇਖ ਭਾਈ ਪਰਤਾਪੀ ਘਰ ਦੀ ਰਾਣੀ ਤਾਂ ਤੂੰਈਂ ਐ। ਸਾਰੀ ਜੈਦਾਤ ਤੇਰੇ ਮੁੰਡਿਆਂ ਦੀ। ਮੈਂ ਤਾਂ ਜ਼ਮੀਨ ਪਿੱਛੇ ਕੀਤੈ ਇਹ ਸਭ, ਫੇਰ ਕਹਿਣ ਲੱਗਦਾ- ਇਹਦੇ ਜੁਆਕ? ਨਾ, ਇਹਦੇ ਜੁਆਕ ਹੋਊ। ਇਹ ਮੇਰਾ ਇੰਤਜਾਮ ਕੀਤਾ ਵਿਐ।"[5]

ਪਰਤਾਪੀ ਨੂੰ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਕਿ ਉਸ ਦੇ ਹੱਥੀ ਵਿਆਹੀ ਦਰਾਣੀ ਉਸ ਦੀ ਸੌਂਕਣ ਬਣ ਬੈਠੇਗੀ। ਪਰਤਾਪੀ ਦੀਆਂ ਸਭ ਸਧਰਾਂ ਮਿੱਟੀ ਵਿਚ ਮਿਲ ਜਾਂਦੀਆਂ ਹਨ। ਹੱਥੀ ਪੁੱਤਾਂ ਵਾਂਗ ਪਾਲ ਕੇ ਵੱਡੇ ਕੀਤੇ ਪਿਓ ਦੀ ਮੌਤ ਦਾ ਸਦਮਾ ਤਾਂ ਉਸ ਨੂੰ ਗਹਿਰਾ ਲੱਗਦਾ ਹੀ ਹੈ ਪ੍ਰੰਤੂ ਇਸ ਪ੍ਰਕਾਰ ਆਪਣੇ ਪਤੀ ਵਲੋਂ ਕੀਤਾ ਦਗਾ ਉਸ ਨੂੰ ਹੋਰ ਵੀ ਤੋੜ ਸੁੱਟਦਾ ਹੈ। ਜੱਟ ਦੇ ਜ਼ਮੀਨ ਨਾਲ ਮੋਹ ਦੀ ਉਦਾਹਰਨ ਅਣਖੀ ਦਾ ਇਹ ਨਾਵਲ ਹੈ। ਜੱਟ ਵਾਸਤੇ ਜ਼ਮੀਨ ਤੋਂ ਵੱਧ ਹੋਰ ਕੋਈ ਚੀਜ਼ ਮਹੱਤਵਪੂਰਨ ਨਹੀਂ। ਡਾ ਸੁਰਜੀਤ ਸਿੰਘ ਅਨੁਸਾਰ;

> "ਜ਼ਰ, ਜ਼ੋਰੂ ਤੇ ਜ਼ਮੀਨ ਵਿਚੋਂ ਜੱਟ ਲਈ ਸੱਭ ਤੋਂ ਵਧੇਰੇ ਮਹੱਤਵਪੂਰਨ ਜ਼ਮੀਨ ਹੁੰਦੀ ਹੈ ਤੇ ਜ਼ਮੀਨ ਹੀ 'ਪਰਤਾਪੀ' (ਰਚਨਾ ਤੇ ਪਰਤਾਪੀ:ਪਾਤਰ) ਦੋਹਾਂ ਦੀ ਵਸਤੂ ਸਥਿਤੀ ਦਾ ਪ੍ਰਮੁੱਖ ਨਿਰਧਾਰਣ-ਤੱਤ ਬਣ ਕੇ ਉੱਘੜੀ ਹੈ। ਇਕ ਭਰਾ ਦੀ ਵਿਧਵਾ ਨੂੰ ਦੂਜੇ ਭਰਾ ਦੇ ਘਰ ਵਸਾ ਦੇਣ ਦੇ ਸੰਸਕਾਰ ਦੀ ਤਹਿ ਹੇਠ ਕਾਰਜਸ਼ੀਲ ਤੱਤ ਜ਼ਮੀਨ ਬਣਦੀ ਹੈ।"[6]

ਬਦਲ ਰਹੇ ਸੰਸਾਰ ਵਿਚ ਆਪਣੀ ਆਰਥਿਕ ਸਥਿਤੀ ਮਜ਼ਬੂਤ ਕਰਨ ਵਾਸਤੇ ਆਦਮੀ ਇਸ ਪ੍ਰਕਾਰ ਲੱਗ ਚੁੱਕਾ ਹੈ ਕਿ ਉਸ ਨੇ ਰਿਸ਼ਤਿਆਂ ਦਾ ਹਰ ਪ੍ਰਕਾਰ ਨਾਲ ਘਾਣ ਕਰ ਦਿੱਤਾ ਹੈ। ਜਾਗੀਰਦਾਰੀ ਸਮਾਜ ਵਿਚ ਔਰਤ ਦੀ ਸਥਿਤੀ ਵਸਤੂ ਵਾਂਗ ਹੋ ਗਈ ਹੈ। ਇਸ ਸਮਾਜ ਵਿਚ ਔਰਤ ਨੂੰ ਸਿਰਫ਼ ਭੋਗਣ ਦੀ ਵਸਤੂ ਹੀ ਸਮਝਿਆ ਜਾਂਦਾ ਹੈ ਪਰਤਾਪੀ ਵੀ ਇਸੇ ਤਰ੍ਹਾਂ ਭੋਗੀ ਜਾਣ ਵਾਲੀ ਔਰਤ ਬਣ ਕੇ ਰਹਿ ਗਈ। ਉਸ ਦੇ ਮਨ ਦੀਆਂ ਕਈ ਸਧਰਾਂ ਸਨ ਜੋ ਕਈ ਵਾਰ ਟੁੱਟੀਆਂ ਸਨ। ਦਰਦਾਂ ਦੇ ਕੌੜੇ ਘੁੱਟ ਉਸ ਨੇ ਪੇਕੇ ਪਿੰਡ ਆਪਣੇ ਨਾਲ ਹੋਏ ਬਲਾਤਕਾਰ ਅਤੇ ਪ੍ਰੇਮੀ ਵਲੋਂ ਮਿਲੀ ਬੇਵਫ਼ਾਈ ਦੇ ਸਮੇਂ ਹੀ ਪੀਣੇ ਸਿੱਖ ਲਏ ਸਨ। ਗੱਜਣ ਨਾਲ ਵਿਆਹ ਸਮੇਂ ਉਸ ਨੇ ਸੋਚਿਆ ਸੀ ਕਿ ਸ਼ਾਇਦ ਹੁਣ ਉਸ ਦੀ ਜ਼ਿੰਦਗੀ ਵਿਚ ਕੁੱਝ ਸੁਧਾਰ ਆਵੇਗਾ ਪਰ ਉਸ ਦਾ ਇਹ ਅਰਮਾਨ ਇਕ ਅਰਮਾਨ ਹੀ ਬਣ ਕੇ ਰਹਿ ਗਿਆ। ਗੱਜਣ ਵੀ ਹੋਰਨਾਂ ਮਰਦਾਂ ਵਾਂਗ ਪਰਤਾਪੀ ਨਾਲ ਦਗਾ ਹੀ ਕਮਾਉਂਦਾ ਹੈ। ਚੰਦ ਕੁਰ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਹ ਪਰਤਾਪੀ ਨੂੰ ਇਕ ਵਸਤੂ ਸਮਝ ਕੇ ਅੰਦਰਲੇ ਘਰ ਛੱਡ ਕੇ ਆਪ ਬੱਚਿਆਂ ਸਮੇਤ ਬਾਹਰਲੇ ਘਰ ਰਹਿਣ ਚਲਾ ਜਾਂਦਾ ਹੈ। ਚੰਦ ਕੁਰ ਨਾਲ ਗੱਜਣ ਦਾ ਵਿਆਹ ਸਿਰਫ਼ ਜ਼ਮੀਨ ਕਰਕੇ ਹੀ ਹੁੰਦਾ ਹੈ। ਪਿੰਡ ਦੇ ਕਈ ਲੋਕ ਇਸ ਬਾਬਤ ਗੱਲਾਂ ਕਰਦੇ ਹਨ;

> "'ਤੀਮੀਂ ਦਾ ਕੀ ਹੁੰਦੈ, ਕੋਈ ਲਾਲਚ ਦਿੱਤਾ ਹੋਣੈ।
>
> ਫੇਰ ਭਾਈ ਸਾਕ ਸਕੀਰੀ ਦਾ ਜ਼ੋਰ ਚੜ ਗਿਆ ਹੋਊ
>
> ਕਿਧਰੇ।'
>
> 'ਤੁਸੀਂ ਜਾਰ ਵਿਚਲੀ ਗੱਲ ਨੀ ਫੜਦੇ।
>
> ਲਾਲਚ ਤਾਂ ਗੱਜਣ ਨੂੰ ਐ।'
>
> 'ਤੀਮੀਂ ਦਾ ਲਾਲਚ?'
>
> 'ਤੀਮੀਂ ਦਾ ਨ੍ਹੀ...'
>
> 'ਨਵੀਂ ਤੀਮੀਂ ਦਾ?'
>
> 'ਓਏ ਤੀਮੀਂ ਦਾ ਲਾਲਚ ਨ੍ਹੀ'
>
> ਧਗੜਿਆ, ਜੀਮੀ ਦਾ।'"[7]

ਉਪਰੋਕਤ ਵਾਰਤਾਲਾਪ ਇਹ ਸਿੱਧ ਕਰਦੇ ਹਨ ਕਿ ਸਾਡੇ ਪੇਂਡੂ ਖਾਸ ਕਰਕੇ ਕਿਸਾਨੀ ਪਰਿਵਾਰ ਵਿਚ ਜ਼ਮੀਨ ਵਾਸਤੇ ਕਿਸਾਨ ਕੁੱਝ ਵੀ ਕਰਨ ਵਾਸਤੇ ਤਿਆਰ ਹੋ ਜਾਂਦੇ ਹਨ। "ਅਣਖੀ ਆਪਣੇ ਇਸ ਨਾਵਲ ਵਿਚ ਪੂੰਜੀਵਾਦੀ ਤੋਂ ਪ੍ਰਭਾਵਿਤ ਪੰਜਾਬੀ ਸਭਿਆਚਾਰ ਵਿਚ ਬਦਲਦੇ ਕਿਸਾਨੀ ਰਿਸ਼ਤਿਆਂ ਰਸਮਾਂ-ਰਿਵਾਜਾਂ, ਧਾਰਮਿਕ ਵਿਸ਼ਵਾਸ਼ਾਂ ਅਤੇ ਸਾਕਾਦਾਰੀ

ਸੰਬੰਧਾਂ ਨੂੰ ਨਾਵਲ ਦੇ ਮੂਲ ਵਿਸ਼ੇ ਨਾਲ ਸੰਬੰਧਿਤ ਕਰਕੇ ਯਥਾਰਥਮਈ ਨਜ਼ਰੀਏ ਤੋਂ ਇਨ੍ਹਾਂ ਦਾ ਚਿਤਰਨ ਕਰਦਾ ਹੈ।"[8] ਪਰਤਾਪੀ ਇਕ ਅਜਿਹੀ ਕਥਾ ਹੈ ਜੋ ਜਾਗੀਰਦਾਰੀ ਸਮਾਜ ਵਿਚ ਆਪਣੀ ਹੋਂਦ ਗੁਵਾ ਬੈਠਦੀ ਹੈ। ਅਣਖੀ ਤੋਂ ਪਹਿਲਾਂ ਵੀ ਬਹੁਤ ਸਾਰੇ ਨਾਵਲਕਾਰਾਂ ਨੇ ਕਿਸਾਨੀ ਸਮਾਜ ਵਿਚ ਔਰਤ ਦੀ ਤਰਸਯੋਗ ਸਥਿਤੀ ਦਾ ਬਿਆਨ ਕੀਤਾ ਹੈ। ਦਲੀਪ ਕੌਰ ਟਿਵਾਣਾ ਉਨ੍ਹਾਂ ਨਾਵਲਕਾਰਾਂ ਵਿਚੋਂ ਇਕ ਹੈ ਉਸ ਦਾ ਨਾਵਲ 'ਏਹੁ ਹਮਾਰਾ ਜੀਵਣਾ' ਵਿਚ ਜਾਗੀਰਦਾਰੀ ਸੰਸਕ੍ਰਿਤੀ ਦੀ ਜੰਮਪਲ ਇਸਤਰੀ ਦੇ ਦੁਖਾਂਤ ਦਾ ਵਰਨਣ ਹੈ। ਇਸ ਨਾਵਲ ਦੀ ਮੁੱਖ ਨਾਇਕਾ ਭਾਨੋ ਜਾਗੀਰਦਾਰੀ ਸਮਾਜ ਵਿਚ ਗਰੀਬੀ ਦਾ ਦੁਖਾਂਤ ਹੰਢਾਉਂਦੀ ਹੈ। ਉਸ ਪਾਸੋ ਆਸ ਕੀਤੀ ਜਾਂਦੀ ਹੈ ਕਿ ਉਹ ਵਾਰਿਸ ਪੈਦਾ ਕਰੇ ਪ੍ਰੰਤੂ ਅਜਿਹਾ ਨਾ ਹੋਣ ਕਾਰਨ ਉਸ ਦੀ ਸਥਿਤੀ ਤਰਸਯੋਗ ਬਣ ਜਾਂਦੀ ਹੈ। ਨਰੈਣਾ ਭਾਨੋ ਬੇਸ਼ੱਕ ਆਪਣੇ ਘਰ ਵਿਚ ਪਤਨੀ ਬਣਾ ਕੇ ਰੱਖਦਾ ਹੈ ਪ੍ਰੰਤੂ ਉਸ ਨੂੰ ਉਹ ਸਤਿਕਾਰ ਨਹੀਂ ਮਿਲਦਾ ਜੋ ਇਕ ਵਿਆਹੀ ਔਰਤ ਨੂੰ ਮਿਲਦਾ ਹੈ। ਪਰਤਾਪੀ ਅਤੇ ਭਾਨੋ ਦੋਹਾਂ ਦੀ ਜ਼ਿੰਦਗੀ ਵਿਚ ਵਧੇਰੇ ਦੁੱਖ ਉਨ੍ਹਾਂ ਦੀ ਜ਼ਿੰਦਗੀ ਵਿਚ ਸੌਂਕਣ ਦੇ ਆ ਜਾਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਦੋਹਾਂ ਪਾਤਰਾਂ ਦੀ ਜ਼ਿੰਦਗੀ ਵਿਆਹ ਤੋਂ ਬਾਅਦ ਨਰਕ ਵਾਲੀ ਬਣ ਜਾਂਦੀ ਹੈ। 'ਭਾਨੋ' ਅਤੇ 'ਪਰਤਾਪੀ' ਦੀ ਸਥਿਤੀ ਵਿਚ ਅੰਤਰ ਸਿਰਫ਼ ਇਹ ਹੈ ਕਿ 'ਭਾਨੋ' ਦੇ ਸੰਤਾਨ ਪੈਦਾ ਨਾ ਹੋਣ ਕਾਰਨ ਉਸ ਦਾ ਪਤੀ ਦੂਸਰਾ ਵਿਆਹ ਕਰਦਾ ਹੈ ਅਤੇ 'ਪਰਤਾਪੀ' ਦਾ ਪਤੀ ਜ਼ਮੀਨ ਦੀ ਖਾਤਿਰ ਦੂਸਰਾ ਵਿਆਹ ਕਰਦਾ ਹੈ। ਦੋਹਾਂ ਦੀ ਸਥਿਤੀ ਦੀ ਜੇਕਰ ਸਮਾਨਤਾ ਦੀ ਗੱਲ ਕੀਤੀ ਜਾਵੇ ਤਾਂ ਦੋਵੇਂ ਹੀ ਛੋਟੀ ਕਿਸਾਨੀ ਦਾ ਦੁਖਾਂਤ ਭੋਗਦੀਆਂ ਹਨ। ਪਰਤਾਪੀ ਦੇ ਬਲਾਤਕਾਰ ਤੋਂ ਹੋਏ ਬੱਚੇ ਦਾ ਜ਼ਮੀਨ ਉੱਪਰ ਮਾਲਿਕੀ ਹੱਕ ਹੋ ਜਾਂਦਾ ਹੈ ਜਦ ਕਿ ਭਾਨੋ ਦੇ ਸੰਤਾਨ ਨਾ ਪੈਦਾ ਹੋਣ ਕਾਰਨ ਨਰੈਣਾ ਘਰ ਦੇ ਵਾਰਿਸ ਲਈ ਦੂਜਾ ਵਿਆਹ ਕਰਵਾਉਂਦਾ ਹੈ।

ਗੱਜਣ ਦੇ ਦੂਸਰੇ ਵਿਆਹ ਤੋਂ ਬਾਅਦ ਪਰਤਾਪੀ ਦੀ ਜ਼ਿੰਦਗੀ ਵਿਚ ਬਹੁਤ ਇੱਕਲਾਪਨ ਆ ਜਾਂਦਾ ਹੈ। ਸਾਰਾ ਦਿਨ ਉਹ ਘਰ ਵਿਚ ਇੱਕਲੀ ਬੀਤੇ ਵਖ਼ਤ ਨੂੰ ਯਾਦ ਕਰ ਰੋਂਦੀ ਰਹਿੰਦੀ। ਆਪਣੇ ਢਿੱਡੋਂ ਜੰਮੇ ਬੱਚਿਆਂ ਨੇ ਵੀ ਉਸ ਦੀ ਸਾਰ ਲੈਣੀ ਛੱਡ ਦਿੱਤੀ। ਗੱਜਣ ਜਿਸ ਦੇ ਘਰ ਨੂੰ ਪਰਤਾਪੀ ਨੇ ਹੱਥੀ ਬੰਨ੍ਹਿਆਂ ਸੀ ਉਹ ਵੀ ਸ਼ਰੀਕਾਂ ਵਾਂਗ ਪਰਤਾਪੀ ਨਾਲ ਦਗਾ ਕਮਾ ਗਿਆ। ਅੰਦਰਲੇ ਘਰ ਵਿਚ ਇਕੱਲੇਪਨ ਦਾ ਸੰਤਾਪ ਪਰਤਾਪੀ ਨੂੰ ਬਹੁਤ ਸਤਾਉਂਦਾ। ਗੱਜਣ ਪਹਿਲਾ-ਪਹਿਲ ਤਾਂ ਨਿੱਤ ਅੰਦਰਲੇ ਘਰ ਆ ਕੇ ਪਰਤਾਪੀ ਦੀ ਸੁੱਖ-ਸਾਂਦ ਪੁੱਛ ਜਾਂਦਾ ਪਰ ਬਾਅਦ ਵਿਚ ਉਸ ਨੇ ਪਰਤਾਪੀ ਕੋਲ ਆਉਣਾ ਬਹੁਤ ਘੱਟ ਕਰ ਦਿੱਤਾ ਹੁਣ ਗੱਜਣ ਸਿਰਫ਼ ਚੰਦ ਕੁਰ ਦੇ ਇਸ਼ਾਰੇ 'ਤੇ ਚੱਲਦਾ ਕਿਉਂਕਿ ਉਹ ਜ਼ਮੀਨ ਦੀ ਮਾਲਕਣ ਸੀ। ਪਰਤਾਪੀ ਤਾਂ ਬੱਸ ਹੁਣ ਇਕ ਵਾਧੂ ਮੈਂਬਰ ਜਿਹੀ ਬਣੀ ਆਪਣੇ ਦਿਨ ਕੱਟ ਰਹੀ ਸੀ;

> "ਹੁਣ ਉਹ ਉਹਦੇ ਨਾਲ ਜ਼ਮੀਨ ਜਾਇਦਾਦ ਦੀ ਕੋਈ ਗੱਲ ਨਹੀਂ ਕਰਦਾ ਸੀ। ਪਰਤਾਪੀ ਨੂੰ ਲਗਦਾ ਜਿਵੇਂ ਉਹ ਉਹਦੇ ਕੋਲ ਉਲਾਂਭਾ ਜਿਹਾ ਲਾਉਣ ਆਉਂਦਾ ਹੋਵੇ। ਜ਼ਰੂਰੀ ਜਿਹਾ ਸਮਝ ਕੇ। ਨਹੀਂ ਤਾਂ ਉਹਨਾਂ ਵਿਚ ਪਤੀ-ਪਤਨੀ ਵਾਲਾ ਉਹ ਅਹਿਸਾਸ ਨਹੀਂ ਰਹਿ ਗਿਆ ਸੀ। ਚੰਦ ਕੁਰ ਨੇ ਪਰਤਾਪੀ

ਨੂੰ ਸਦਾ ਵਾਸਤੇ ਖੋਹ ਲਿਆ ਸੀ। ਉਹ ਤਾਂ ਚੰਦ ਕੁਰ ਦਾ ਹੀ ਬਣ ਚੁੱਕਿਆ ਸੀ

ਸਾਰੇ ਦਾ ਸਾਰਾ। ਪਰਤਾਪੀ ਕੋਲ ਤਾਂ ਇੰਝ ਆਉਂਦਾ ਜਿਵੇਂ ਉਧਾਰਾ ਆਉਂਦਾ ਹੋਵੇ।"[9]

ਮਰਦ ਪ੍ਰਧਾਨ ਸਮਾਜ ਵਿਚ ਜਾਗੀਰਦਾਰੀ ਸੋਚ ਭਾਰੂ ਹੋ ਗਈ ਹੈ ਹੁਣ ਦਿਲਾਂ ਦੀ ਸਾਂਝ ਖਤਮ ਹੁੰਦੀ ਜਾ ਰਹੀ ਹੈ ਅਤੇ ਆਰਥਿਕ ਸਥਿਤੀ ਮਜ਼ਬੂਤ ਕਰਨ ਦੀ ਬਿਰਤੀ ਭਾਰੂ ਹੁੰਦੀ ਜਾ ਰਹੀ ਹੈ। ਕਿਉਂਕਿ ਪੰਜਾਬ ਦੀ ਛੋਟੀ ਅਤੇ ਵੱਡੀ ਕਿਸਾਨੀ ਵਿਚ ਆਰਥਿਕਤਾ ਦਾ ਧੁਰਾ ਜ਼ਮੀਨ ਹੀ ਮੰਨੀ ਜਾਂਦੀ ਹੈ। "ਜ਼ਮੀਨ ਉਸ ਦੀ ਆਰਥਿਕਤਾ ਦੀ ਨੀਂਹ ਹੋਣ ਕਰਕੇ ਉਸਦੇ ਹਰ ਰਿਸ਼ਤੇ, ਸਭ ਸਭਿਆਚਾਰਕ ਕੀਮਤਾਂ ਪ੍ਰਤਿਮਾਨਾਂ, ਸਭ ਨੈਤਿਕ ਗੁਣਾਂ ਅਤੇ ਧਾਰਮਿਕ ਰੀਤਾਂ, ਉਸਦੇ ਰਾਜਨੀਤਿਕ ਵਿਚਾਰਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਸਾਮੰਤੀ ਸੋਚ ਅਨੁਸਾਰ ਜੱਟ ਲਈ ਜ਼ਮੀਨ ਪ੍ਰਮੁੱਖ ਹੈ, ਰਿਸ਼ਤੇ-ਨਾਤੇ, ਭਾਈਚਾਰਾ, ਦੋਸਤੀ, ਪਿਆਰ-ਮਹੁੱਬਤ, ਆਦਿ ਬਾਕੀ ਸਭ/ਪ੍ਰਤਿਮਾਨ ਗੌਣ ਹਨ। ਜ਼ਮੀਨ ਨੂੰ ਬਚਾਉਣ ਹਥਿਆਉਣ ਲਈ ਉਹ ਨੀਚ ਤੋਂ ਨੀਚ ਕੰਮ ਕਰਨ ਤੋਂ ਗਰੇਜ਼ ਨਹੀਂ ਕਰਦਾ।"[10] ਪਰਤਾਪੀ ਜ਼ਮੀਨ ਵਿਹੂਣੀ ਇਸਤਰੀ ਸੀ ਜਿਸ ਕਾਰਨ ਉਸ ਦੀ ਪੁੱਛ ਦੱਸ ਘੱਟ ਸੀ। ਪਰਤਾਪੀ ਕੋਲ ਗੁਜ਼ਾਰੇ ਦਾ ਕੋਈ ਸਾਧਨ ਨਾ ਰਹਿ ਗਿਆ। ਪਤੀ ਤਾਂ ਪਹਿਲਾਂ ਹੀ ਉਸ ਦਾ ਸਾਥ ਛੱਡ ਚੁੱਕਾ ਸੀ ਬੁਢਾਪੇ ਦੀ ਲਾਠੀ ਸਮਝੇ ਜਾਂਦੇ ਪੁੱਤਾਂ ਕੋਲੋਂ ਵੀ ਉਸ ਨੂੰ ਕੋਈ ਆਸ-ਉਮੀਦ ਨਾ ਰਹੀ। ਫਲਸਰੂਪ ਪਰਤਾਪੀ ਦੀ ਆਰਥਿਕ ਸਥਿਤੀ ਬਹੁਤ ਕਮਜ਼ੋਰ ਹੋ ਗਈ। ਉਸ ਕੋਲ ਆਮਦਨੀ ਦਾ ਕੋਈ ਸਾਧਨ ਨਹੀਂ ਸੀ। ਕੋਈ ਉਸ ਦੀ ਸਾਰ ਨਾ ਲੈਂਦਾ ਕਿੰਨੇ ਹੀ ਦਿਨ ਉਹ ਪੇਕੇ ਰਹਿ ਆਉਂਦੀ ਪਰ ਗੱਜਣ ਜਾਂ ਉਸ ਦੇ ਬੱਚਿਆਂ ਨੇ ਕਦੀ ਉਸ ਦੀ ਪਰਵਾਹ ਨਹੀਂ ਕੀਤੀ ਸੀ;

"ਪਰਤਾਪੀ ਨੂੰ ਲੈਣ ਕੋਈ ਨਾ ਜਾਂਦਾ। ਉਹ ਆਪਣੇ-ਆਪ ਹੀ ਕਦੇ

ਮਹਿਲਾਂ ਜਾਂਦੀ ਤੇ ਇਕੱਲੀ ਹੀ ਮੁੜ ਆਉਂਦੀ। ਮਹਿਲਾਂ ਵਲੋਂ ਉਹ

ਇਕ ਤਰ੍ਹਾਂ ਨਾਲ ਸਾਰੀ ਉਮਰ ਹੀ ਨਿਰਾਦਰੀ ਰਹੀ।"[11]

ਕਿਸਾਨ ਪਰਿਵਾਰ ਦੇ ਆਰਥਿਕ ਦੁਖਾਂਤ ਦੇ ਅੰਤਰਗਤ ਇਸਤਰੀ ਹੋ ਰਹੀ ਮੰਦਹਾਲੀ ਨੂੰ ਅਣਖੀ ਨੇ ਆਪਣੇ ਇਸ ਨਾਵਲ ਰਾਹੀਂ ਪਾਸਾਰ ਦਿੱਤਾ ਹੈ। ਰਿਸ਼ਤਿਆਂ ਦੀ ਤਸਵੀਰ ਵੀ ਨਾਵਲਕਾਰ ਨੇ ਬੜੀ ਸੁੰਦਰ ਉਘਾੜੀ ਹੈ। ਮਰਦ ਜੋ ਘਰ ਦਾ ਧੁਰਾ ਹੁੰਦਾ ਹੈ ਜਿਸ ਦੇ ਉੱਪਰ ਘਰ ਦੀ ਤੀਵੀਂ ਸਭ ਤਰ੍ਹਾਂ ਨਾਲ ਨਿਰਭਰ ਹੁੰਦੀ ਹੈ। ਔਰਤ ਦੀ ਛੋਟੀ ਤੋਂ ਛੋਟੀ ਜ਼ਰੂਰਤ ਵੀ ਮਰਦ ਹੀ ਪੂਰੀ ਕਰਦਾ ਹੈ। ਪਰਤਾਪੀ ਇਨਾਂ ਸਭ ਸਹੂਲਤਾਂ ਤੋਂ ਵਾਂਝੀ ਰਹਿ ਜਾਂਦੀ ਹੈ। ਉਸ ਕੋਲ ਪੈਸਾ-ਟਕਾ ਨਾ ਹੋਣ ਕਾਰਨ ਆਪਣੇ ਹੀ ਬੱਚਿਆਂ ਦੇ ਵਿਆਹ ਵਿਚ ਉਸ ਦੀ ਪੁੱਛ-ਦੱਸ ਨਹੀਂ ਹੁੰਦੀ ਹੋਰਨਾਂ ਪ੍ਰਹੋਣਿਆਂ ਵਾਂਗ ਉਹ ਵੀ ਘਰ ਵਿਚ ਪ੍ਰੋਹਣੀ ਹੀ ਪ੍ਰਤੀਤ ਹੁੰਦੀ ਹੈ। ਨਿਮਨ ਕਿਸਾਨੀ ਵਿਚ ਧੀ ਦਾ ਵਿਆਹ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ। ਕਿਸਾਨ ਪੂਰੀ ਜ਼ਿੰਦਗੀ ਮਿਹਨਤ ਕਰਨ ਦੇ ਬਾਵਜੂਦ ਵੀ ਧੀ ਦੇ ਵਿਆਹ ਸਮੇਂ ਆਰਥਿਕ ਤੰਗੀਆਂ ਕਾਰਨ ਟੁੱਟ ਜਾਂਦਾ ਹੈ। ਧੀ ਦਾ ਵਿਆਹ ਕਰਨਾ ਬਾਪ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਪਰਤਾਪੀ ਇਕ ਅਜਿਹੀ ਔਰਤ ਹੈ ਜਿਸ ਨੂੰ

ਆਪਣੀ ਧੀ ਦੇ ਵਿਆਹ ਦਾ ਦੁੱਖ ਦਿਨੋਂ ਦਿਨ ਸਤਾ ਰਿਹਾ ਹੈ। ਪਤੀ ਵੀ ਉਸ ਦਾ ਸਾਥ ਛੱਡ ਦਿੰਦਾ ਹੈ ਅਤੇ ਖੁਦ ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਜਿਸ ਨਾਲ ਉਹ ਆਪਣੀ ਧੀ ਨੂੰ ਦਰੋਂ ਠਾਲ ਸਕੇ। ਦਿਨੋਂ ਦਿਨ ਜਵਾਨ ਹੁੰਦੀ ਜਾ ਰਹੀ ਧੀ ਦਾ ਫਿਕਰ ਉਸ ਨੂੰ ਸਤਾਉਂਦਾ। ਗੱਜਣ ਜਦੋਂ ਵੀ ਕਦੇ ਅੰਦਰਲੇ ਘਰ ਆਉਂਦਾ ਤਾਂ ਪਰਤਾਪੀ ਉਸ ਨਾਲ ਬੀਬੋ ਦੇ ਵਿਆਹ ਦੀ ਗੱਲ ਤੋਰਦੀ ਪਰ ਉਹ ਹਮੇਸ਼ਾ ਟਾਲ-ਮਟੋਲ ਕਰਦਾ। ਬਹੁਤ ਮਿੰਨਤਾਂ ਦੇ ਬਾਅਦ ਜਦੋਂ ਗੱਜਣ ਬੀਬੋ ਦਾ ਵਿਆਹ ਧਰਦਾ ਹੈ ਤਾਂ ਪਰਤਾਪੀ ਦੇ ਹੱਥ-ਪੱਲੇ ਕੁੱਝ ਨਾ ਹੋਣ ਕਾਰਨ ਉਹ ਫਿਰ ਲਾਚਾਰ ਦਿਖਾਈ ਦਿੰਦੀ ਹੈ। ਚੰਦ ਕੁਰ ਜੋ ਜ਼ਮੀਨ ਦੀ ਮਾਲਕਣ ਹੈ ਅਤੇ ਘਰ ਦਾ ਸਾਰਾ ਪੈਸਾ ਧੇਲਾ ਉਸ ਦੇ ਹੱਥ ਵਿਚ ਹੈ ਵਿਆਹ ਵਿਚ ਵੀ ਉਸੇ ਦੀ ਮਰਜ਼ੀ ਚੱਲਦੀ ਹੈ। ਪਰਤਾਪੀ ਨੂੰ ਕਿਸੇ ਸ਼ਗਨ ਵਿਹਾਰ ਬਾਰੇ ਨਹੀਂ ਪੁੱਛਿਆ ਜਾਂਦਾ। ਉਸ ਤੋਂ ਪਹਿਲਾ ਵੀ ਗੁਰਦੇਵ ਦੇ ਵਿਆਹ ਸਮੇਂ ਵੀ ਪਰਤਾਪੀ ਨਾਲ ਇਹੋ ਬੀਤੀ। ਉਹ ਮਾਂ ਵਾਲੇ ਸ਼ਗਨ ਕਰਨ ਲਈ ਤਰਸਦੀ ਰਹੀ ਪਰ ਚੰਦ ਕੁਰ ਨੇ ਉਸ ਨੂੰ ਕੋਈ ਮੌਕਾ ਹੀ ਨਾ ਦਿੱਤਾ’

> “ਹੁਣ ਸ਼ਗਨ ਕਰਨ ਦੀ ਵਾਰੀ ਸੀ ਮੁੰਡੇ ਵਾਲਿਆਂ ਦੀ। ਸਭ ਤੋਂ ਪਹਿਲਾਂ ਮਾਂ ਨੇ ਸ਼ਗਨ ਕਰਨਾ ਸੀ। ਪਰਤਾਪੀ ਤਿਆਰ ਖੜ੍ਹੀ ਸੀ। ਉਡੀਕਦੀ ਸੀ ਕਿ ਉਹਨੂੰ ਕੋਈ ਸ਼ਗਨ ਪਾਉਣ ਲਈ ਕਹੇ। ਉਹ ਜੱਕੋ-ਤੱਕੀ ਵਿਚ ਗੁਰਦੇਵ ਦੇ ਮੂੰਹ ਵੱਲ ਝਾਕ ਰਹੀ ਸੀ। ਚੰਦ ਕੁਰ ਫੇਰੋ ਵਿਚੋਂ ਕਿਧਰੋਂ ਦੀ ਆ ਕੇ ਗੁਰਦੇਵ ਨੂੰ ਸ਼ਗਨ ਕਰ ਗਈ। ਮੂੰਹ ਨੂੰ ਗੁੜ ਦੀ ਰੋੜੀ ਲਾਈ।”[12]

ਉਪਰੋਕਤ ਬਿਰਤਾਂਤ ਇਹ ਸਿੱਧ ਕਰਦਾ ਹੈ ਕਿ ਕਿਸਾਨੀ ਸਭਿਆਚਾਰ ਵਿਚ ਰਿਸ਼ਤਿਆਂ ਨਾਲੋਂ ਵੀ ਜ਼ਿਆਦਾ ਤਰਜ਼ੀਹ ਪੈਸੇ ਨੂੰ ਹੈ। ਇਸ ਦੀ ਇਹ ਪ੍ਰਤੱਖ ਉਦਾਹਰਨ ਹੈ ਕਿ ਮਾਂ ਜੋ ਪੁੱਤ ਨੂੰ ਲਾਡਾਂ ਅਤੇ ਪਿਆਰ ਨਾਲ ਪਾਲਦੀ ਹੈ ਅਤੇ ਉਸ ਦੇ ਵਿਆਹ ਸੰਬੰਧੀ ਸੁਪਨੇ ਸਜਾਉਂਦੀ ਹੈ। ਇਸੇ ਤਰ੍ਹਾਂ ਦੇ ਅਰਮਾਨ ਕੁੱਝ ਪਰਤਾਪੀ ਦੇ ਵੀ ਹੋਣਗੇ ਜੋ ਕਿ ਪੂਰੇ ਨਾ ਹੋ ਸਕੇ। ਜਾਗੀਰਦਾਰੀ ਸਮਾਜ ਵਿਚ ਰਿਸ਼ਤਿਆਂ ਦਾ ਘਾਣ ਇਸ ਹੱਦ ਤੱਕ ਤੱਕ ਹੋ ਗਿਆ ਹੈ ਕਿ ਅੱਜ ਸਾਡੇ ਉੱਪਰ ਪੈਸਾ ਭਾਰੂ ਹੋ ਗਿਆ ਹੈ। ਸਮਾਜ ਵਿਚ ਉਸੇ ਦਾ ਮੁੱਲ ਪੈਂਦਾ ਹੈ ਜਿਸ ਕੋਲ ਦਮੜੀ ਹੈ। ਚੰਦ ਕੁਰ ਸਕੀ ਮਾਂ ਵੀ ਨਹੀਂ ਪਰ ਉਸ ਕੋਲ ਪੈਸਾ ਹੈ ਜਿਸ ਕਾਰਨ ਉਸ ਨੇ ਪੂਰੇ ਘਰ ਨੂੰ ਆਪਣੇ ਵੱਸ ਵਿਚ ਕਰਕੇ ਰੱਖਿਆ ਹੈ। ਘਰ ਦਾ ਹਰ ਨਿੱਕੇ ਤੋਂ ਨਿੱਕਾ ਕੰਮ ਵੀ ਉਸ ਦੀ ਸਲਾਹ ਤੋਂ ਬਗੈਰ ਨਹੀਂ ਕੀਤਾ ਜਾਂਦਾ। ਪਰਤਾਪੀ ਮਾਂ ਹੋ ਕੇ ਵੀ ਮਾਂ ਵਾਲੇ ਸ਼ਗਨ ਨਾ ਕਰ ਸਕੀ ਜਿਸ ਦਾ ਕਾਰਨ ਸਿਰਫ਼ ਇਹ ਹੀ ਹੈ ਕਿ ਉਸ ਕੋਲ ਜ਼ਮੀਨ ਜਾਂ ਪੈਸਾ ਨਹੀਂ। ਅਸਲ ਵਿਚ ਇਸ ਮੂਲ ਕਥਾ ਨੂੰ ਪੇਸ਼ ਕਰਨ ਦਾ ਮੁੱਖ ਮਕਸਦ ਹੈ ਕਿ ਜਾਗੀਰਦਾਰੀ ਸਮਾਜ ਵਿਚ ਵਿਆਹ ਸੰਸਥਾ ਉੱਪਰ ਆਲੋਚਨਾਤਮਕ ਟਿੱਪਣੀ ਪੇਸ਼ ਕਰਨਾ ਹੈ। “ਕਿਸਾਨੀ ਵਿਚ ਮਨੁੱਖੀ ਸ਼ਕਤੀ ਦੀ ਲੋੜ ਹੋਣ ਕਰਕੇ ਅਤੇ ਜਾਇਦਾਦ ਦੇ ਮਰਦ ਨਾਲ ਸੰਬੰਧਿਤ ਹੋਣ ਕਰਕੇ ਔਰਤ ਨੂੰ ਮਰਦ ਦੇ ਮੁਕਾਬਲੇ ਹੀਣੀ ਸਮਝਿਆ ਜਾਂਦਾ ਰਿਹਾ ਹੈ।”[13] ਜੱਟ ਜ਼ਮੀਨ ਦੇ ਵੰਡੇ ਪੈਣ ਦੇ ਡਰ ਤੋਂ ਕਈ ਵਾਰ

ਇਕੋ ਹੀ ਔਰਤ ਨਾਲ ਕਈ ਭਰਾ ਵਿਆਹ ਕਰਵਾ ਲੈਂਦੇ ਸਨ। ਔਰਤ ਦਾ ਹਾਣ ਜਾਂ ਉਸ ਦੀ ਤਮੰਨਾ ਦੇਖੇ ਬਗੈਰ ਹੀ ਜ਼ਮੀਨ ਦੇ ਲੜ ਧੀ ਲਾ ਦਿੱਤੀ ਜਾਂਦੀ ਸੀ। ਜਾਗੀਰਦਾਰੀ ਸਮਾਜ ਵਿਚ ਜ਼ਿਆਦਾ ਜ਼ਮੀਨ ਹੋਣਾ ਵੱਡੇ ਰੁਤਬੇ ਦਾ ਪ੍ਰਤੀਕ ਸੀ ਇਸੇ ਸ਼ਾਨ ਦੀ ਖਾਤਿਰ ਕਈ ਧੀਆਂ ਦੀ ਜ਼ਿੰਦਗੀ ਤਬਾਹ ਹੁੰਦੀ ਵੇਖੀ ਜਾ ਸਕਦੀ ਹੈ।

ਧੀ ਦੇ ਵਿਆਹ ਤੋਂ ਬਾਅਦ ਮਾਂ-ਬਾਪ ਦੀ ਜ਼ਿੰਮੇਵਾਰੀ ਘੱਟਦੀ ਨਹੀਂ ਸਗੋਂ ਹੋਰ ਵੱਧ ਜਾਂਦੀ ਹੈ। ਪੇਂਡੂ ਸਭਿਆਚਾਰ ਵਿਚ ਧੀ ਦੇ ਸੁਹਰਿਆਂ ਨੂੰ ਖੁਸ਼ ਕਰਨ ਵਾਸਤੇ ਕੁੜੀ ਵਾਲੇ ਹਰ ਕੋਸ਼ਿਸ਼ ਕਰਦੇ ਹਨ। ਧੀ ਦੇ ਘਰ ਭਰਨ ਲਈ ਕਈ ਵਾਰ ਉਹ ਆਪਣੀ ਗੁਜਾਇਸ਼ ਤੋਂ ਵੱਧ ਹੀ ਖਰਚਾ ਕਰਦੇ ਹਨ ਤਾਂ ਜੋ ਉਨ੍ਹਾਂ ਦੀ ਧੀ ਦੀ ਸੁਹਰੇ ਪਰਿਵਾਰ ਵਿਚ ਇੱਜ਼ਤ ਬਣੀ ਰਹੇ। ਗ੍ਰਾਮੀਣ-ਸੰਸਕ੍ਰਿਤੀ ਵਿਚ ਰਿਸ਼ਤਾ-ਨਾਤਾ ਪ੍ਰਣਾਲੀ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸੇ ਰਿਸ਼ਤੇ-ਨਾਤੇ ਦੇ ਸੰਬੰਧਾਂ ਨੂੰ ਗੂੜਾ ਕਰਨ ਵਾਸਤੇ ਪਰਤਾਪੀ ਚਾਹੁੰਦੀ ਹੈ ਗੱਜਣ ਉਸ ਦੀ ਧੀ ਬੀਬੋ ਦੇ ਸੁਹਰੀ ਜਾ ਕੇ ਉਸ ਦੇ ਜਣੇਪੇ ਵਾਸਤੇ ਲੈ ਕੇ ਆਵੇ ਜਿਸ ਬਾਰੇ ਪਰਤਾਪੀ ਉਸ ਨਾਲ ਕਈ ਵਾਰ ਗੱਲ ਕਰ ਚੁੱਕੀ ਹੈ। ਪਰ ਗੱਜਣ ਹਮੇਸ਼ਾ ਹੀ ਟਾਲਦਾ ਰਹਿੰਦਾ ਕਿਉਂਕਿ ਉਹ ਬੀਬੋ ਦੇ ਜਣੇਪੇ ਉੱਪਰ ਹੋਣ ਵਾਲੇ ਖਰਚੇ ਤੋਂ ਡਰਦਾ ਸੀ। ਪਰਤਾਪੀ ਆਪਣੀ ਧੀ ਲਈ ਤਰਸ ਰਹੀ ਸੀ ਅਤੇ ਉਸ ਨੂੰ ਆਪਣੇ ਕੋਲ ਲੈ ਕੇ ਆਉਣਾ ਚਾਹੁੰਦੀ ਪਰ ਉਹ ਵਿਚਾਰੀ ਇੱਕਲੀ ਤੀਵੀਂ ਦੂਜਾ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਅਜਿਹਾ ਕਰਨ ਤੋਂ ਡਰਦੀ ਸੀ। ਗੱਜਣ ਚੰਦ ਕੁਰ ਕੋਲੋ ਡਰਦਾ ਪਰਤਾਪੀ ਨਾਲ ਬੀਬੋ ਨੂੰ ਲੈ ਕੇ ਆਉਣ ਦੀ ਕੋਈ ਗੱਲ ਨਾ ਕਰਦਾ। ਇੱਕ ਦਿਨ ਪਰਤਾਪੀ ਨੇ ਅੱਕ ਕੇ ਗੱਜਣ ਨੂੰ ਬੀਬੋ ਨੂੰ ਜੋਗੀਪੁਰ ਲੈ ਕੇ ਆਉਣ ਵਾਸਤੇ ਕਿਹਾ ਤਾਂ ਗੱਜਣ ਨੇ ਵੀ ਬੇਬੱਸੀ ਹੀ ਪ੍ਰਗਟਾਈ ਕਿਉਂਕਿ ਸਭ ਕਾਸੇ ਦੀ ਮਾਲਕਣ ਚੰਦ ਕੁਰ ਸੀ ਅਤੇ ਉਸ ਦੀ ਸਲਾਹ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ ਸੀ। ਉਸ ਨੇ ਜਦੋਂ ਪਰਤਾਪੀ ਨੂੰ ਚੰਦ ਕੁਰ ਨਾਲ ਬੀਬੋ ਨੂੰ ਲੈ ਕੇ ਆਉਣ ਦੀ ਗੱਲ ਕੀਤੀ ਤਾਂ ਪਰਤਾਪੀ ਅੱਗ ਬਬੂਲਾ ਹੋ ਉੱਠੀ;

> "ਚੰਦ ਕੁਰ ਦਾ ਨਾ ਸੁਣ ਕੇ ਪਰਤਾਪੀ ਨੇ ਪੱਟਾਂ ਉੱਤੇ ਦੁਹੱਥੜ ਮਾਰਿਆ
> ਬੇਦਿਲ ਹੋ ਕੇ ਥੱਲੇ ਬੈਠ ਗਈ। ਮਰਿਆ-ਮਰਿਆ ਬੋਲ ਕੱਢਿਆ- 'ਹਾਏ
> ਵੇ, ਅਜੇ ਸਲਾਹ ਕਰੇਂਗਾ'।"[14]

ਅਣਖੀ ਦੇ ਨਾਵਲਾਂ ਦੀ ਇਕ ਵਿਸ਼ੇਸ਼ਤਾ ਹੈ ਕਿ ਉਹ ਉਪਰੋਕਤ ਵੇਰਵਿਆ ਰਾਹੀਂ ਲੋਕ-ਮਾਨਸਿਕਤਾ ਅਤੇ ਘੱਟ ਰਹੇ ਰਿਸ਼ਤਿਆਂ ਦੇ ਮੋਹ ਨੂੰ ਯਥਾਰਥਮਈ ਢੰਗ ਨਾਲ ਬਿਆਨ ਕਰਦਾ ਹੈ। ਪਰਤਾਪੀ ਵਿਚਲਾ ਸਮੁੱਚਾ ਬਿਰਤਾਂਤ ਮਨੁੱਖੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਪੂੰਜੀਵਾਦੀ ਕਦਰਾਂ-ਕੀਮਤਾਂ ਨੂੰ ਬਿਆਨ ਕਰਦਾ ਹੈ। ਨਾਵਲ ਵਿਚ ਚੰਦ ਕੁਰ ਬੇਸ਼ੱਕ ਗੱਜਣ ਦੇ ਬੱਚਿਆਂ ਦੀ ਮਾਂ ਵੀ ਨਹੀਂ ਹੈ ਪਰ ਮਾਂ ਵਾਲੇ ਸਾਰੇ ਅਧਿਕਾਰ ਉਸੇ ਕੋਲ ਹੈ। ਪਰਤਾਪੀ ਮਾਂ ਹੋ ਕੇ ਵੀ ਲਾਚਾਰ ਹੈ ਇਹ ਸਭ ਜ਼ਮੀਨਾਂ ਦਾ ਖੇਲ ਹੈ। ਪਰਤਾਪੀ ਬੀਬੋ ਨੂੰ ਆਪਣੇ ਕੋਲ ਲੈ ਆਉਂਦੀ ਹੈ ਪਰ ਜਿਵੇਂ-ਜਿਵੇਂ ਉਸ ਦੇ

ਜਣੇਪੇ ਦੇ ਦਿਨ ਨੇੜੇ ਆਈ ਜਾਂਦੇ ਪਰਤਾਪੀ ਨੂੰ ਫਿਕਰ ਸਤਾਉਂਣ ਲੱਗਦਾ ਇਹ ਫਿਕਰ ਧੀ ਦੇ ਜਣੇਪੇ ਨਾਲੋਂ ਵੱਧ ਉਸ ਉੱਪਰ ਹੋਣ ਵਾਲੇ ਖਰਚੇ ਲਈ ਜ਼ਿਆਦਾ ਸੀ। ਗੱਜਣ ਪਰਤਾਪੀ ਨੂੰ ਖਰਚਾ ਤਾਂ ਦਿੰਦਾ ਪਰ ਮਸਾਂ ਹੀ ਗੁਜ਼ਾਰੇ ਜੋਗਾ। ਬੀਬੋ ਦੇ ਲਈ ਵੀ ਉਹ ਬਹੁਤ ਘੱਟ ਖਰਚਾ ਦੇ ਕੇ ਗਿਆ ਜਿਸ ਨੂੰ ਦੇਖ ਕੇ ਪਰਤਾਪੀ ਦਾ ਧਰਾਸ ਹੋਰ ਵੀ ਟੁੱਟ ਜਾਂਦਾ ਹੈ;

> "ਪਰਤਾਪੀ ਨੇ ਗੱਲ ਚਿਤਾਰੀ। ਨੋਟ ਤਾਂ ਫੜਾ ਗਿਆ, ਪਰ ਕਿਹੜੀ ਕੀਤੀ ਗੱਲ ਕੋਈ? ਉਹਨੇ ਉਹਲੇ ਵਿਚ ਕਿਧਰੇ ਨੋਟ ਜ਼ਰੂਰ ਗਿਣੇ ਹੋਣਗੇ। ਉਹਨੇ ਮਨ ਨਾਲ ਹੀ ਝੇੜਾ ਕੀਤਾ-ਜੇ ਭਲਾਂ ਕੋਈ ਅਹੁਟਾ ਪੈ ਗਿਆ, ਕੁੜੀ ਨੂੰ ਮੰਡੀ ਲਿਜਾਣਾ ਪਿਆ ਤਾਂ ਇਹ ਨੋਟ ਕੁਝ ਵੀ ਨਹੀਂ। ਡਾਕਟਰਨੀ ਮੂੰਹ ਪਾੜ ਕੇ ਜਿੰਨੇ ਮਰਜੀ ਮੰਗ ਲਵੇ। ਅਜਿਹੇ ਵਖਤ ਉਹ ਕਿੱਥੇ ਭਾਲਦੀ ਫਿਰੇਗੀ ਗੱਜਣ ਨੂੰ। ਇਕ ਰੁਪਈਏ ਦੇ ਗਿਆ ਬੱਸ। ਹੋਰ ਗੱਲ-ਗਰਬਤ ਵੀ ਕੀਤੀ ਹੁੰਦੀ।"[15]

ਕਿਸਾਨੀ ਵਰਗ ਦੇ ਪਿਛੋਕੜ ਵਿਚ ਜਾਗੀਰਦਾਰੀ ਵਿਵਸਥਾ ਕੰਮ ਕਰਦੀ ਹੈ। ਅਜਿਹਾ ਨਹੀਂ ਹੈ ਕਿ ਗੱਜਣ ਦੀ ਆਰਥਿਕ ਹਾਲਤ ਮਾੜੀ ਹੀ ਬਲਕਿ ਉਹ ਤਾਂ ਐਸ਼ ਵਾਲੀ ਜ਼ਿੰਦਗੀ ਬਤੀਤ ਕਰਦਾ ਖੁਦ ਲਈ ਉਸ ਨੇ ਹਰ ਇਕ ਸੁਵਿਧਾ ਦਾ ਪ੍ਰਬੰਧ ਕੀਤਾ ਹੈ। ਚੰਦ ਕੁਰ ਖੁੱਲ੍ਹਾਂ ਖਰਚਾ ਕਰਦੀ ਹੈ। ਪਰਤਾਪੀ ਵਾਸਤੇ ਖਰਚਾ ਕਰਨ ਤੋਂ ਉਹ ਹਮੇਸ਼ਾ ਹੀ ਗੁਰੇਜ਼ ਕਰਦਾ ਹੈ। "ਸਰਮਾਏਦਾਰੀ ਵਿਵਸਥਾ ਵਿਚ ਵਿਅਕਤੀਗਤ ਹੋਂਦ ਅਤੇ ਸਰੋਕਾਰ ਕੁਝ ਵਧੇਰੇ ਮਹੱਤਵਪੂਰਨ ਹੋ ਜਾਂਦੇ ਹਨ ਜਿਸ ਕਰਕੇ ਇਸ ਵਿਵਸਥਾ ਅਧੀਨ ਵਿਚਰਨ ਵਾਲੇ ਔਰਤ-ਮਰਦ ਅੰਦਰ ਆਰਥਿਕ ਹਿੱਤਾਂ ਦੇ ਨਾਲ ਨਾਲ ਹੋਂਦ-ਮੂਲਕ ਮਸਲੇ ਵੀ ਉਭਰਨ ਲੱਗਦੇ ਹਨ।"[16] ਪਰਤਾਪੀ ਅਤੇ ਗੱਜਣ ਅੰਦਰ ਸੰਬੰਧਾਂ ਦਾ ਅਸਵਾਪਨ ਆ ਜਾਂਦਾ ਹੈ। ਜਾਗੀਰਦਾਰੀ ਸਮਾਜ ਦੀ ਸੋਚ ਅਨੁਸਾਰ ਗੱਜਣ ਪਰਤਾਪੀ ਨਾਲ ਸਰੀਰਿਕ ਸੰਬੰਧ ਬਣਾਉਣ ਵਾਸਤੇ ਤਾਂ ਉਸ ਕੋਲ ਆ ਜਾਂਦਾ ਹੈ ਪ੍ਰੰਤੂ ਉਸ ਦੀਆਂ ਹੋਰ ਜ਼ਰੂਰਤਾਂ ਬਾਰੇ ਉਸ ਨੇ ਕਦੀ ਜਾਨਣ ਦੀ ਕੋਸ਼ਿਸ ਹੀ ਨਹੀਂ ਕੀਤੀ। ਬੀਬੋ ਦੇ ਮੁੰਡਾ ਹੁੰਦਾ ਹੈ ਜੋ ਕਿ ਖੁਸ਼ੀ ਵਾਲੀ ਗੱਲ ਸੀ ਪਰ ਪਰਤਾਪੀ ਲਈ ਇਹ ਵੀ ਦੁੱਖ ਬਣ ਜਾਂਦਾ ਹੈ। ਉਹ ਚਾਹੁੰਦੀ ਹੈ ਕਿ ਬੀਬੋ ਦੋ ਭਰਾਵਾਂ ਦੀ ਇਕੱਲੀ ਭੈਣ ਹੈ ਜ਼ਮੀਨ ਜਾਇਦਾਦ ਵਿਚ ਉਸ ਦਾ ਵੀ ਬਰਾਬਰ ਦਾ ਹੱਕ ਹੈ। ਇਸ ਕਰਕੇ ਉਸ ਨੂੰ ਸੁਹਰੇ ਤੋਰਨ ਤੋਂ ਪਹਿਲਾਂ ਸ਼ੂਸ਼ਕ ਦਿੱਤਾ ਜਾਵੇ। ਉਸ ਦਾ ਬੱਸ ਚੱਲੇ ਤਾਂ ਉਹ ਦੁਨੀਆਂ ਭਰ ਦੀਆਂ ਸੋਗਾਤਾਂ ਆਪਣੀ ਧੀ ਉਤੋਂ ਦੀ ਵਾਰ ਦੇਵੇ ਪ੍ਰੰਤੂ ਉਹ ਇੱਥੇ ਵੀ ਲਾਚਾਰ ਹੈ। ਕਿਉਂਕਿ ਪੈਸੇ ਧੇਲੇ ਲਈ ਉਹ ਅੱਜ ਵੀ ਗੱਜਣ ਉੱਪਰ ਹੀ ਨਿਰਭਰ ਹੈ। ਬੀਬੋ ਨੂੰ ਵੀ ਆਪਣੇ ਬਾਪ 'ਤੇ ਬਹੁਤ ਮਾਣ ਸੀ ਜੋ ਉਸ ਸਮੇਂ ਟੁੱਟ ਜਾਂਦਾ ਹੈ ਜਦੋਂ ਉਹ ਸਾਲ ਭਰ ਦਾ ਮੁੰਡਾ ਲੈ ਕੇ ਸ਼ੂਸ਼ਕ ਤੋਂ ਬਗੈਰ ਹੀ ਆਪਣੇ ਸੁਹਰੇ ਤੁਰ ਜਾਂਦੀ ਹੈ। ਇਹ ਗੱਲ ਪਰਤਾਪੀ ਦੇ ਦਿਲ ਵਿਚ ਘਰ ਕਰ ਗਈ;

"ਬੀਬੋ ਨੂੰ ਸ਼ੂਸ਼ਕ ਨਾ ਮਿਲਣ ਕਰਕੇ ਪਰਤਾਪੀ ਦੇ ਮਨ ਵਿਚ ਗੰਢ ਪੈਦਾ ਹੋ ਗਈ। ਇਹ ਉਹਦੀ ਬਹੁਤ ਵੱਡੀ ਬੇਇਜ਼ੱਤੀ ਸੀ। ਮਲਕਪੁਰ ਵਾਲਿਆਂ ਦੀ ਵੀ ਬੇਇਜ਼ੱਤੀ ਸੀ। ਗੱਜਣ ਨੂੰ ਤਾਂ ਜਿਵੇਂ ਕੁਝ ਯਾਦ ਹੀ ਨਾ ਹੋਵੇ। ਜਿਵੇਂ ਇਹ ਬਾਹਰਲੇ ਘਰ ਦਾ ਕੋਈ ਮਸਲਾ ਨਾ ਹੋਵੇ। ਉਹਨਾਂ ਦਾ ਤਾਂ ਖਰਚ ਬਚਿਆ ਹੋਇਆ ਸੀ।"[17]

ਪਰਤਾਪੀ ਨੂੰ ਆਰਥਿਕ ਤੰਗੀਆਂ ਹੰਢਾ ਕੇ ਹੀ ਪਤਾ ਚੱਲਦਾ ਹੈ ਕਿ ਉਸ ਦੀ ਪੁੱਛ-ਦੱਸ ਸਿਰਫ਼ ਜ਼ਮੀਨ ਕਰਕੇ ਹੀ ਹੋਣੀ ਹੈ। ਉਹ ਇਸ ਯਥਾਰਥ ਤੋਂ ਜਾਣੂ ਹੋ ਜਾਂਦੀ ਹੈ ਕਿ ਚੰਦ ਕੁਰ ਦੀ ਘਰ ਵਿਚ ਚੌਧਰ ਸਿਰਫ਼ ਜ਼ਮੀਨ ਕਾਰਨ ਹੈ ਅਤੇ ਪਰਤਾਪੀ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਜਿੰਨਾਂ ਚਿਰ ਉਹ ਆਪਣੇ ਹਿੱਸੇ ਆਉਂਦੀ ਜ਼ਮੀਨ ਆਪਣੇ ਨਾ ਨਹੀਂ ਲਗਵਾ ਲੈਂਦੀ ਉਸ ਦਾ ਗੁਜ਼ਾਰਾ ਨਹੀਂ ਹੋਣਾ। ਬੇਸ਼ੱਕ ਸਾਡੇ ਸਮਾਜ ਵਿਚ ਮਰਦ ਨੂੰ ਹੀ ਜ਼ਮੀਨ ਦਾ ਮਾਲਿਕ ਸਮਝਿਆ ਜਾਂਦਾ ਹੈ ਅਤੇ ਜ਼ਮੀਨ 'ਤੇ ਜ਼ੱਦੀ ਹੱਕ ਵੀ ਸਿਰਫ਼ ਮਰਦ ਦਾ ਸਮਝਿਆ ਜਾਂਦਾ ਹੈ। ਸਾਡੇ ਸਮਾਜ ਵਿਚ ਜੇਕਰ ਔਰਤ ਪਿਤਾ ਜਾਂ ਪਤੀ ਦੀ ਜ਼ਮੀਨ ਵਿਚੋਂ ਹਿੱਸਾ ਮੰਗਦੀ ਹੈ ਤਾਂ ਉਸ ਨੂੰ ਬਾਗੀ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਕੁੱਝ ਔਰਤਾਂ ਇਸੇ ਬਦਨਾਮੀ ਦੇ ਡਰ ਕਾਰਨ ਪਿਤਾ ਜਾਂ ਪਤੀ ਦੀ ਜ਼ਮੀਨ ਵਿਚੋਂ ਹਿੱਸਾ ਨਹੀਂ ਲੈਂਦੀਆਂ ਅਤੇ ਆਰਥਿਕ ਸੰਤਾਪ ਹੰਢਾਉਂਦੀਆਂ ਹਨ ਪਰ ਪਰਤਾਪੀ ਇਨ੍ਹਾਂ ਧਾਰਨਾਵਾਂ ਦਾ ਖੰਡਨ ਕਰਦੀ ਹੈ। ਉਹ ਜ਼ਿੰਦਗੀ ਦੀ ਹਕੀਕਤ ਦੇ ਰੂ-ਬ-ਰੂ ਹੋ ਕੇ ਸਮਾਜ ਦੇ ਘਟੀਆ ਨਿਜ਼ਾਮ ਤੋਂ ਜਾਣੂ ਹੋ ਜਾਂਦੀ ਹੈ। ਉਸ ਦਾ ਦਿਲ ਹੁਣ ਅੱਕ ਚੁੱਕਾ ਸੀ। ਉਹ ਸੋਚਦੀ;

"ਕਿੰਨਾ ਹੀ ਸਾਰਾ ਵਖੋਧ ਪਰਤਾਪੀ ਨੇ ਆਪਣੇ ਢਿੱਡ ਵਿਚ ਇਕੱਠਾ ਕਰ ਰੱਖਿਆ ਸੀ। ਉਹ ਤੌੜੀ ਦੇ ਅੰਨ ਵਾਂਗ ਵਿਚੋਂ ਵਿਚ ਰਿਝਦੀ ਰਹਿੰਦੀ। ਝੋਰਾ ਕਰਦੀ ਕੀ ਪਤਾ ਸੀ ਇਹਨਾਂ ਵੇਲਿਆਂ ਦਾ? ਕਾਹਨੂੰ ਵਿਆਹੁਣਾ ਸੀ ਉਹਨੇ ਆਪਣੇ ਦਿਓਰ ਚਾਨਣ ਨੂੰ। ਮਰ ਗਿਆ ਸੀ ਤਾਂ ਕੁਦਰਤ ਦੀ ਮਰਜ਼ੀ। ਜ਼ਮੀਨ ਦੇ ਲਾਲਚ ਵਿਚ ਫੇਰ ਇਹ ਪੱਟ-ਪਾਉਣੀ ਚੰਦ ਕੁਰ ਘਰ ਵਾੜ ਲਈ।"[18]

ਇਸ ਨਾਵਲ ਵਿਚ ਛੋਟੀ ਕਿਸਾਨੀ ਦੇ ਦੁਖਾਂਤ ਅਤੇ ਜ਼ਮੀਨ ਉੱਪਰ ਅਧਿਕਾਰ ਦੀ ਲਾਲਸਾ ਤਹਿਤ ਬਦਲ ਰਹੇ ਰਿਸ਼ਤਿਆਂ ਦਾ ਭਰਪੂਰ ਚਿਤਰਨ ਮਿਲਦਾ ਹੈ। ਜਾਗਰੀਦਾਰੀ ਸਮਾਜ ਵਿਚ ਸਾਧਨਾਂ ਨੂੰ ਵੱਧ ਤੋਂ ਵੱਧ ਇੱਕਠਾ ਕਰਨ ਦੀ ਦੌੜ ਲੱਗੀ ਹੈ। ਇਸ ਦੌੜ ਵਿਚ ਮਾਨਵੀ ਰਿਸ਼ਤੇ ਬਹੁਤ ਪਿੱਛੇ ਰਹਿ ਗਏ ਹਨ। ਇਸ ਪ੍ਰਕਾਰ ਵੱਧ ਤੋਂ ਵੱਧ ਮਾਤਰਾ ਵਿਚ ਆਰਥਿਕ

ਸਾਧਨਾਂ ਨੂੰ ਪ੍ਰਾਪਤ ਕਰਨ ਦੀ ਬੇਲਗਾਮ ਦੌੜ ਅਤੇ ਕਦਰਾਂ-ਕੀਮਤਾਂ ਵਿਚਕਾਰ ਦੀਵਾਰ ਬਣ ਖਲੋਤੀ ਹੈ। ਗੱਜਣ ਵੀ ਜ਼ਮੀਨ ਨੂੰ ਹੀ ਸਭ ਕੁੱਝ ਸਮਝੀ ਬੈਠਾ ਹੈ। ਪਰਤਾਪੀ ਤਾਂ ਜਿਵੇਂ ਉਸ ਦੀ ਕੁੱਝ ਲੱਗਦੀ ਹੀ ਨਹੀਂ ਸੀ। ਉਹ ਉਸ ਨੂੰ ਬੱਸ ਰੋਟੀ ਦਿੰਦਾ ਸੀ ਉਹ ਵੀ ਘਰ ਦਾ ਮੈਂਬਰ ਸਮਝ ਕੇ ਨਹੀਂ ਬਲਕਿ ਜਿਵੇਂ ਕਿਸੇ ਅਣਜਾਣ ਨੂੰ ਘਰ ਦਾ ਬਚਿਆ ਖਾਣਾ ਦੇ ਦਿੱਤਾ ਜਾਂਦਾ ਹੈ। ਉਸ ਨੂੰ ਹਰ ਸਮੇ ਜ਼ਮੀਨ ਅਤੇ ਚੰਦ ਕੁਰ ਦਾ ਨਸ਼ਾ ਚੜਿਆ ਰਹਿੰਦਾ। ਕਿਸੇ ਮਰਦ ਲਈ ਖਾਸ ਕਰ ਕਿਸਾਨ ਪਰਿਵਾਰ ਨਾਲ ਸੰਬੰਧਿਤ ਪਰਿਵਾਰ ਲਈ ਇਹ ਦੋਵੇ ਗੱਲਾਂ ਸਵਰਗ ਤੋਂ ਘੱਟ ਨਹੀਂ ਸਨ। ਗੁਰਬਚਨ ਸਿੰਘ ਭੁੱਲਰ ਅਨੁਸਾਰ;

> "ਜੱਟ ਦੀਆਂ ਦੋ ਹੀ ਵੱਡੀਆਂ ਲਾਲਸਾਵਾਂ ਰਹੀਆਂ ਹਨ, ਜ਼ੀਮੀਂ ਅਤੇ ਤੀਮੀਂ।
> ਕਦੇ ਉਹ ਤੀਮੀਂ ਦੀ ਖਾਤਰ ਆਪਣੀ ਜ਼ਮੀਨ ਜਾਇਦਾਦ ਤੇ ਘਰ ਬਾਰ ਲੁਟਾ
> ਦਿੰਦਾ ਹੈ ਅਤੇ ਕਦੇ ਜੀਮੀਂ ਦੀ ਖਾਤਿਰ ਤੀਮੀਂ ਤਕ ਦੀ ਪ੍ਰਵਾਹ ਨਹੀਂ ਕਰਦਾ
> ਅਸਲ ਵਿੱਚ ਜਿਉਂ-ਜਿਉਂ ਉਸਨੂੰ ਆਰਥਿਕਤਾ ਦੀ ਸਮਝ ਆਉਂਦੀ ਗਈ ਉਹ
> ਜ਼ੀਮੀਂ ਨੂੰ ਸਭ ਕੁਝ ਸਮਝਣ ਲੱਗ ਪਿਆ।"[19]

ਗੱਜਣ ਨੇ ਜ਼ੀਮੀ ਦੇ ਲਾਲਚ ਵਿਚ ਆ ਕੇ ਪਰਤਾਪੀ ਦੀ ਜ਼ਿੰਦਗੀ ਨਰਕ ਬਣਾ ਦਿੱਤੀ। ਬੀਬੋ ਦੇ ਜਣੇਪੇ ਤੋਂ ਬਾਅਦ ਪਰਤਾਪੀ ਹਿੱਲ ਗਈ ਸੀ ਉਹ ਆਪਣੀ ਧੀ ਦੀ ਹੋਈ ਬੇਕਦਰੀ ਤੋਂ ਦੁਖੀ ਸੀ। ਬੀਬੋ ਨੂੰ ਮਿਲਣ ਉਸ ਦੇ ਸੁਹਰੀ ਕੋਈ ਵੀ ਨਹੀਂ ਜਾਂਦਾ। ਜਿਸ ਕਾਰਨ ਪਰਤਾਪੀ ਦੇ ਮਨ ਵਿਚ ਰੋਸ ਪੈਦਾ ਹੋ ਜਾਂਦਾ ਹੈ। ਇਨ੍ਹਾਂ ਤਜ਼ਰਬਿਆਂ ਨੇ ਉਸ ਦੇ ਮਨ ਵਿਚ ਇਕ ਗੱਲ ਹੋਰ ਵੀ ਪੱਕੀ ਕਰ ਦਿੱਤੀ ਕਿ ਹੁਣ ਹੱਥ ਉੱਤੇ ਹੱਥ ਧਰ ਕੇ ਬੈਠੇ ਰਹਿਣ ਨਾਲ ਕੁਝ ਨਹੀਂ ਹੋਣਾ। ਜੇਕਰ ਉਸ ਨੇ ਆਪਣੀ ਜ਼ਿੰਦਗੀ ਸਵਾਰਨੀਂ ਹੈ ਤਾਂ ਉਸ ਨੂੰ ਆਪਣੇ ਹੱਕ ਦੀ ਖਾਤਿਰ ਲੜਨਾ ਹੀ ਪੈਣਾ ਹੈ। ਇਸ ਲਈ ਉਹ ਜ਼ਮੀਨ ਵਿਚੋਂ ਆਪਣਾ ਹਿੱਸਾ ਲੈਣ ਦਾ ਠਾਣਦੀ ਹੈ। ਉਸ ਨੇ ਆਪਣੀ ਜ਼ਿੰਦਗੀ ਤਾਂ ਜਿਵੇਂ-ਤਿਵੇਂ ਕੱਟ ਹੀ ਲਈ ਸੀ ਪ੍ਰੰਤੂ ਹੁਣ ਉਹ ਆਪਣੀ ਧੀ ਦੀ ਬੇਕਦਰੀ ਨਹੀਂ ਹੋਣ ਦੇਣਾ ਚਾਹੁੰਦੀ ਸੀ। ਉਸ ਦੇ ਸਬਰ ਦਾ ਬੰਨ ਟੁੱਟ ਜਾਂਦਾ ਹੈ ਹੁਣ ਚੁੱਪ ਰਹਿਣਾ ਉਸ ਨੇ ਠੀਕ ਨਹੀਂ ਸਮਝਿਆ ਅੰਤ ਉਹ ਇਕ ਟੁੱਕ ਗੱਲ ਕਰਦੀ ਹੈ। ਉਹ ਆਪਣੀ ਲਈ ਜ਼ਮੀਨ ਵਿਚੋਂ ਹਿੱਸੇ ਦੀ ਖਾਤਿਰ ਪਿੰਡ ਦੇ ਸਰਪੰਚ ਕੋਲ ਪਹੁੰਚ ਕਰਦੀ ਹੈ ਅਤੇ ਆਖਦੀ ਹੈ;

> "ਪੂਰਨ ਸਿਆਂ ਭਾਈ, ਅੱਜ ਤਾਈਂ ਮੈਂ ਘਰ ਦੀ ਭਾਫ ਬਾਹਰ ਨਹੀਂ
> ਸੀ ਨਿੱਕਲਣ ਦਿੱਤੀ। ਪਰ ਹੁਣ ਮੈਂ ਹਾਨੀਸਾਰ ਨੂੰ ਆਈ ਆਂ। ਮੇਰੇ
> ਘਰ । ਛੋਟੀ ਨੂੰਹ ਨੇ ਵੀ ਆਉਣੈ, ਧੀ ਨੇ ਆਉਣੈ। ਕੁਸ ਨਾ ਕੁਸ

ਪੱਲਾ ਝਾੜਿਆਂ ਸਰਦੈ। ਧੀ ਨੰਗੀ ਉਠ 'ਗੀ ਜੁਆਕ ਨੂੰ ਲੈ ਕੇ। ਵੇ

ਮੈਂ ਐਡੀਆਂ ਜੈਦਾਤਾਂ ਆਲੀ...ਉਹ ਫੇਰ ਰੋਣ ਲੱਗ ਪਈ।"[20]

ਪਰਤਾਪੀ ਆਪਣੀ ਗੱਲ 'ਤੇ ਅਟੱਲ ਸੀ ਸਰਪੰਚ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ ਵੀ ਕੀਤੀ ਪਰ ਉਹ ਟੱਸ ਤੋਂ ਮੱਸ ਨਾ ਹੋਈ। ਸਰਪੰਚ ਇਕ ਮਰਦ ਹੋਣ ਕਰਕੇ ਉਸ ਦੇ ਦੇ ਮਨ ਵਿਚ ਮਰਦਵਾਵੀ ਸੋਚ ਹੀ ਸੀ ਕਿ ਔਰਤ ਉੱਪਰ ਸਿਰਫ਼ ਮਰਦ ਦਾ ਹੀ ਅਧਿਕਾਰ ਹੈ ਔਰਤ ਦਾ ਜ਼ਮੀਨ ਵਿਚ ਕੋਈ ਹਿੱਸਾ ਨਹੀਂ। ਉਹ ਪਰਤਾਪੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਅਜਿਹਾ ਨਾ ਕਰੇ ਪਰ ਪਰਤਾਪੀ ਨੇ ਹੁਣ ਪੱਕਾ ਮਨ ਬਣਾ ਲਿਆ ਸੀ ਉਹ ਸਰਪੰਚ ਨੂੰ ਆਖਦੀ ਹੈ;

"ਨਹੀਂ ਭਾਈ ਪੂਰਨ ਸਿਆਂ, ਗੱਜਣ ਨੂੰ ਆਖਣ ਦੀ ਕੋਈ ਗੱਲ ਨ੍ਹੀ।

ਬਥੇਰਾ ਆਖ ਲਿਆ। ਮੈਂ ਤਾਂ ਇਕ ਪਾਸਾ ਕਰਨਾ ਚਾਹੁੰਦੀ ਆਂ।

ਮੈਨੂੰ ਚਾਰ ਕਿੱਲੇ ਜੀਮੀ ਦਵਾਅ। ਮੇਰਾ ਹੱਕ ਬਣਦੈ। ਡਲਿਆਂ ਦੇ

ਸਿਰ 'ਤੇ ਮੈਂ ਆਵਦਾ ਘਰ ਤੋਰੀ ਜਾਊਂ। ਹਿੱਸੇ 'ਤੇ ਦੇਵਾਂ ਚਾਹੇ

ਠੇਕੇ 'ਤੇ।"[21]

ਬੱਸ ਪਰਤਾਪੀ ਦੇ ਨਾਂ ਜ਼ਮੀਨ ਲੱਗਣ ਦੀ ਦੇਰ ਸੀ ਪਾਸਾ ਹੀ ਪਲਟ ਗਿਆ। ਪਰਤਾਪੀ ਦਾ ਆਪਣਾ ਪੁੱਤਰ ਹਰਦੇਵ ਜੋ ਸ਼ਹਿਰ ਵਿਚ ਪੜ੍ਹਦਾ ਹੈ ਪਹਿਲਾਂ ਉਹ ਜਦੋਂ ਵੀ ਪਿੰਡ ਆਉਂਦਾ ਚੰਦ ਕੁਰ ਕੋਲੇ ਬਾਹਰਲੇ ਘਰੇ ਜਾਂਦਾ ਪਰ ਹੁਣ ਉਹ ਪਰਤਾਪੀ ਨਾਵੇਂ ਲੱਗੇ ਕਿੱਲੇ ਦਿਸਦੇ ਸਨ। ਇਸ ਕਰਕੇ ਇਸ ਵਾਰ ਜਦੋਂ ਉਹ ਪਿੰਡ ਆਇਆ ਤਾਂ ਸਿੱਧਾ ਪਰਤਾਪੀ ਕੋਲੇ ਬਾਹਰਲੇ ਘਰੇ ਆ ਗਿਆ। ਇੱਥੇ ਕਿਸਾਨੀ ਸਭਿਆਚਾਰ ਵਿਚ ਰਿਸ਼ਤਿਆਂ ਵਿਚ ਘਟ ਰਹੇ ਮੋਹ ਉੱਤੇ ਕਰਾਰੀ ਚੋਟ ਹੈ। ਮਾਂ-ਬਾਪ ਆਪਣੇ ਕਈ-ਕਈ ਬੱਚਿਆਂ ਨੂੰ ਬਿਨਾਂ ਕਿਸੇ ਲਾਲਚ ਦੇ ਪਾਲ ਕੇ ਵੱਡੇ ਕਰਦੇ ਹਨ ਪਰ ਉਹੀ ਬੱਚੇ ਸਭ ਕਦਰਾਂ-ਕੀਮਤਾਂ ਭੁੱਲ ਕੇ ਜਾਗੀਰਦਾਰੀ ਸੋਚ ਦੇ ਧਾਰਨੀ ਹੋ ਗਏ ਹਨ। ਪਰਤਾਪੀ ਦਾ ਵੀ ਆਪਣੇ ਬੱਚਿਆਂ ਵਿਚ ਕੋਈ ਖਾਸ ਮੋਹ ਨਾ ਸੀ ਰਹਿ ਗਿਆ ਪ੍ਰੰਤੂ ਉਹ ਮਾਂ ਵਾਲੀ ਮਮਤਾ ਤੋਂ ਸੱਖਣੀ ਵੀ ਨਹੀਂ ਸੀ। ਬੇਸ਼ੱਕ ਗੁਰਦੇਵ ਦੀ ਸ਼ਕਲ ਦੇਖ ਕੇ ਉਸ ਨੂੰ ਆਪਣੇ ਨਾਲੋ ਹੋਏ ਬਲਾਤਕਾਰ ਦਾ ਚੇਤਾ ਆ ਜਾਂਦਾ ਪ੍ਰੰਤੂ ਫਿਰ ਵੀ ਉਸ ਲਈ ਮਾਂ ਮਮਤਾ ਵਾਲਾ ਪਿਆਰ ਪਰਤਾਪੀ ਅੰਦਰ ਜਾਗ ਪੈਂਦਾ। ਉਸ ਦਾ ਪੁੱਤਰ ਸ਼ਹਿਰ ਵਿਚ ਰਹਿ ਕੇ ਸ਼ਹਿਰੀ ਸੋਚ ਦਾ ਧਾਰਨੀ ਹੋ ਗਿਆ ਸੀ। ਉਹ ਹੁਣ ਆਪਣੀ ਮਾਂ ਨੂੰ ਖੁਸ਼ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰ ਰਿਹਾ ਸੀ ਕਿਉਂਕਿ ਉਸ ਦੀਆਂ ਰਗਾਂ ਵਿਚ ਜੱਟ ਦਾ ਖ਼ੂਨ ਹੈ ਇਸ ਕਰਕੇ ਜ਼ਮੀਨ ਦਾ ਲਾਲਚ ਉਸ ਅੰਦਰ ਵੀ ਫੁੱਟਦਾ ਹੈ। ਇਹ ਸਮੱਸਿਆ ਕਿਸਾਨੀ ਦੇ ਆਰ-ਪਾਰ ਫੈਲੀ ਹੋਈ ਹੈ। "ਜ਼ਮੀਨ ਖਾਤਿਰ ਜੱਟ ਗੂੜ੍ਹੇ ਰਿਸ਼ਤਿਆਂ ਤੋਂ ਬੇਮੁੱਖ ਹੋ ਜਾਂਦੇ ਹਨ।"[22] ਰਿਸ਼ਤੇ ਨਾਤੇ ਸਾਡੇ ਸਮਾਜ ਦਾ ਆਧਾਰ

ਹੁੰਦੇ ਹਨ ਇਨ੍ਹਾਂ ਰਿਸ਼ਤਿਆਂ ਵਿਚਲੀ ਆਪਸੀ ਸਾਂਝ ਅਤੇ ਭਾਈਚਾਰੇ ਕਰਕੇ ਸਾਡਾ ਸਮਾਜ ਜਾਣਿਆ ਜਾਂਦਾ ਸੀ ਪ੍ਰੰਤੂ ਅੱਜ ਦੇ ਪੂੰਜੀਵਾਦੀ ਦੌਰ ਵਿਚ ਆ ਕੇ ਇਸ ਪੂੰਜੀਵਾਦੀ ਸੋਚ ਨੇ ਰਿਸ਼ਤਿਆਂ ਅੰਦਰਲੇ ਨਿੱਘ ਨੂੰ ਖਤਮ ਕਰਕੇ ਇਸ ਵਿਚ ਲਾਲਚ ਭਰ ਦਿੱਤਾ। ਅੱਜ ਹਰ ਵਿਅਕਤੀ ਦੂਜੇ ਵਿਅਕਤੀ ਨਾਲ ਕਿਸੇ ਨਾ ਕਿਸੇ ਲਾਲਚ ਅਧੀਨ ਜੁੜਿਆ ਹੋਇਆ ਹੈ। ਪੈਸਿਆਂ ਦੇ ਅਤੇ ਜ਼ਮੀਨ ਦੇ ਮੋਹ ਨੇ ਰਿਸ਼ਤਿਆਂ ਵਿਚ ਕੁੜੱਤਣ ਭਰ ਦਿੱਤੀ ਹੈ। ਇਸ ਗੱਲ ਨਾਲ ਅਣਖੀ ਵੀ ਸਹਿਮਤ ਹੁੰਦਾ ਪ੍ਰਤੀਤ ਹੁੰਦਾ ਹੈ;

> "ਲਹੂ ਦੀ ਸਾਂਝ ਕੋਈ ਨਹੀਂ ਹੁੰਦੀ। ਆਰਥਿਕਤਾ ਦੇ ਨਿੱਜੀ ਲਾਭਾਂ
>
> ਕਾਰਨ ਰਿਸ਼ਤੇ-ਨਾਤੇ ਟੁੱਟਦੇ-ਬਣਦੇ ਰਹਿੰਦੇ ਹਨ।"[23]

ਇਸ ਦੀ ਪ੍ਰਤੱਖ ਉਦਾਹਰਨ ਗੱਜਣ ਹੈ ਜੇਕਰ ਉਸ ਦੀ ਆਪਣੇ ਭਰਾ ਚੰਨਣ ਨਾਲ ਲਹੂ ਦੀ ਸਾਂਝ ਹੁੰਦੀ ਤਾਂ ਉਹ ਆਪਣੀ ਵਿਧਵਾ ਭਰਜਾਈ ਲਈ ਬਿਨਾਂ ਕਿਸੇ ਲਾਲਚ ਦੇ ਸਹਾਰਾ ਬਣਦਾ ਪ੍ਰੰਤੂ ਉਹ ਉਸ ਨੇ ਆਪੇ ਨਿੱਜੀ ਲਾਭ ਦੀ ਖਾਤਿਰ ਉਸ ਨਾਲ ਵਿਆਹ ਕਰਵਾ ਲਿਆ। ਪਰਤਾਪੀ ਦੀ ਗੱਜਣ ਨੂੰ ਆਪਣੀ ਜ਼ਿੰਦਗੀ ਵਿਚ ਉਸ ਦੇ ਬੱਚੇ ਪੈਦਾ ਕਰਨ ਤੋਂ ਬਿਨਾਂ ਹੋਰ ਕੋਈ ਯੋਗਦਾਨ ਨਾ ਲੱਗਦਾ। ਉਸ ਨੇ ਚੰਦ ਕੁਰ ਨਾਲ ਵੀ ਹੁਸ਼ਿਆਰੀ ਵਰਤੀ ਉਸ ਦੇ ਪੇਕਿਆਂ ਦੀ ਜ਼ਮੀਨ ਵੀ ਆਪਣੇ ਨਾਂ ਲਗਵਾ ਲਈ। ਪਰਤਾਪੀ ਦਾ ਪੁੱਤ ਅਤੇ ਨੂੰਹ ਵੀ ਜ਼ਮੀਨ ਦੇ ਮੋਹ ਕਾਰਨ ਚੰਦ ਕੁਰ ਦੇ ਬਣ ਗਏ। ਚੰਦ ਕੁਰ ਦੇ ਨਾਲ ਪਰਤਾਪੀ ਦੇ ਬੱਚਿਆਂ ਦਾ ਰਹਿਣਾ ਵੀ ਲੋਭ ਮਾਤਰ ਹੈ ਦਿਲੋਂ ਤਾਂ ਉਹ ਵੀ ਜਾਣਦੇ ਹਨ ਕਿ ਪਰਤਾਪੀ ਹੀ ਉਨ੍ਹਾਂ ਦੀ ਅਸਲੀ ਮਾਂ ਤਾਂ ਪਰਤਾਪੀ ਹੈ ਉਹ ਤਾਂ ਜ਼ਮੀਨ ਕਰਕੇ ਚੰਦ ਕੁਰ ਨੂੰ ਮਾਸੀ ਨੂੰ ਮਾਂ ਕਹਿਣ ਲੱਗ ਗਏ ਸਨ। ਚੰਦ ਕੁਰ ਨੂੰ ਸ਼ਾਇਦ ਆਪਣਾ ਕੋਈ ਬੱਚਾ ਹੋਣ ਦਾ ਕਦੀ ਕੋਈ ਦੁੱਖ ਨਹੀਂ ਸੀ ਹੋਇਆ ਉਹ ਗੱਜਣ ਦੇ ਬੱਚਿਆਂ ਨੂੰ ਹੀ ਮਾਂ ਵਾਲਾ ਪਿਆਰ ਦੇ ਕੇ ਖੁਸ਼ ਸੀ। ਦੂਜੇ ਪਾਸੇ ਪਰਤਾਪੀ ਤਿੰਨ-ਤਿੰਨ ਬੱਚਿਆਂ ਦੀ ਮਾਂ ਹੋ ਕੇ ਵੀ ਇਕੱਲਤਾ ਵਾਲਾ ਜੀਵਨ ਬਤੀਤ ਕਰ ਰਹੀ ਸੀ। ਪਰਤਾਪੀ ਦੀ ਆਰਥਿਕ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ ਉਹ ਆਪਣੇ ਭਰਾ ਨੇਕ ਦਾਸ ਤੋਂ ਵੀ ਕਈ ਵਾਰ ਖਰਚਾ ਲੈ ਲੈਂਦੀ। ਉਸ ਦੀ ਦਸ਼ਾ ਦੇ ਕਈ ਵਾਰ ਗੱਜਣ ਨੂੰ ਵੀ ਉਸ 'ਤੇ ਤਰਸ ਆਉਣ ਲੱਗ ਜਾਂਦਾ ਉਸ ਨੂੰ ਵੀ ਅਹਿਸਾਸ ਹੁੰਦਾ ਕਿ ਜ਼ਮੀਨ ਦੀ ਖਾਤਿਰ ਉਸ ਨੇ ਪਰਤਾਪੀ ਦੀ ਜ਼ਿੰਦਗੀ ਖਰਾਬ ਕਰ ਦਿੱਤੀ। ਪਰਤਾਪੀ ਚੁੱਪ ਰਹਿਣ ਲੱਗ ਪਈ ਸੀ। ਗੱਜਣ ਨੂੰ ਕਈ ਵਾਰ ਉਹਦੀ ਚੁੱਪ ਤੋਂ ਡਰ ਲੱਗਦਾ;

> "ਉਹਦੀ ਚੁੱਪ ਤੋਂ ਗੱਜਣ ਨੂੰ ਡਰ ਲਗਦਾ ਤੇ ਤਰਸ ਵੀ ਆਉਂਦਾ।
>
> ਉਹ ਆਪਣੇ-ਆਪ ਨੂੰ ਹੀ ਸਮਝਣ ਵਿਚਾਰਨ ਲੱਗ ਪੈਂਦਾ-ਪਰਤਾਪੀ
>
> ਉਹਦੀ ਸਿਹਰੇ ਬੰਨ੍ਹ ਕੇ ਵਿਆਹੀ ਔਰਤ ਹੈ। ਉਹ ਐਵੇਂ ਨਹੀਂ ਕਿਧਰੋਂ
>
> ਚੁੱਕ ਕੇ ਲਿਆਂਦੀ ਹੋਈ। ਉਹਦੇ ਦੋ ਪੁੱਤਾਂ ਤੇ ਇਕ ਧੀ ਦੀ ਮਾਂ ਹੈ।

ਦੇਖੀਏ ਤਾਂ ਘਰ ਦੀ ਅਸਲੀ ਮਾਲਕਣ ਓਹੀ ਹੈ। ਐਵੇਂ ਮੈਂ ਜ਼ਮੀਨ-
ਜਾਇਦਾਦ ਦੇ ਲਾਲਚ ਵਿਚ ਚੰਦ ਕੁਰ ਨੂੰ ਚੁੱਕ ਲਿਆਇਆ। ....
....... ਮੈਂ ਪਰਤਾਪੀ ਦੀ ਜੂਨ ਖਰਾਬ ਕੀਤੀ।"[24]

ਪਰਤਾਪੀ ਹੁਣ ਇਕ ਪੱਥਰ ਤੋਂ ਵੱਧ ਕੁੱਝ ਨਹੀਂ ਸੀ ਰਹਿ ਗਈ ਉਸ ਦੇ ਪ੍ਰੇਮੀ ਜਿਊਣੇ ਦੀ ਮੌਤ ਨੇ ਉਸ ਨੂੰ ਤੋਂ ਸੁਟਿਆ ਸੀ ਉਹ ਤਾਂ ਬੱਸ ਹੁਣ ਔਖੀ-ਸੌਖੀ ਆਪਣੇ ਦਿਨ ਪੂਰੇ ਕਰ ਰਹੀ ਸੀ ਕਿ ਅਚਾਨਕ ਉਸ ਦੀ ਜ਼ਿੰਦਗੀ ਵਿਚ ਇਕ ਹੋਰ ਭਾਣਾ ਵਾਪਰਦਾ ਹੈ ਗੱਜਣ ਦੀ ਮੌਤ। ਗੱਜਣ ਦੀ ਮੌਤ ਤੋਂ ਬਾਅਦ ਸਾਰੀ ਕਹਾਣੀ ਹੀ ਬਦਲ ਗਈ ਅਜਿਹਾ ਨਹੀਂ ਸੀ ਕਿ ਪਰਤਾਪੀ ਨੂੰ ਗੱਜਣ ਨਾਲ ਕੋਈ ਮੋਹ ਰਹਿ ਗਿਆ ਸੀ। ਗੱਜਣ ਨਾਲ ਤਾਂ ਉਸ ਦਾ ਪਿਆਰ ਉਸੇ ਦਿਨ ਖਤਮ ਹੋ ਗਿਆ ਸੀ ਜਿਸ ਦਿਨ ਉਸ ਨੇ ਦੂਸਰਾ ਵਿਆਹ ਕਰਵਾ ਲਿਆ ਸੀ। ਗੱਜਣ ਨਾਲੋਂ ਵਧੇਰੇ ਦੁੱਖ ਤਾਂ ਉਸ ਨੂੰ ਜਿਊਣੇ ਦੇ ਮਰਨ ਦਾ ਹੋਇਆ ਸੀ। ਗੱਜਣ ਦੀ ਮੌਤ ਤੋਂ ਬਾਅਦ ਸਾਰੀ ਸਾਰੀ ਕਹਾਣੀ ਉਲਟੀ ਹੋ ਗਈ। ਚੰਦ ਕੁਰ ਨੂੰ ਗੱਜਣ ਦੇ ਬੱਚਿਆਂ ਨੇ ਅਰਸ਼ੋਂ-ਫਰਸ਼ੋ ਸੁੱਟ ਦਿੱਤਾ। ਚੰਦ ਕੁਰ ਨੂੰ ਮਾਂ-ਮਾਂ ਆਖਣ ਵਾਲੇ ਬੱਚੇ ਵੀ ਹੁਣ ਉਸ ਨੂੰ ਮਾਸੀ ਆਖਣ ਲੱਗ ਪਏ। ਕਿਉਂਕਿ ਉਸ ਦੇ ਨਾਂ ਕੋਈ ਜ਼ਮੀਨ ਨਹੀਂ ਸੀ। ਦੇਖਿਆ ਜਾਵੇ ਤਾਂ ਪਰਤਾਪੀ ਨਾਲੋਂ ਵੀ ਜ਼ਿਆਦਾ ਚੰਦ ਕੁਰ ਇਸ ਕਿਸਾਨੀ ਸਭਿਆਚਾਰ ਵਿਚ ਵਰਤੀ ਗਈ। ਗੱਜਣ ਨੇ ਮਿੱਠਾ-ਪਿਆਰਾ ਹੋ ਕੇ ਪਹਿਲਾਂ ਤਾਂ ਆਪਣੇ ਭਰਾ ਵਾਲੀ ਹਿੱਸੇ ਆਉਂਦੀ ਜ਼ਮੀਨ ਆਪਣੇ ਨਾਂ ਲਗਵਾ ਲਈ ਫਿਰ ਚੰਦ ਕੁਰ ਦੇ ਭਰਾ ਵਿਹੂਣੀ ਹੋਣ ਕਾਰਨ ਦਾ ਵੀ ਉਸ ਨੇ ਲਾਭ ਉਠਾਇਆ। ਮਹਿਲਾ ਵਾਲੀ ਚੰਦ ਕੁਰ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਉਹ ਹੋਰ ਜ਼ਮੀਨ ਲੈ ਕੇ ਉਹ ਵੀ ਆਪਣੇ ਨਾਂ ਲਗਵਾ ਲੈਂਦਾ ਹੈ। ਚੰਦ ਕੁਰ ਵਿਚਾਰੀ ਅਨਪੜ੍ਹ ਤੀਵੀਂ ਇਹ ਹੀ ਸੋਚ ਕੇ ਖੁਸ਼ ਸੀ ਕਿ ਉਸ ਦਾ ਪਤੀ ਅਤੇ ਬੱਚੇ ਉਸ ਨੂੰ ਬਹੁਤ ਪਿਆਰ ਕਰਦੇ ਹਨ ਇਸ ਕਰਕੇ ਉਸ ਨੇ ਕਦੀ ਜ਼ਮੀਨ ਦਾ ਕੋਈ ਮੋਹ ਹੀ ਨਾ ਕੀਤਾ। ਉਸ ਵਿਚਾਰੀ ਨੂੰ ਕੀ ਪਤਾ ਸੀ ਕਿ ਇਕ ਦਿਨ ਕਹਾਣੀ ਉਲਟੀ ਹੀ ਹੋ ਜਾਣੀ ਹੈ। ਮਾਂ-ਮਾਂ ਆਖ ਕੇ ਬਲਾਉਣ ਵਾਲੇ ਬੱਚੇ ਉਸ ਨਾਲ ਅਜਿਹਾ ਸਲੂਕ ਕਰਨਗੇ। ਚੰਦ ਕੁਰ ਦੀ ਘਰ ਵਿਚ ਕਦਰ ਘੱਟ ਗਈ ਕੋਈ ਉਸ ਦੇ ਬਿਮਾਰ ਹੋਣ 'ਤੇ ਵੀ ਉਸ ਦੀ ਸਾਰ ਨਾ ਲੈਂਦਾ। ਉਸ ਸੋਚਦੀ;

"ਸਭ ਕੁਝ ਗੱਜਣ ਮਰੇ ਨਾਲ ਹੀ ਤੁਰ ਗਿਆ। ਜਿੰਨਾ ਚਿਰ ਉਹ ਸੀ, ਸਭ
ਕੁਝ ਸੀ। ਹੁਣ ਉਹ ਨਹੀਂ ਤਾਂ ਕੁੱਝ ਵੀ ਨਹੀਂ ਹੈ। ਏਸ ਮੁੰਡੇ ਗੁਰਦੇਵ ਦੀ
ਹੁਣ ਮੈਂ ਕੀ ਲਗਦੀ ਹਾਂ? ਮੇਰੇ ਪੱਲੇ ਤਾਂ ਕੁਝ ਵੀ ਨਹੀਂ ਹੈ। ਨਾ ਜ਼ਮੀਨ, ਨਾ
ਘਰ। ਕੋਈ ਵੇਲ-ਤੂਮੜੀ ਨਹੀਂ ਲੱਗੀ ਸੀ, ਨਾ ਸਹੀ, ਜ਼ਮੀਨ-ਜਾਇਦਾਦ ਦੀ
ਮਾਲਿਕ ਤਾਂ ਰਹਿੰਦੀ। ਚੰਦ ਕੁਰ ਨੇ ਨਿਰਣਾ ਕਰ ਲਿਆ, ਇਹ ਜ਼ਮੀਨ

ਜਾਇਦਾਦ ਕਰਕੇ ਮੁੰਡਾ-ਬਹੂ ਓਸ ਭਾਈਆਂ ਪਿੱਟੀ ਪਰਤਾਪੀ ਦੇ ਬਣਨਾ

ਬੈਠੇ। ਉਹ ਪੰਜ ਕਿੱਲੇ ਦੀ ਮਾਲਿਕ ਹੈ। ਆਪੇ ਬਣਨਾ ਸੀ ਇਹਨਾਂ ਨੇ

ਉਹਦਾ।"[25]

ਚੰਦ ਕੁਰ ਦੀ ਹਾਲਤ ਦਿਨੋਂ-ਦਿਨ ਨਿਘਰਦੀ ਜਾ ਰਹੀ ਸੀ। ਪਹਿਲਾਂ ਤਾਂ ਸਿਰਫ਼ ਨੂੰਹ-ਪੁੱਤ ਨੇ ਉਸਦਾ ਸਤਿਕਾਰ ਕਰਨਾ ਛੱਡ ਦਿੱਤਾ ਸੀ ਪ੍ਰੰਤੂ ਹੁਣ ਉਸ ਦੇ ਪੋਤੇ-ਪੋਤਿਆਂ ਨੂੰ ਵੀ ਚੰਗੀ ਨਾ ਲਗਦੀ। ਘਰ ਵਿਚ ਉਹ ਜਿਸ ਨੂੰ ਵੀ ਬਲਾਉਂਦੀ ਉਹ ਹੀ ਉਸ ਨੂੰ ਖਾਊਂ-ਵੱਢੂ ਕਰਦਾ ਰਹਿੰਦਾ। ਜਦੋਂ ਤੱਕ ਗੱਜਣ ਸੀ ਘਰ ਵਿਚ ਸਭ ਤੋਂ ਪਹਿਲਾ ਰੋਟੀ ਚੰਦ ਕੁਰ ਨੂੰ ਦਿੱਤੀ ਜਾਂਦੀ ਸੀ ਪ੍ਰੰਤੂ ਹੁਣ ਉਸ ਰੋਟੀ ਬਾਰੇ ਕੋਈ ਨਾ ਪੁੱਛਦਾ। ਬਿਮਾਰ ਹੋਏ ਤੇ ਵੀ ਕੋਈ ਉਸ ਦੀ ਦੇਖਭਾਲ ਨਾ ਕਰਦਾ। ਉਹ ਘਰ ਵਿਚ ਇਉਂ ਪਈ ਰਹਿੰਦੀ ਜਿਵੇਂ ਕੋਈ ਬੇਲੋੜੀ ਜਿਹੀ ਚੀਜ਼ ਕਿਸੇ ਕੋਨੇ ਵਿਚ ਪਈ ਹੋਵੇ। ਕਈ ਵਾਰ ਉਹ ਜਾਣ ਬੁੱਝ ਕੇ ਵੀ ਰੋਟੀ ਖਾਣ ਤੋਂ ਇਨਕਾਰ ਕਰ ਦਿੰਦੀ ਇਸ ਆਸ ਵਿਚ ਕਿ ਉਸ ਦੇ ਬੱਚੇ ਉਸ ਨੂੰ ਰੋਟੀ ਖਾਣ ਲੈਣ ਵਾਸਤੇ ਆਖਣਗੇ ਪ੍ਰੰਤੂ ਉਸ ਦੀ ਇਹ ਤਮੰਨਾ, ਤਮੰਨਾ ਹੀ ਰਹਿ ਜਾਂਦੀ ਉਸ ਦੇ ਇਕ ਵਾਰ ਰੋਟੀ ਦੇ ਇਨਕਾਰ ਕਰਨ ਤੇ ਕੋਈ ਉਸ ਨੂੰ ਦੂਜੀ ਵਾਰ ਰੋਟੀ ਖਾਣ ਵਾਸਤੇ ਨਾ ਆਖਦਾ। ਜਿਸ ਮਾਨਸਿਕ ਸੰਤਾਪ ਨੂੰ ਪਹਿਲਾਂ ਪਰਤਾਪੀ ਝੱਲਦੀ ਸੀ ਅੱਜ ਉਹੀ ਮਾਨਸਿਕ ਸੰਤਾਪ ਚੰਦ ਕੁਰ ਦਾ ਚੰਦ ਕੁਰ ਨਾਲ ਸਾਹਮਣਾ ਹੁੰਦਾ ਹੈ ਅਣਖੀ ਦੇ ਨਾਵਲਾਂ ਦੀ ਇਹ ਵਿਸ਼ੇਸਤਾ ਹੈ ਕਿ ਉਹ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਬਿਆਨ ਕਰਦਾ ਹੈ। ਉਸ ਦੇ ਪਾਤਰ ਹਮੇਸ਼ਾ ਕਿਸੇ ਨਾ ਕਿਸੇ ਘਟਨਾ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ ਜਿਸ ਕਾਰਨ ਉਸ ਦੇ ਨਾਵਲਾਂ ਵਿਚ ਉਤਸੁਕਤਾ ਅਤੇ ਰੋਚਿਕਤਾ ਵਧੀ ਰਹਿੰਦੀ ਹੈ "ਅਣਖੀ ਦੇ ਨਾਵਲਾਂ ਵਿਚ ਘਟਨਾਵਾਂ ਦੀ ਗਤੀ ਰਫ਼ਤਾਰ ਨਾਲ ਚਲਦੀ ਹੈ। ਅਣਖੀ ਦਾ ਪ੍ਰਮੁੱਖ ਬਲ ਪਾਤਰਾਂ ਨੂੰ ਇਕ ਪਰਿਸਥਿਤੀ ਵਿੱਚੋਂ ਕੱਢਦਾ ਹੈ ਤਾਂ ਉਹਨਾਂ ਸਾਹਮਣੇ ਦੂਸਰੀ ਪਰਿਸਥਿਤੀ ਚੱਟਾਨ ਵਾਂਗ ਖੜੀ ਹੁੰਦੀ ਹੈ।"[26] ਪਰਤਾਪੀ ਇਸ ਦੀ ਪ੍ਰਤੱਖ ਉਦਾਹਰਨ ਹੈ। ਉਸ ਦੇ ਪਾਤਰ ਸਥਿਤੀਆਂ ਸਾਹਮਣੇ ਲਾਚਾਰ ਨਜ਼ਰ ਆਉਂਦੇ ਹਨ। ਅਜਿਹਾ ਹੀ ਪਰਤਾਪੀ ਨਾਲ ਵਿਚ ਹੁੰਦਾ ਹੈ ਕਦੀ ਪਰਤਾਪੀ ਵਕ਼ਤ ਦੀ ਮਾਰੀ ਹੁੰਦੀ ਹੈ ਅਤੇ ਕਦੀ ਚੰਦ ਕੁਰ ਨੂੰ ਸਮਾਂ ਤੋੜ ਸੁੱਟਦਾ ਹੈ। ਚੰਦ ਕੁਰ ਨੇ ਆਪਣੀ ਹੋ ਰਹੀ ਬੇਕਦਰੀ ਦੇ ਕਾਰਨ ਘਰ ਛੱਡਣ ਦਾ ਫ਼ੈਸਲਾ ਕਰ ਲਿਆ। ਉਹ ਮੁਕਤਸਰ ਆਪਣੇ ਭਾਣਜੇ ਕੋਲ ਜਾਣ ਦੀ ਗੱਲ ਕਰਦੀ ਹੈ ਤਾਂ ਘਰ ਵਿਚੋਂ ਕਿਸ ਨੇ ਵੀ ਉਸ ਨੂੰ ਨਾ ਰੋਕਿਆ ਉਹ ਭਰੇ ਮਨ ਨਾਲ ਘਰੋਂ ਵਿਦਾ ਹੋ ਜਾਂਦੀ ਹੈ। ਹੁਣ ਪਰਤਾਪੀ ਨੂੰ ਰਤਨੋ ਬਾਹਰਲੇ ਘਰ ਲੈ ਆਈ। ਚੰਦ ਕੁਰ ਦਾ ਘਰ ਵਿਚ ਕੋਈ ਨਾਂ ਵੀ ਨਾ ਲੈਂਦਾ। ਅਗਵਾੜ ਦੀਆਂ ਤੀਵੀਆਂ ਵੀ ਇਸ ਬਾਰੇ ਘੁਸਰ-ਮੁਸਰ ਕਰਦੀਆਂ;

"ਹੇਠਲੀ ਉੱਤੇ ਆ 'ਗੀ। 'ਪਹਿਲਾਂ ਤਾਂ ਪਰਤਾਪੀ ਕੱਢੀ ਬੈਠੀ ਸੀ,

ਹੁਣ ਚੰਦ ਕੁਰ ਕੱਢ 'ਤੀ।'

'ਇਹ ਤਾਂ ਇਕ ਦਿਨ ਹੋਣਾ ਈ ਸੀ। ਉਹ ਕੀ ਲਗਦੀ ਸੀ। ਮੁੰਡੇ-ਬਹੂ

ਦੀ? ਪਰਤਾਪੀ ਸਕੀ ਮਾਂ। ਇਹ ਤਾਂ ਰੱਬ ਨੇ ਆਪੇ ਈ ਨਿਉਂ ਨਿਬੇੜ 'ਤਾਂ।'

'ਕਿਹੜੀ ਸਕੀ ਮਾਂ ਤੇ ਕਿਹੜੀ ਸੌਕੀ ਮਾਂ, ਇਹ ਤਾਂ ਪੰਜ ਕਿੱਲਿਆਂ ਦੀ ਪੀਰੀ ਐ, ਭੈਣੇ। ਕਿੱਲਿਆਂ ਦੀ ਸੇਵਾ ਹੁੰਦੀ ਐ, ਪਰਤਾਪੀ ਦੀ ਨ੍ਹੀ।''"[27]

ਪੰਜਾਬੀ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਵੀ ਇਕ ਅਜਿਹਾ ਨਾਵਲਕਾਰ ਹੈ ਜਿਸ ਨੇ ਪੰਜਾਬ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਬਾਰੇ ਬੜੀ ਹੀ ਸ਼ਿੱਦਤ ਨਾਲ ਲਿਖਿਆ ਹੈ। ਉਸ ਦੇ ਨਾਵਲ 'ਆਗਣ ਉੱਥਣ' ਵਿਚ ਆਰਥਿਕ ਤੰਗੀਆਂ ਕਾਰਨ ਜ਼ਿਮੀਂਦਾਰਾਂ ਦੀ ਗੁਲਾਮੀ ਭੋਗਣ ਵਾਲੇ ਕਿਸਾਨਾਂ ਦਾ ਦੁਖਾਂਤ ਹੈ। 'ਅੰਨੇ ਘੋੜੇ ਦਾ ਦਾਨ' ਵਿਚ ਵੀ ਉਸ ਨੇ ਕਿਸਾਨਾਂ ਦੇ ਹੱਥੋਂ ਨਿਲਕਦੀ ਜਾ ਰਹੀ ਜ਼ਮੀਨ ਦੇ ਦੁਖਾਂਤ ਦਾ ਬਿਆਨ ਕੀਤਾ ਹੈ। 'ਮੜੀ ਦਾ ਦੀਵਾ' ਉਸ ਦਾ ਇਕ ਅਜਿਹਾ ਨਾਵਲ ਹੈ ਜਿਸ ਵਿਚ ਜਗਸੀਰ ਕੋਲ ਘੱਟ ਜ਼ਮੀਨ ਹੋਣ ਕਾਰਨ ਵਿਆਹ ਨਾ ਹੋਣ ਦਾ ਦੁਖਾਂਤ ਪੇਸ਼ ਕੀਤਾ ਹੈ। ਜਗਸੀਰ ਆਪਣੇ ਹਾਣੀਆਂ ਨਾਲੋਂ ਆਪਣੇ ਆਪ ਨੂੰ ਬੁੜਾ ਹੋਇਆ ਮਹਿਸੂਸ ਕਰਦਾ ਕਿਉਂਕਿ ਉਸ ਦੀ ਆਰਥਿਕ ਹਲਾਤ ਕਾਰਨ ਉਸ ਦਾ ਅਜਿਹਾ ਹਾਲ ਹੋ ਚੁੱਕਾ ਸੀ;

"ਫੇਰ ਜਦੋਂ ਲੱਤਾਂ-ਬਾਹਾਂ ਖ਼ਿਆਲੀਆਂ ਤਾਂ ਉਹਨੂੰ ਜਾਪਿਆ ਜਿਵੇਂ ਉਹਨਾਂ ਉਤੋਂ ਮਾਸ ਉੱਕਾ ਝੜ ਗਿਆ ਸੀ। ਜਦੋਂ ਉਹਨੇ ਮੂੰਹ ਉੱਤੇ ਦੋਵੇਂ ਹੱਥ ਫੇਰੇ ਤਾਂ ਗੱਲਾਂ ਦੀਆਂ ਹੱਡੀਆਂ ਤੇ ਅੱਖਾਂ ਦੇ ਡੂੰਘੇ ਟੋਏ ਟੋਂਹਦਿਆਂ ਉਹਨੂੰ ਆਪਣਾ ਮੂੰਹ ਬੜਾ ਓਪਰਾ ਲੱਗਿਆ। ਦਾੜ੍ਹੀ ਦੇ ਖਰ੍ਹਵੇ ਵਾਲ, ਉਹਦੀਆਂ ਅੱਟਣਾਂ-ਭਰੀਆਂ ਹਥੇਲੀਆਂ ਵਿਚ ਚੁਭਦੇ ਸਨ .... ਤੇ ਉਹਨੂੰ ਜਾਪਿਆ ਜਿਵੇਂ ਉਹ ਕਦੇ ਵੀ ਜਵਾਨ ਨਹੀਂ ਸੀ ਹੁੰਦਾ।"[28]

ਉਸ ਦੀ ਮਾਂ ਨੰਦੀ ਨੇ ਵੀ ਸਾਰੀ ਉਮਰ ਗਰੀਬੀ ਦਾ ਨਰਕ ਭੋਗਿਆ ਅਤੇ ਗਰੀਬੀ ਵਿਚ ਹੀ ਮਰ ਗਈ। ਕਿਸਾਨੀ ਸਭਿਆਚਾਰ ਵਿਚ ਵਿਆਹ ਵੇਲੇ ਜ਼ਮੀਨ ਦਾ ਮੁੱਲ ਪੈਂਦਾ ਹੈ। ਇਸੇ ਕਰਕੇ ਹੀ ਜਗਸੀਰ ਦਾ ਵਿਆਹ ਨਹੀਂ ਹੋਇਆ ਅਤੇ ਜ਼ਮੀਨ ਦੇ ਲਾਲਚ ਕਾਰਨ ਗੱਜਣ ਵਰਗੇ ਪਾਤਰ ਦੋ ਵਿਆਹ ਤੱਕ ਕਰਵਾ ਲੈਂਦੇ ਹਨ। "ਅਣਖੀ ਦੀ ਸ਼ੈਲੀ ਵਿਚ ਰਵਾਨੀ ਅਤੇ ਇਕਸਾਰਤਾ ਦਾ ਗੁਣ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਲੇਖਕ ਦੀ ਨਾਵਲ ਦੀ ਵਿਸ਼ੈ-ਵਸਤੂ ਉੱਪਰ ਨਿਯਮਬੱਧ ਅਤੇ ਵਿਗਿਆਨਿਕ ਪਕੜ ਹੈ। ਉਹ ਕਹਾਣੀ ਦੇ ਤੱਥ ਨੂੰ ਇਕ 'ਅਟਲ ਨੇਮ' ਨਾਲ ਕਬੂਲਦਾ ਹੈ। ਇਸ ਲਈ ਉਹ ਨਾ ਤਾਂ ਪਾਤਰਾਂ ਦੇ ਖੁਸ਼ੀ ਅਤੇ ਆਨੰਦ ਦੇ ਪਲਾਂ ਨੂੰ ਰੁਕ ਕੇ ਮਾਨਣ ਲਗਦਾ ਹੈ ਅਤੇ ਉਨ੍ਹਾਂ ਦੇ ਕੀਰਨਿਆਂ, ਦੁੱਖਾਂ ਅਤੇ ਕਰੁਣਾ ਭਰੇ ਭਾਵਾਂ ਨਾਲ ਵਹਿ ਟੁਰਦਾ ਹੈ।"[29] ਉਹ ਪਾਤਰਾਂ ਦੇ ਸਾਰੇ ਭਾਵਾਂ ਨੂੰ ਇਕਸਾਰਤਾ ਦੇਣ ਕਾਰਨ

ਯਥਾਰਥਵਾਦੀ ਲੇਖਕ ਵਜੋਂ ਉਭਰਦਾ ਹੈ। ਚੰਦ ਕੁਰ ਅਤੇ ਪਰਤਾਪੀ ਦੀ ਜ਼ਿੰਦਗੀ ਵਿਚਲੇ ਦੁੱਖਾਂ ਅਤੇ ਸੁੱਖਾਂ ਨੂੰ ਉਸ ਨੇ ਇਕਸਾਰਤਾ ਨਾਲ ਬਿਆਨ ਕਰਨ ਦਾ ਸਫਲ ਯਤਨ ਕੀਤਾ ਹੈ। ਉਸ ਦੇ ਨਾਵਲਾਂ ਵਿਚ ਪਾਠਕ ਨੂੰ ਅਕੇਵਾ ਮਹਿਸੂਸ ਨਹੀਂ ਹੁੰਦਾ ਕਿਉਂਕਿ ਨਾਵਲ ਨੂੰ ਲਮਕਾਉਣ ਲਈ ਵਾਧੂ ਵੇਰਵਾ ਉਸ ਦੇ ਨਾਵਲਾਂ ਵਿਚੋਂ ਨਹੀਂ ਮਿਲਦਾ। ਚੰਦ ਕੁਰ ਹੁਣ ਪਰਤਾਪੀ ਵਾਂਗ ਦੁਰਗਤੀ ਵਾਲੀ ਸਥਿਤੀ ਵਿਚ ਆ ਗਈ ਸੀ। ਪਰਤਾਪੀ ਨਾਲ ਉਸ ਦੇ ਨੂੰਹ-ਪੁੱਤ ਹੁਣ ਬਹੁਤਾ ਹੀ ਪਿਆਰ ਜਤਾਉਣ ਲੱਗ ਪਏ ਸਨ ਜਿਸ ਨੂੰ ਦੇਖ ਕੇ ਪਿੰਡ ਦੇ ਸਿਆਣੇ ਲੋਕ ਗੱਲਾਂ ਕਰਦੇ;

> "ਜਦੋਂ ਉਮਰ ਸੀ ਪਰਤਾਪੀ ਦੀ, ਓਦੋਂ ਤਾਂ ਨੱਕ ਦੇ ਸੀਂਢ ਬਰੋਬਰ ਵੀ
> ਮੁੱਲ ਨ੍ਹੀ ਸੀ ਵਿਚਾਰੀ ਦਾ, ਹੁਣ ਮਰਨ ਕਿਨਾਰੇ ਆ 'ਗੀ ਤਾਂ ਧੂੰਈਂ
> ਫਿਰਦੇ ਐ ਕਰੰਗ। ਆਵਦੇ ਜਾਣੇ ਹੇਜ ਦਖਾਉਂਦੇ ਐ।
> 'ਹੇਜ ਤਾਂ ਭਾਈ ਪੰਜ ਕਿੱਲਿਆਂ ਦਾ ਐ।' ਕੋਈ ਹੱਡ 'ਤੇ ਮਰਦਾ।"[30]

ਔਰਤ ਮਨੁੱਖਤਾ ਦੀ ਉਤਪਤੀ ਵਾਸਤੇ ਪ੍ਰਵੇਸ਼ ਦੁਆਰ ਹੈ। ਔਰਤ ਹੀ ਹੈ ਜੋ ਘਰ ਨੂੰ ਸਵਰਗ ਬਣਾ ਦਿੰਦੀ ਔਰਤ ਆਪਣੀ ਸਾਰੀ ਜ਼ਿੰਦਗੀ ਆਪਣੇ ਘਰ, ਪਤੀ ਅਤੇ ਬੱਚਿਆਂ ਦੀ ਸੇਵਾ ਵਿਚ ਬਿਨਾਂ ਕਿਸੇ ਲੋਭ ਦੇ ਲਗਾ ਦਿੰਦੀ ਹੈ। ਬਦਲੇ ਵਿਚ ਉਹ ਬੱਸ ਪਿਆਰ ਚਾਹੁੰਦੀ ਹੈ। ਮਰਦ ਨੇ ਔਰਤ ਦੇ ਪਿਆਰ ਨੂੰ ਉਸ ਦੀ ਕਮਜ਼ੋਰੀ ਵਿਚ ਬਦਲ ਦਿੱਤਾ ਅਤੇ ਆਪਣੀਆਂ ਲੂੰਬੜ ਚਾਲਾਂ ਨਾਲ ਹਮੇਸ਼ਾ ਹੀ ਔਰਤ ਦਾ ਸ਼ੋਸ਼ਣ ਕੀਤਾ ਹੈ। ਇਸੇ ਕਰਕੇ ਸਦੀਆਂ ਤੋਂ ਹੀ ਔਰਤ 'ਤੇ ਸਿਤਮ ਹੁੰਦੇ ਆਏ ਹਨ। ਭਾਰਤੀ ਸਮਾਜ ਵਿਚ ਮੰਨੂ ਸਿਮਰਤੀ ਵਿਚ ਨਾਰੀ ਦੀ ਹਸਤੀ ਨੂੰ ਪੂਰੀ ਤਰ੍ਹਾਂ ਧਰਕਾਰਿਆ ਗਿਆ ਹੈ। ਇਸੇ ਪ੍ਰਕਾਰ ਗੱਜਣ ਨੇ ਦੋਹਾਂ ਔਰਤਾਂ (ਪਰਤਾਪੀ ਅਤੇ ਚੰਦ ਕੁਰ) ਦਾ ਸ਼ੋਸ਼ਣ ਕੀਤਾ। ਪਰਤਾਪੀ ਦੇ ਪੁੱਤਰ ਗੁਰਦੇਵ ਅਤੇ ਹਰਦੇ ਵਿਚ ਜ਼ਮੀਨ ਦੇ ਹਿੱਸੇ ਨੂੰ ਲੈ ਕੇ ਖਿਚੋ ਤਾਣ ਹੋਣ ਲੱਗੀ। ਗੁਰਦੇਵ ਨੇ ਜ਼ਮੀਨ ਵਿਚੋਂ ਪੈਸੇ ਟਕੇ ਅਤੇ ਫ਼ਸਲ ਦਾ ਹਿੱਸਾ ਲੈਣਾ ਕਰ ਲਿਆ। ਪਰਤਾਪੀ ਦੇ ਹਿੱਸੇ ਆਉਂਦੇ ਕਿੱਲੇ ਉਸ ਨੇ ਹਰਦੇਵ ਨੂੰ ਉਦੋਂ ਤੱਕ ਇਕੱਲੇ ਨੂੰ ਵਰਤਣ ਲਈ ਕਹਿ ਦਿੱਤਾ ਜਦੋਂ ਤੱਕ ਪਰਤਾਪੀ ਜਿਊਦੀ ਹੈ ਕਿਉਂਕਿ ਪਰਤਾਪੀ ਉਸ ਨਾਲ ਰੋਟੀ ਖਾਂਦੀ ਹੈ। ਦੋਹਾਂ ਭਰਾਵਾਂ ਵਿਚ ਜ਼ਮੀਨ ਦਾ ਲਾਲਚ ਇਸ ਪ੍ਰਕਾਰ ਵੱਧ ਗਿਆ ਕਿ ਇਕ ਚਾਹੁੰਦਾ ਸੀ ਕਿ ਬੇਬੇ ਜਲਦੀ ਮਰੇ ਤਾਂ ਜੋ ਜ਼ਮੀਨ ਦੀ ਵੰਡ ਹੋਵੇ ਅਤੇ ਦੂਜਾ ਚਾਹੁੰਦਾ ਸੀ ਕਿ ਬੇਬੇ ਨਾ ਮਰੇ ਤਾਂ ਜੋ ਉਹ ਇੱਕਲਾ ਹੀ ਉਸ ਜ਼ਮੀਨ ਦਾ ਮਾਲਿਕ ਰਹੇ। ਗੁਰਦੇਵ ਹਰ ਰੋਜ਼ ਪਰਤਾਪੀ ਦੀ ਮੌਤ ਦੀ ਖ਼ਬਰ ਉਡੀਕਣ ਲੱਗਾ;

> "ਜ਼ਮੀਨ-ਜਾਇਦਾਦ ਦਾ ਇਹ ਕਿਹਾ ਮੋਹ ਸੀ। ਮਾਂ ਉਹ ਦੋਵਾਂ ਦੀ ਸੀ,
> ਪਰ ਆਰਥਿਕ ਲਾਲਚ ਵੱਖਰਾ-ਵੱਖਰਾ। ਗੁਰਦੇਵ ਉਹਨੂੰ ਮਰਨ ਨਹੀਂ ਦਿੰਦਾ
> ਸੀ। ਹਰਦੇਵ ਉਹਨੂੰ ਹਮੇਸ਼ਾ ਮਰੀ ਲੋੜਦਾ।"[31]

ਅੰਤ ਉਹ ਵੇਲਾ ਆ ਗਿਆ ਜਿਸ ਦੀ ਉਡੀਕ ਗੁਰਦੇਵ ਨੂੰ ਪਰਤਾਪੀ ਦੀ ਮੌਤ। ਹਰਦੇਵ ਵਾਸਤੇ ਇਹ ਦੁੱਖ ਦੀ ਖਬਰ ਸੀ ਕਿਉਂਕਿ ਹੁਣ ਬੇਬੇ ਦੀ ਜ਼ਮੀਨ ਦੀ ਵੀ ਵੰਡੀ ਪੈ ਜਾਣੀ ਸੀ ਲੇਕਿਨ ਹਰਦੇਵ ਲਈ ਇਹ ਖੁਸ਼ੀ ਦੀ ਖ਼ਬਰ ਸੀ ਕਿਉਂਕਿ ਉਹ ਜ਼ਮੀਨ ਵੇਚ ਕੇ ਪੈਸੇ ਵੱਟਣੇ ਚਾਹੁੰਦਾ ਸੀ। ਹਰਦੇਵ ਵਿਚ ਇਕ ਡਰ ਵੀ ਸੀ ਕਿ ਕੀਤੇ ਉਸ ਦੇ ਭਰਾ ਨੇ ਮਰੀ ਬੇਬੇ ਦਾ ਅੰਗੂਠਾ ਲਗਾ ਕੇ ਸਾਰੀ ਜ਼ਮੀਨ ਆਪਣੇ ਨਾਂ ਨਾ ਲਗਵਾ ਲਈ ਹੋਵੇ। ਇਸ ਲਈ ਉਹ ਜਦੋਂ ਪਰਤਾਪੀ ਮਰੀ ਤੇ ਪਹੁੰਦਾ ਹੈ ਤਾਂ ਪਹਿਲਾਂ ਪਰਤਾਪੀ ਦੇ ਅੰਗੂਠੇ ਹੀ ਦੇਖਦਾ ਹੈ;

> "ਹਰਦੇਵ ਸਿੱਧਾ ਲੋਥ ਵਲ ਗਿਆ। ਜਾ ਕੇ ਮਾਂ ਦੇ ਮੰਜੇ ਉੱਤੇ ਲਿਟ ਗਿਆ।
> 'ਬੇਬੇ' ਸ਼ਬਦ ਉਹਦੇ ਮੂੰਹੋਂ ਬਹੁਤ ਲਮਕ ਗਿਆ ਸੀ। ਉਹਨੇ ਕੱਪੜਾ ਹਟਾ ਕੇ
> ਬੇਬੇ ਦੇ ਦੋਵੇਂ ਹੱਥ ਫੜ ਲਏ ਤੇ ਉਹਨਾਂ ਨੂੰ ਸਿੱਧੇ ਕਰਕੇ ਦੇਖਿਆ। ਦੋਵੇਂ ਹੱਥਾਂ
> ਦੇ ਅੰਗੂਠਿਆਂ ਦੀਆਂ ਰੇਖਾਵਾਂ ਵਿਚ ਕਾਲੀ, ਨੀਲੀ ਜਾਂ ਲਾਲ ਸਿਆਹੀ ਕਿਧਰੇ
> ਵੀ ਜੰਮੀ ਹੋਈ ਨਹੀਂ ਸੀ।"[32]

ਅਣਖੀ ਨੇ ਆਪਣੇ ਇਸ ਨਾਵਲ ਰਾਹੀ ਇਸਤਰੀ ਪਾਤਰ ਦੇ ਹਵਾਲੇ ਨਾਲ ਜਾਇਦਾਦ ਨਾਲ ਸੰਬੰਧਿਤ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਦਾ ਕਾਰਨ ਜ਼ਮੀਨ ਬਣਦੀ ਹੈ। ਜ਼ਮੀਨ ਦੀ ਖਾਤਿਰ ਹੀ ਗੱਜਣ ਵਰਗੇ ਪਾਤਰ ਚੰਦ ਕੁਰ ਅਤੇ ਪਰਤਾਪੀ ਵਰਗੀਆਂ ਔਰਤਾਂ ਦੀਆਂ ਜ਼ਿੰਦਗੀਆਂ ਖਰਾਬ ਕਰਦੇ ਹਨ। ਪੈਸਿਆਂ ਅਤੇ ਨਿੱਜੀ ਜਾਇਦਾਦ ਨਾਲ ਸੰਬੰਧਿਤ ਕਦਰਾਂ-ਕੀਮਤਾਂ ਇਨਸਾਨ ਨੂੰ ਨਿਘਾਰ ਦਿੰਦੀਆਂ ਹਨ। ਰਿਸ਼ਤਿਆਂ ਦੀ ਟੁੱਟ-ਭੱਜ ਦਾ ਸ਼ਿਕਾਰ ਸਭ ਤੋਂ ਜ਼ਿਆਦਾ ਔਰਤ ਹੀ ਹੁੰਦੀ ਹੈ। ਇਸ ਨਾਵਲ ਵਿਚ ਜਾਗੀਰਦਾਰੀ ਕਦਰਾਂ-ਕੀਮਤਾਂ ਵਾਲੇ ਮਰਦ-ਪ੍ਰਧਾਨ ਸਮਾਜ ਦੀ ਪੇਸ਼ਕਾਰੀ ਰਾਹੀਂ ਇਸਤਰੀ ਭਾਵੁਕ-ਸਾਂਸਕ੍ਰਿਤਕ ਦੁਖਾਂਤ ਨੂੰ ਬਿਆਨ ਕੀਤਾ ਗਿਆ ਹੈ।

**'ਦੁੱਲੇ ਦੀ ਢਾਬ' ਵਿਚ ਛੋਟੀ ਕਿਸਾਨੀ ਦਾ ਦੁਖਾਂਤ:-** 'ਦੁੱਲੇ ਦੀ ਢਾਬ' ਅਣਖੀ ਦਾ ਪ੍ਰਸਿੱਧ ਨਾਵਲ ਹੈ ਇਸ ਨਾਵਲ ਵਿਚ ਅਣਖੀ ਨੇ ਪੰਜਾਬ ਦੀ ਕਿਸਾਨੀ ਦੀਆਂ ਸਮੱਸਿਆਵਾਂ ਅਤੇ ਖੇਤੀ ਵਿਚ ਸਮੇਂ ਦੇ ਨਾਲ ਹੋਣ ਵਾਲੇ ਬਦਲਾਵ ਨੂੰ ਬਿਆਨ ਕੀਤਾ ਹੈ। 'ਕੋਠੇ ਖੜਕ ਸਿੰਘ' ਅਤੇ 'ਪਰਤਾਪੀ' ਵਰਗੀਆਂ ਮਹਾਨ ਰਚਨਾਵਾਂ ਤੋਂ ਬਾਅਦ 'ਦੁੱਲੇ ਦੀ ਢਾਬ' ਨਾਲ ਅਣਖੀ ਨਾਵਲ ਜਗਤ ਵਿਚ ਦੁਬਾਰਾ ਚਰਚਿਤ ਹੁੰਦਾ ਹੈ। ਵੀਹਵੀਂ ਸਦੀ ਦੇ ਪਿਛਲੇ ਦਹਾਕੇ ਵਿਚ ਪੂੰਜੀਵਾਦੀ ਕਦਰਾਂ-ਕੀਮਤਾਂ ਕਾਰਨ ਪੇਂਡੂ ਅਰਥਚਾਰੇ 'ਤੇ ਬਹੁਤ ਬੁਰਾ ਪ੍ਰਭਾਵ ਪਿਆ। ਇਸ ਕਰਕੇ ਛੋਟੀ ਕਿਸਾਨੀ ਦੀ ਹਾਲਤ ਦਿਨੋਂ-ਦਿਨ ਨਿਘਰਦੀ ਗਈ। ਅੱਜ ਦੀ ਕਿਸਾਨੀ ਵਿਚ ਜ਼ਿਆਦਾਤਰ ਕਿਸਾਨ ਛੋਟੀ ਕਿਸਾਨੀ ਨਾਲ ਸੰਬੰਧਿਤ ਹਨ। ਛੋਟੇ ਕਿਸਾਨਾਂ ਤੇ ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਬਹੁਤ ਅਸਰ ਪਿਆ। ਖੇਤੀ ਉੱਤੇ ਹੋਣ ਵਾਲੇ ਉਪਰਲੇ ਖਰਚੇ ਨੇ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਵੀ ਜ਼ਿਆਦਾ ਵਿਗਾੜ ਦਿੱਤੀ "ਅਜਿਹੇ ਕਿਸਾਨਾਂ ਦੀ ਜ਼ਮੀਨ 5 ਤੋਂ 15 ਕਿੱਲੇ ਤੱਕ

ਹੈ। ਕਰਜ਼ਿਆਂ ਦੇ ਬੋਝ ਕਾਰਨ ਇਹ ਜ਼ਮੀਨ ਤਾਂ ਵਿਕ ਰਹੀ ਹੈ ਜਾਂ ਗਹਿਣੇ ਪੈ ਗਈ। ਫਲਸਰੂਪ ਛੋਟੀ-ਕਿਸਾਨੀ ਹੋਰ ਛੋਟੀ ਹੁੰਦੀ ਜਾ ਰਹੀ ਹੈ।"[33] 'ਦੁੱਲੇ ਦੀ ਢਾਬ' ਅਜਿਹੀ ਹੀ ਨਿਘਰ ਰਹੀ ਕਿਸਾਨੀ ਦੇ ਦੁਖਾਂਤ ਨੂੰ ਬਿਆਨ ਕਰਦਾ ਹੈ।

**'ਹਮੀਰਗੜ' ਵਿਚ ਛੋਟੀ ਕਿਸਾਨੀ ਦਾ ਸੰਤਾਪ ਭੋਗਦੀ ਔਰਤ:-** 'ਹਮੀਰਗੜ' ਅਣਖੀ ਰਚਿਤ ਇਕ ਅਜਿਹਾ ਨਾਵਲ ਹੈ ਜਿਸ ਨੂੰ ਪੰਜਾਬੀ ਪੇਂਡੂ ਅਰਥਚਾਰੇ ਦਾ ਦਸਤਾਵੇਜ਼ ਕਿਹਾ ਜਾ ਸਕਦਾ ਹੈ। ਇਸ ਨਾਵਲ ਵਿਚ ਅਣਖੀ ਨੇ ਛੋਟੀ ਕਿਸਾਨੀ ਨੂੰ ਮੁੱਖ ਮੁੱਦੇ ਵਜੋਂ ਲਿਆ ਹੈ। ਹਮੀਰਗੜ ਨਾਵਲ ਦੀ ਮੂਲ ਸਮੱਸਿਆ ਜ਼ਮੀਨ ਦੀ ਵੰਡ ਹੁੰਦੀ ਹੈ ਜੋ ਕਿ ਛੋਟੀ ਅਤੇ ਵੱਡੀ ਦੋਹਾਂ ਪ੍ਰਕਾਰ ਦੀ ਖੇਤੀ ਨਾਲ ਸੰਬੰਧ ਰੱਖਣ ਵਾਲੇ ਕਿਸਾਨਾਂ ਲਈ ਮੁੱਖ ਸਮੱਸਿਆ ਹੁੰਦੀ ਹੈ। ਪੇਂਡੂ ਅਰਥਚਾਰੇ ਦਾ ਮੁੱਖ ਸਾਧਨ ਜ਼ਿਆਦਾਤਰ ਜ਼ਮੀਨ ਹੀ ਹੁੰਦੀ ਹੈ। ਇਸ ਕਰਕੇ ਉਹ ਆਪਣੇ ਹੱਥ ਆਈ ਜ਼ਮੀਨ ਨੂੰ ਕਿਸੇ ਵੀ ਤਰੀਕੇ ਗਵਾਉਣਾ ਨਹੀਂ ਚਾਹੁੰਦੇ। ਜ਼ਮੀਨ ਦੀ ਖਾਤਿਰ ਕਿਸਾਨ ਆਪਣਿਆਂ ਦੇ ਦੁਸ਼ਮਣ ਬਣ ਜਾਂਦੇ ਹਨ। ਕਿਸਾਨੀ ਸਭਿਆਚਾਰ ਵਿਚ ਇਕ ਭਰਾ ਚਾਹੁੰਦਾ ਹੈ ਕਿ ਦੂਸਰੇ ਭਰਾ ਦਾ ਜਾਂ ਵਿਆਹ ਨਾ ਹੋਵੇ ਜੇਕਰ ਵਿਆਹ ਹੋ ਗਿਆ ਹੈ ਤਾਂ ਉਸ ਦੇ ਔਲਾਦ ਨਾ ਹੋਵੇ। ਭਰਾ ਦਾ ਵਿਆਹ ਨਾ ਹੋਣ 'ਤੇ ਦੂਜਾ ਭਰਾ ਆਪਣੀ ਪਤਨੀ ਦੇ ਆਪਣੇ ਭਰਾ ਨਾਲ ਹੋਣ ਵਾਲੇ ਨਜ਼ਾਇਜ਼ ਸੰਬੰਧਾਂ ਦਾ ਵੀ ਬੁਰਾ ਨਹੀਂ ਮਨਾਉਂਦਾ ਕਿਉਂਕਿ ਉਸ ਨੂੰ ਤਸੱਲੀ ਰਹਿੰਦੀ ਹੈ ਕਿ ਅਜਿਹਾ ਕਰਨ ਨਾਲ ਉਸ ਦੇ ਭਰਾ ਦੇ ਮਨ ਵਿਚ ਵਿਆਹ ਕਰਨ ਦਾ ਵਿਚਾਰ ਨਹੀਂ ਆਵੇਗਾ ਅਤੇ ਉਸ ਦੇ ਹਿੱਸੇ ਦੀ ਜ਼ਮੀਨ ਸਦਾ ਉਸ ਦੇ ਕੋਲ ਰਹੇਗੀ। ਇਸੇ ਪ੍ਰਕਾਰ ਦਾ ਬਿਰਤਾਂਤ ਇਸ ਨਾਵਲ ਵਿਚ ਮਿਲਦਾ ਹੈ। ਜਲਕੁਰ ਇਕ ਅਜਿਹੀ ਔਰਤ ਹੈ ਜੋ ਘੱਟ ਜ਼ਮੀਨ ਹੋਣ ਕਾਰਨ ਆਰਥਿਕ ਤੰਗੀਆਂ ਦੀ ਮਾਰੀ ਆਪਣੇ ਦਿਉਰ ਭਜਨੇ ਨਾਲ ਸਿਰਫ਼ ਇਸ ਕਰਕੇ ਸੰਬੰਧ ਬਣਾਉਂਦੀ ਹੈ ਕਿ ਜ਼ਮੀਨ ਦੀ ਵੰਡ ਨਾ ਹੋਵੇ। ਕਿਤੇ ਨਾ ਕਿਤੇ ਇਸ ਗੱਲ ਤੋਂ ਜਹਲੁਰ ਦਾ ਪਤੀ ਗੁਰਮੇਲ ਵੀ ਜਾਣੂ ਹੈ ਪਰ ਉਹ ਵੀ ਜ਼ਮੀਨ ਦੀ ਵੰਡ ਨਾ ਹੋਵੇ ਇਸ ਰਿਸ਼ਤੇ ਨੂੰ ਅੰਦਰੋਂ-ਅੰਦਰੀ ਸਵੀਕਾਰ ਕਰ ਲੈਂਦਾ ਹੈ। ਗੁਰਮੇਲ ਅਤੇ ਭਜਨੇ ਕੋਲ ਦਸ ਕਿੱਲੇ ਜ਼ਮੀਨ ਸੀ ਪੰਜ ਕਿੱਲਿਆਂ ਵਿਚ ਖੇਤੀ ਕਰਕੇ ਦੋਹਾਂ ਭਰਾਵਾਂ ਦਾ ਗੁਜ਼ਾਰਾ ਮੁਸਕਿਲ ਨਾਲ ਹੁੰਦਾ ਸੀ। ਇਸ ਕਰਕੇ ਜਦੋਂ ਭਜਨੇ ਦੇ ਘਰਵਾਲੀ ਮੁੱਕੀ ਤਾਂ ਦੋਹਾਂ ਭਰਾਵਾਂ ਨੇ ਰੋਟੀ ਸਾਂਝੀ ਕਰ ਲਈ;

> "ਅਸਲ ਗੱਲ ਇਹ ਸੀ ਕਿ ਜੇ ਉਹ ਅੱਡ ਹੁੰਦੇ ਤਾਂ ਪੰਜ-ਪੰਜ
> ਕਿੱਲਿਆਂ ਨਾਲ ਦੋਵੇਂ ਘਰਾਂ ਦਾ ਬਣਦਾ ਕੱਖ ਨਹੀਂ ਸੀ।ਪੰਜ ਕਿੱਲਿਆਂ
> ਦੀ ਵਾਹੀ ਵੀ ਕੁਝ ਨਹੀਂ ਹੁੰਦੀ। ਦਸ ਕਿੱਲੇ ਦੀ ਵਾਹੀ ਠੀਕ ਸੀ।"[34]

ਇਸੇ ਕਾਰਨ ਦੋਵੇਂ ਭਰਾ ਸਾਂਝੀ ਖੇਤੀ ਕਰਨ ਲੱਗ ਜਾਂਦੇ ਹਨ। ਗੁਰਮੇਲ ਨੂੰ ਤਾਂ ਸਿਰਫ਼ ਜ਼ਮੀਨ ਦਾ ਲਾਲਚ ਸੀ ਲੇਕਿਨ ਭਜਨੇ ਨੂੰ ਜ਼ਮੀਨ ਨਾਲੋਂ ਜ਼ਿਆਦਾ ਜਲਕੁਰ ਦਾ ਭੁਸ ਪੈ ਗਿਆ ਸੀ। ਜਲਕੁਰ ਵਿਚਾਰੀ ਕਿਸਮਤ ਦੀ ਮਾਰੀ ਹੈ ਬੇਸ਼ੱਕ ਉਸ ਦੀ ਆਪਣੀ ਕੋਈ ਔਲਾਦ ਵੀ ਨਹੀਂ ਫਿਰ ਵੀ ਜ਼ਮੀਨ ਦੀ ਖਾਤਿਰ ਉਸ ਨੂੰ ਆਪਣੀ ਇੱਜ਼ਤ ਦਾ ਸਮਝੌਤਾ ਕਰਨਾ ਪੈਂਦਾ ਹੈ। ਬੇਸ਼ੱਕ ਜਲਕੁਰ ਦੇ ਭਜਨੇ ਨਾਲ ਸੰਬੰਧਾਂ ਦਾ ਇਕ ਕਾਰਨ ਕੁਮੁਕ ਵੀ ਹੈ ਪ੍ਰੰਤੂ ਇਸ ਦੀ ਜੜ੍ਹ ਤਾਂ ਜ਼ਮੀਨ ਦੇ ਲਾਲਚ ਤੋਂ ਹੀ ਸ਼ੁਰੂ ਹੁੰਦੀ ਹੈ। ਜਾਗੀਰਦਾਰੀ ਸਮਾਜ ਵਿਚ ਮਰਦ ਦੀ ਪ੍ਰਧਾਨਗੀ ਹੈ। ਜ਼ਮੀਨ ਦਾ ਵਾਰਿਸ ਮਰਦ ਨੂੰ ਹੀ

ਸਮਝਿਆ ਜਾਂਦਾ ਹੈ। ਇਸ ਮਾਲਕੀ ਨੂੰ ਕਾਇਮ ਰੱਖਣ ਵਾਸਤੇ ਮਰਦ ਹਰ ਜਾਇਜ਼ ਨਜਾਇਜ਼ ਕੰਮ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਇਸੇ ਕਰਕੇ ਅਣਖੀ ਦੇ ਨਾਵਲ ਪਰਤਾਪੀ ਵਿਚ ਗੱਜਣ ਚੰਦ ਕੁਰ ਨਾਲ ਚਲਾਕੀ ਵਰਤ ਕੇ ਜ਼ਮੀਨ ਦਾ ਮਾਲਿਕ ਬਣਦਾ ਹੈ "ਖੇਤੀ ਵਿਚ ਸਰਮਾਏਦਾਰੀ ਕਦਰਾਂ-ਕੀਮਤਾਂ ਦੇ ਵਿਕਾਸ ਨਾਲ ਜ਼ਮੀਨ ਵਿਚ ਵਾਧਾ ਕਰਨ ਦੇ ਢੰਗ-ਤਰੀਕਿਆਂ ਵਿਚ ਤਬਦੀਲੀ ਆਉਂਦੀ ਹੈ। ਮਿਹਨਤ ਤੇ ਕੰਜੂਸੀ ਦੀ ਥਾਂ ਚਲਾਕੀਆਂ, ਗ਼ੈਰ-ਕਾਨੂੰਨੀ ਢੰਗਾਂ ਨਾਲ ਕਮਾਈ ਦੌਲਤ ਤੇ ਇਖਲਾਕੀ ਤੌਰ 'ਤੇ ਗਿਰੇ ਹੋਏ ਢੰਗ-ਤਰੀਕੇ ਅਪਣਾਏ ਜਾਣ ਲੱਗਦੇ ਹਨ।"[35] ਇਸੇ ਕਾਰਨ ਜਲਕੁਰ ਸਭ ਪ੍ਰਕਾਰ ਦੀਆਂ ਕਦਰਾਂ-ਕੀਮਤਾਂ ਤਿਆਗ ਕੇ ਭਜਨੇ ਨਾਲ ਸਿਰਫ਼ ਜ਼ਮੀਨ ਦੇ ਲਾਲਚ ਵੱਸ ਸੰਬੰਧ ਬਣਾ ਲੈਂਦੀ ਹੈ। ਜੱਟਾਂ ਲਈ ਜ਼ਮੀਨ ਦਾ ਵਾਰਿਸ ਹੋਣਾ ਬਹੁਤ ਅਹਿਮ ਮੰਨਿਆਂ ਜਾਂਦਾ ਹੈ। ਇਸੇ ਲਈ ਜੱਟ ਪਰਿਵਾਰ ਵਿਚ ਪੁੱਤਰਾਂ ਦਾ ਹੋਣਾ ਮਾਣ ਵਾਲੀ ਗੱਲ ਮੰਨੀ ਜਾਂਦੀ ਹੈ। ਜਲਕੁਰ ਦੇ ਕੋਈ ਔਲਾਦ ਨਹੀਂ ਸੀ ਬੇਸ਼ੱਕ ਉਹ ਭਜਨੇ ਦੇ ਪੁੱਤਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੀ ਪ੍ਰੰਤੂ ਸ਼ਿਆਮੇ ਦੇ ਫੋਜੀ ਬਣ ਜਾਣ ਨਾਲ ਅਤੇ ਰਾਮਦਾਸ ਦੇ ਸਾਧ ਬਣ ਜਾਣ ਨਾਲ ਉਸ ਦੀ ਉਨ੍ਹਾਂ ਦੋਵਾਂ ਦੇ ਵਿਆਹ ਹੋਣ ਦੀ ਉਮੀਦ ਨਜ਼ਰ ਨਹੀਂ ਆਉਂਦੀ। ਇਸ ਕਰਕੇ ਉਸ ਨੂੰ ਜ਼ਮੀਨ ਦੇ ਲਈ ਕਿਸੇ ਵਾਰਿਸ ਦੀ ਚਿੰਤਾ ਸਤਾਉਣ ਲੱਗਦੀ ਹੈ ਜਿਸ ਕਾਰਨ ਉਹ ਕੋਈ ਬੱਚਾ ਗੋਦ ਲੈਣ ਬਾਰੇ ਸੋਚਣ ਲੱਗਦੀ ਹੈ ਜਿਸ ਦੀ ਸਲਾਹ ਉਹ ਰਾਮ ਨਾਲ ਸਲਾਹ ਕਰਦੀ ਹੈ;

> "ਮੈਂ ਤਾਂ ਹੁਣ ਹੋਰ ਸੋਚਦੀ ਆਂ। ਤੇਰਾ ਚਾਚਾ ਵੀ ਫ਼ਿਕਰ ਕਰਦਾ ਹੁੰਦੈ।
> ਬਈ ਕਿਸੇ ਦਾ ਮੁੰਡਾ ਪੱਲੇ ਪਵਾ ਲੀਏ। ਹੋਰ ਫੇਰ ਕੀ ਕਰਾਂਗੇ, ਤੂੰ ਤਾਂ
> ਮੰਨਦਾ ਨ੍ਹੀ। ਸ਼ਿਆਮੇ ਦਾ ਵਿਆਹ ਨ੍ਹੀ ਹੋਣਾ।"[36]

ਚਾਚੀ ਦੀ ਗੱਲ ਸੁਣ ਕੇ ਸਾਧ ਬਣੇ ਰਾਮ ਦੇ ਮਨ ਵਿਚ ਜ਼ਮੀਨ ਦੀ ਲਾਲਸਾ ਪੈਦਾ ਹੋ ਜਾਂਦੀ ਹੈ। ਜ਼ਮੀਨ ਚੀਜ਼ ਹੀ ਇਹੋ ਜਿਹੀ ਹੈ ਜਿਸ ਕਾਰਨ ਵੱਡੇ ਤੋਂ ਵੱਡੇ ਆਦਮੀ ਦੇ ਮਨ ਵਿਚ ਲਾਚਚ ਪੈਦਾ ਹੋ ਹੀ ਜਾਂਦਾ ਹੈ। ਸ਼ਿਆਮ ਆਪਣੇ ਚਾਚੇ ਦੇ ਦੁੱਖ ਤੋਂ ਹੀ ਫੌਜ ਵਿਚ ਭਰਤੀ ਹੋ ਗਿਆ ਸੀ। ਰਾਮ ਨੇ ਵੀ ਚਾਚੇ ਦੇ ਸਤਾਉਣ ਕਾਰਨ ਘਰ ਛੱਡ ਦਿੱਤਾ ਸੀ ਅਤੇ ਡੇਰੇ ਵਿਚ ਬੈਠ ਗਿਆ ਸੀ। ਭਜਨੇ ਦਾ ਇਨ੍ਹਾਂ ਗੱਲਾਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਉਸ ਨੂੰ ਤਾਂ ਬੱਸ ਜਲਕੁਰ ਨਾਲ ਮਤਲਬ ਸੀ। ਜਲਕੁਰ ਵੀ ਜ਼ਮੀਨ ਦੇ ਲਾਲਚ ਕਾਰਨ ਭਜਨੇ ਦੇ ਨਸ਼ੇ ਵਿਚ ਰਹਿੰਦੀ ਹੈ। ਉਹ ਇਹ ਸਭ ਜ਼ਮੀਨ ਕਰਕੇ ਕਰਦੀ ਰਹੀ ਪਰ ਕਦੀ ਉਸ ਦੇ ਦਿਲ ਵਿਚ ਇਹ ਖਿਆਲ ਆਇਆ ਹੀ ਨਹੀਂ ਜਿਸ ਜ਼ਮੀਨ ਕਾਰਨ ਉਹ ਨਰਕ ਭੋਗ ਰਹੀ ਹੈ ਉਹ ਜ਼ਮੀਨ ਨੂੰ ਸਾਂਭਣ ਲਈ ਉਸ ਦਾ ਕੋਈ ਧੀ-ਪੁੱਤ ਹੀ ਨਹੀਂ। ਗੁਰਮੇਲ ਸਾਰਾ ਦਿਨ ਖੇਤਾਂ ਵਿਚ ਹੱਡ-ਭੰਨਵੀਂ ਮਿਹਨਤ ਕਰਦਾ ਜਲਕੁਰ ਸਾਰਾ-ਸਾਰਾ ਦਿਨ ਘਰ ਦਾ ਕੰਮ ਕਰਦੀ ਅਤੇ ਗੁਰਮੇਲ ਦਾ ਤੱਤਾ ਸੁਭਾਅ ਉਸ ਨੂੰ ਤੋੜ ਸੁੱਟਦਾ। ਰਾਮ ਅਤੇ ਸ਼ਿਆਮ ਨੇ ਪਹਿਲਾਂ ਤਾਂ ਘਰ ਨਾਲੋਂ ਜਿਵੇਂ ਨਾਤਾ ਹੀ ਤੋੜ ਲਿਆ ਸੀ। ਜ਼ਮੀਨ-ਜਾਇਦਾਦ ਦੀ ਤਾਂ ਉਨ੍ਹਾਂ ਨੂੰ ਜਿਵੇਂ ਕੋਈ ਪ੍ਰਵਾਹ ਹੀ ਨਹੀਂ ਸੀ ਲੇਕਿਨ ਜਿਵੇਂ ਹੀ ਜਲਕੁਰ ਬੱਚਾ ਗੋਦ ਲੈਣ ਦੀ ਗੱਲ ਕਰਦੀ ਹੈ ਤਾਂ ਜਿਵੇਂ ਦੋਵੇਂ ਭਰਾਵਾਂ ਦੇ ਕੰਨ ਖੜੇ ਹੋ ਜਾਂਦੇ ਹਨ। ਅਚਾਨਕ ਉਨ੍ਹਾਂ ਨੂੰ ਚਾਚਾ-ਚਾਚੀ ਨਾਲ ਮੋਹ ਜਾਗ ਪੈਂਦਾ ਹੈ। ਪਹਿਲਾਂ ਜ਼ਮੀਨ

ਦੇ ਲਾਲਚ ਗੁਰਮੇਲ ਨੇ ਭਜਨੇ ਨੂੰ ਨਾਲ ਰਲਾ ਲਿਆ ਸੀ ਤੇ ਹੁਣ ਜ਼ਮੀਨ ਦੇ ਕਾਰਨ ਰਾਮ ਅਤੇ ਸ਼ਿਆਮ ਚਾਚੀ-ਚਾਚੇ ਨੂੰ ਖੁਸ਼ ਕਰਨ ਵਿਚ ਲੱਗ ਗਏ ਅਸਲ ਵਿਚ ਦੋਵੇਂ ਹੀ ਧਿਰਾਂ ਆਪਸੀ ਮੋਹ ਛੱਡ ਕੇ ਇਕ ਦੂਜੇ ਦੇ ਜ਼ਮੀਨ ਹੱਥੋਂ ਨਾ ਖੁੱਸ ਜਾਣ ਦੇ ਤਰੀਕੇ ਸੋਚਣ ਲੱਗੇ। ਇਕ ਦਿਨ ਅਚਾਨਕ ਅਜਿਹਾ ਹੋ ਗਿਆ ਕਿ ਮਾਮੂਲੀ ਝਗੜੇ ਨੂੰ ਲੈ ਕੇ ਗੁਰਮੇਲ ਦੇ ਹੱਥੋਂ ਕਤਲ ਹੋ ਜਾਂਦਾ ਹੈ ਜਿਸ ਕਾਰਨ ਮੁੱਕਦਮਾ ਚੱਲਦਾ ਹੈ ਇਸ ਮੁੱਕਦਮੇ 'ਤੇ ਜਲਕੁਰ ਨੂੰ ਬਹੁਤ ਖਰਚ ਕਰਨਾ ਪੈਦਾ ਹੈ "ਜੱਟ ਕਿਸਾਨੀ ਦੇ ਸੰਕਟ ਦਾ ਮੁਖ ਕਾਰਨ ਅਣਖੀ ਅਨੁਸਾਰ ਉਨ੍ਹਾਂ ਦੁਆਰਾ ਜ਼ਮੀਨ ਲਈ ਕੀਤੇ ਗਏ ਝਗੜੇ ਹਨ, ਇਹਨਾਂ ਝਗੜਿਆਂ ਦੇ ਫਲਸਰੂਪ ਉਸਦਾ ਲੰਬੀ ਕਾਨੂੰਨੀ ਪ੍ਰਕਿਰਿਆ ਨਾਲ ਵਾਹ ਪੈਂਦਾ ਹੈ। ਇਸਦਾ ਫਾਇਦਾ ਉਸਦਾ ਸਾਥ ਦੇਣ ਦੇ ਬਹਾਨੇ ਪਿੰਡ ਦੇ ਤੇ ਸ਼ਹਿਰ ਦੇ ਕੁਝ ਲਾਲਚੀ ਕਿਸਮ ਦੇ ਬੰਦੇ ਉਠਾਉਂਦੇ ਸਨ। ਉਹ ਕਿਸਾਨ ਨੂੰ ਅਜਿਹੇ ਚੱਕਰਾਂ ਵਿਚ ਉਲਝਾਉਂਦੇ ਸਨ, ਜਿਸ ਵਿਚੋਂ ਨਿਕਲਣ ਲਈ ਕਿਸਾਨ ਕੁਝ ਵੀ ਕਰਨ ਲਈ ਤਿਆਰ ਹੋ ਜਾਂਦਾ ਪਰੰਤੂ ਜਦੋਂ ਤਕ ਉਹ ਇਸ ਝਗੜੇ ਜਾਂ ਸ਼ਿਕੰਜੇ ਵਿਚੋਂ ਨਿਕਲਦਾ ਉਸਦਾ ਸਭ ਕੁਝ ਲੁੱਟਿਆ ਜਾਂਦਾ।"[37] ਅਜਿਹਾ ਹੀ ਜਲਕੁਰ ਦੇ ਨਾਲ ਹੁੰਦਾ ਹੈ ਉਹ ਗੁਰਮੇਲ ਨੂੰ ਬਚਾਉਣ ਵਾਸਤੇ ਪੈਸਾ ਪਾਣੀ ਵਾਂਗ ਵਹਾ ਦਿੰਦੀ ਹੈ। ਜਿਸ ਕੋਲ ਵੀ ਉਹ ਮਦਦ ਲਈ ਜਾਂਦੀ ਪਹਿਲਾਂ ਪੈਸੇ ਹੀ ਭਾਲਦਾ। ਘਰ ਵਿਚ ਜੋ ਵੀ ਰਕਮ ਸੀ ਜਲਕੁਰ ਨੇ ਪਾਣੀ ਵਾਂਗ ਵਹਾ ਦਿੱਤੀ ਅੰਤ ਜਦੋਂ ਸਾਰੀ ਰਕਮ ਖਤਮ ਹੋ ਗਈ ਤਾਂ ਅੜੀ-ਥੁੜੀ ਨੂੰ ਜੱਟਾਂ ਦੇ ਕੰਮ ਆੜਤੀਏ ਹੀ ਆਉਂਦੇ ਹਨ ਇਸੇ ਕਰਕੇ ਜਲਕੁਰ ਆਖਰੀ ਆਸ ਲੈ ਕੇ ਆੜਤੀਏ ਕੋਲ ਜਾਂਦੀ ਹੈ। ਆੜਤੀਏ ਤਾਂ ਜੱਟ ਉੱਤੇ ਸੰਕਟ ਦਾ ਹਮੇਸ਼ਾ ਹੀ ਫਾਇਦਾ ਉਠਾਉਂਦੇ ਆਏ ਹਨ। ਇਸ ਲਈ ਸੂਰਜ ਮੱਲ ਆੜਤੀਆ ਵੀ ਜਲਕੁਰ ਦੀ ਮਜ਼ਬੂਰੀ ਦਾ ਫਾਇਦਾ ਉਠਾਉਣ ਤੋਂ ਗੁਰੇਜ਼ ਨਹੀਂ ਕਰਦਾ ਇਸ ਕਰਕੇ ਉਹ ਪੈਸੇ ਦੇਣ ਤੋਂ ਪਹਿਲਾਂ ਹੀ ਜਲਕੁਰ ਦੀ ਫਸਲ ਨੂੰ ਟੋਹਦਾ ਹੈ;

> "ਕਿੰਨੀ ਜ਼ਮੀਨ ਹੈ, ਐਤਕੀ ਕੀ-ਕੀ ਫਸਮ ਬੀਜੀ ਹੋਈ ਹੈ,
>
> ਪਿਛਲੇ ਸਾਲ ਕਿੰਨੀ ਕਣਕ ਹੋਈ ਸੀ।"[38]

ਸਭ ਕੁਝ ਟੋਹ ਲੈਣ ਤੋਂ ਬਾਅਦ ਹੀ ਆੜਤੀਆ ਜਕਲੁਰ ਨੂੰ ਪੈਸੇ ਦਿੰਦਾ ਹੈ। ਜਲਕੁਰ ਇਕ ਘਰੇਲੂ ਅਤੇ ਅਨਪੜ੍ਹ ਔਰਤ ਹੋਣ ਕਰਕੇ ਸਾਰੇ ਉਸ ਦੀ ਇਸ ਕਮਜ਼ੋਰੀ ਦਾ ਫਾਇਦਾ ਹੀ ਉਠਾਉਂਦੇ ਹਨ। ਨਾਰੀ ਦੇ ਪਛੜੇ ਹੋਣ ਦਾ ਕਾਰਨ ਵੀ ਇਹੀ ਹੀ ਰਿਹਾ ਹੈ ਕਿ ਮਰਦ ਨੇ ਬਾਹਰਲੇ ਕੰਮ ਹਮੇਸ਼ਾ ਆਪਣੇ ਹੱਥ ਵਿਚ ਹੀ ਰੱਖੇ ਹੋਏ ਹਨ। ਔਰਤ ਦਾ ਦਾਇਰਾ ਸੀਮਤ ਹੋਣ ਕਾਰਨ ਉਸ ਕੋਲ ਮਰਦ ਦੀਆਂ ਚਾਲਾਂ ਨੂੰ ਸਮਝਣ ਲਈ ਅਨੁਭਵ ਨਹੀਂ ਸੀ। ਮਰਦ ਨੇ ਇਸਤਰੀ ਨੂੰ ਤੰਗ ਤੋਂ ਤੰਗ ਦਾਇਰੇ ਵਿਚ ਰੱਖਣ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ। ਇਸੇ ਕਾਰਨ ਜਦੋਂ ਗੁਰਮੇਲ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਪਤੀ ਨੂੰ ਛਡਾਉਣ ਵਾਸਤੇ ਜਲਕੁਰ ਕਈ ਥਾਈਂ ਧੱਕੇ ਖਾਂਦੀ ਫਿਰਦੀ ਹੈ ਇਕ ਤਾਂ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸ ਨੂੰ ਕਿਸੇ ਦਾ ਕੋਈ ਸਹਾਰਾ ਨਹੀਂ ਸੀ ਦੂਜਾ ਜੇਕਰ ਉਹ ਕਿਸੇ ਸ਼ਰੀਕ ਨੂੰ ਨਾਲ ਲਿਜਾਂਦੀ ਤਾਂ ਹਰ ਕੋਈ ਗੁਮੇਲ ਨੂੰ ਫਸਾ ਕੇ ਹੀ ਰਾਜ਼ੀ ਸੀ ਕਿਉਂਕਿ ਜ਼ਮੀਨ ਕਾਰਨ ਉਨ੍ਹਾਂ ਦਾ ਇਮਾਨ ਡੋਲ ਜਾਂਦਾ। ਸਾਰਾ ਟੱਬਰ ਜਲਕੁਰ ਦੇ ਦਰਦ ਨੂੰ ਸਮਝ ਨਾ ਸਕਿਆ। ਬੇਸ਼ੱਕ ਗੁਰਮੇਲ ਦਾ ਸੁਭਾਅ ਕੋੜਾ ਸੀ ਉਸ ਨੇ ਜਲਕੁਰ ਦੀ ਕਦੀ ਕਦਰ ਨਹੀਂ ਕੀਤੀ ਸੀ

ਪ੍ਰੰਤੂ ਫਿਰ ਵੀ ਜਲਕੁਰ ਉਸ ਨੂੰ ਆਪਣਾ ਸਭ ਕੁਝ ਮੰਨਦੀ ਸੀ ਉਸ ਦੇ ਵਿਛੋੜੇ ਵਿਚ ਤੜਫਦੀ ਅਤੇ ਗੁਰਮੇਲ ਨੂੰ ਫਾਹਾ ਲੱਗਣ ਦੇ ਭੈਅ ਤੋਂ ਡਰ ਜਾਂਦੀ। ਜਲਕੁਰ ਦੀ ਪਤੀ ਤੋਂ ਬਾਅਦ ਹਾਲਤ ਬਹੁਤ ਖਰਾਬ ਹੋ ਗਈ ਸੀ ਉਸ ਨੂੰ ਇਕੱਲਾਪਨ ਸਤਾਉਣ ਲੱਗਾ। ਸਾਰੀ-ਸਾਰੀ ਰਾਤ ਉਸ ਨੂੰ ਨੀਂਦ ਨਾ ਆਉਂਦੀ ਇਥੋਂ ਤੱਕ ਕੀ ਹੁਣ ਤਾਂ ਉਸ ਨੂੰ ਰਾਤ ਸਮੇਂ ਆਉਣ ਵਾਲੀਆਂ ਗੱਡੀਆਂ ਦਾ ਸਮਾਂ ਵੀ ਯਾਦ ਹੋ ਗਿਆ ਸੀ। ਗੱਡੀਆਂ ਦਾ ਸ਼ੋਰ ਉਸ ਦੇ ਦਿਮਾਗ ਨੂੰ ਪਾੜ ਸੁੱਟਦਾ। ਜਲਕੁਰ ਨੂੰ ਹੁਣ ਕਿਸੇ ਦਾ ਸਹਾਰਾ ਨਾ ਰਿਹਾ;

> "ਛੁੱਟੀ ਲੈ ਕੇ ਆਇਆ ਸ਼ਿਆਮ ਜਲਕੁਰ ਦੇ ਕੋਲ ਹੀ ਮੰਜਾ ਡਾਹ ਕੇ ਪਿਆ ਹੋਇਆ ਸੀ। ਓਥੇ ਹੀ ਭੀਖੀ ਵਾਲੀ ਕੁੜੀ ਮੀਤੋਂ ਦਾ ਮੰਜਾ ਸੀ। ਰੱਲੇ ਵਾਲਾ ਪ੍ਰਾਹੁਣਾ ਬਲਵਿੰਦਰ ਵੀ ਪਿਆ ਸੀ। ਪਰ ਜਲਕੁਰ ਨੂੰ ਤਿੰਨਾਂ ਦਾ ਕੋਈ ਸਹਾਰਾ ਨਹੀਂ ਸੀ। ਉਹ ਤਾਂ ਜਿਵੇਂ ਧੁਰ-ਦਰਗਾਹੋ ਇਕੱਲੀ ਹੋਵੇ।"[39]

ਜਲਕੁਰ ਕਦੀ-ਕਦੀ ਪਛਤਾਉਂਦੀ ਅਤੇ ਸੋਚਦੀ ਕਿਉਂ ਗੁਰਮੇਲ ਵਰਗੇ ਆਦਮੀ ਤੇ ਉਸ ਨੇ ਆਪਣੀ ਜ਼ਿੰਦਗੀ ਖਰਾਬ ਕਰ ਲਈ। ਉਸ ਨੂੰ ਪਛਤਾਵਾ ਹੁੰਦਾ ਕਿ ਗੁਰਮੇਲ ਦਾ ਸੁਭਾਅ ਜੇਕਰ ਅੜਬ ਨਾ ਹੁੰਦਾ ਤਾਂ ਅੱਜ ਉਸ ਕੋਲੋਂ ਕਤਲ ਨਾ ਹੁੰਦਾ ਅਤੇ ਸ਼ਾਇਦ ਉਨ੍ਹਾਂ ਦੇ ਘਰ ਵੀ ਕੋਈ ਔਲਾਦ ਹੁੰਦੀ। ਜਲਕੁਰ ਦਿਨੋਂ ਦਿਨ ਟੁੱਟਦੀ ਜਾ ਰਹੀ ਸੀ ਉਸ ਨੂੰ ਆਪਣੇ ਆਪ ਦੀ ਵੀ ਸੁਰਤ ਨਾ ਰਹੀ। ਇਸੇ ਇਕੱਲੇਪਨ ਕਾਰਨ ਜਲਕੁਰ ਦੇ ਸੰਬੰਧ ਆਪਣੇ ਸੀਰੀ ਸੰਤੋਖੇ ਨਾਲ ਬਣ ਜਾਂਦੇ ਹਨ। ਪੰਜਾਬ ਨੂੰ ਸੂਰਬੀਰਾਂ ਅਤੇ ਅਣਖੀਆਂ ਦਾ ਦੇਸ਼ ਮੰਨਿਆ ਜਾਂਦਾ ਰਿਹਾ ਹੈ ਆਪਣੀ ਅਣਖ ਦੀ ਖਾਤਿਰ ਸੁੱਚੇ ਵਰਗੇ ਸੂਰਮੇ ਘੁਕਰ ਵਰਗੇ ਗਦਾਰ ਬੰਦਿਆਂ ਨੂੰ ਜਾਨੋ ਮਾਰ ਮਕਾਉਣ ਤੋਂ ਵੀ ਨਹੀਂ ਡਰਦੇ ਪਰ ਇਸ ਪੂੰਜੀਵਾਦੀ ਸਮਾਜ ਵਿਚ ਆ ਕੇ ਇਹ ਕਦਰਾਂ-ਕੀਮਤਾਂ ਖਤਮ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਰਾਮ ਅਤੇ ਸ਼ਿਆਮ ਇਹ ਜਾਣਦੇ ਹਨ ਕਿ ਉਸ ਦੀ ਚਾਚੀ ਦੇ ਉਨ੍ਹਾਂ ਦੇ ਬਾਪ ਨਾਲ ਨਜਾਇਜ਼ ਸੰਬੰਧ ਹਨ ਅਤੇ ਉਹ ਸੰਤੋਖੇ ਅਤੇ ਬਲਵਿੰਦਰ ਨਾਲ ਵੀ ਚਾਚੀ ਦੇ ਸੰਬੰਧਾਂ ਤੋਂ ਜਾਣੂ ਹਨ ਪਰ ਜ਼ਮੀਨ ਨੇ ਉਨ੍ਹਾਂ ਨੂੰ ਇਸ ਕਦਰ ਅੰਨ੍ਹੇ ਕਰ ਦਿੱਤਾ ਹੈ ਕਿ ਉਹ ਹੋਰ ਕਿਸੇ ਗੱਲ ਦੀ ਪਰਵਾਹ ਹੀ ਨਹੀਂ ਕਰਦੇ। ਸ਼ਿਆਮ ਆਪਣੀ ਚਾਚੀ ਦੀ ਕਮਜ਼ੋਰੀ ਨੂੰ ਜਾਣ ਗਿਆ ਸੀ ਕਿ ਉਹ ਆਦਮੀ ਬਿਨਾਂ ਸਾਰ ਨਹੀਂ ਸਕਦੀ ਇਸ ਕਰਕੇ ਉਹ ਹੋਰ ਹੀ ਚਾਲਾਂ ਸੋਚਣ ਲੱਗ ਗਿਆ। "ਰਾਮ ਸਰੂਪ ਅਣਖੀ ਇਸ ਤਰਕ ਦੀ ਉਸਾਰੀ ਸਚੇਤ ਰੂਪ ਵਿਚ ਕਰਦਾ ਹੈ ਕਿ ਜਿਹੜੇ ਰਿਸ਼ਤੇ ਰੂਹ ਤੇਹ ਤੋਂ ਪਰ੍ਹਾਂ ਦੇ ਹਨ, ਜਿਹਨਾਂ ਨੂੰ ਸਮਾਜ ਵਿਚ ਨੈਤਿਕ ਪ੍ਰਮਾਣਤਾ ਹੈ, ਉਹਨਾਂ ਵਿਚ ਆਰਥਿਕਤਾ ਦੀ ਦਖਲ ਅੰਦਾਜ਼ੀ ਇਸ ਕਿਸਮ ਦੀ ਮਾਨਸਿਕਤਾ ਨੂੰ ਜਨਮ ਦਿੰਦੀ ਹੈ ਕਿ ਉਹ ਲੋਭ-ਲਾਲਚ ਅਤੇ ਹਿੱਤ ਦਾ ਪਰਤੌ ਬਣਦੇ ਹਨ। ਲੋਭ ਲਾਲਚ ਅਤੇ ਹਿੱਤ ਮਨੁੱਖ ਨੂੰ ਬੌਣਾ ਕਰ ਦਿੰਦੇ ਹਨ।।"[40] ਇਸੇ ਲੋਭ ਲਾਲਚ ਵਿਚ ਆ ਕੇ ਰਾਮ ਅਤੇ ਸ਼ਿਆਮ ਆਪਣੀ ਚਾਚੀ ਨੂੰ ਹੀ ਖਿਡੌਣਾ ਬਣਾ ਲੈਂਦੇ ਹਨ। ਉਸ ਨੂੰ ਚਾਚੇ ਦੇ ਹਿੱਸੇ ਦੀ ਜ਼ਮੀਨ

ਦਾ ਡਰ ਸਤਾਉਣ ਲੱਗਾ ਉਸ ਨੇ ਸੋਚਿਆ ਕਿ ਸੰਤੋਖੇ ਅਤੇ ਬਲਵਿੰਦਰ ਕਿਤੇ ਚਾਚੀ ਦੀ ਜ਼ਮੀਨ ਨਾ ਆਪਣੇ ਨਾਂ ਨਾ ਲਗਵਾ ਲਵੇ। ਉਹ ਹੁਣ ਨਵੀਆਂ ਜੁਗਤਾਂ ਬਣਾਉਣ ਲੱਗਾ ਭੀਖੀ ਜਾ ਕੇ ਉਹ ਸਾਰੀ ਗੱਲ ਤੇਜੋ ਨਾਲ ਕਰਦਾ ਹੈ;

> "ਫੇਰ ਇਕ ਗੱਲ ਐ, ਭਾਬੀ। ਮੈਂ ਤਾਂ ਆਂਖ ਨਹੀਂ ਸਕਦਾ। ਤੂੰ ਗੱਲ ਕਰ
>
> ਇਹਦੇ ਨਾਲ ਨਾਲ। ਮੈਂ ਇਹਨੂੰ ਹਮੀਰਗੜ੍ਹ ਲੈ ਕੇ ਚੱਲਿਆ। ਇਹਨੂੰ ਆਖ,
>
> ਚਾਚੀ ਦਾ ਚਮਿਆਰ ਤੋਂ ਖਹਿੜਾ ਛੁਡਾਵੇ।
>
> 'ਇਹ ਕਿਮੇਂ ਛੁਡਾਊ ਖਹਿੜਾ?'
>
> 'ਜਦੋਂ ਇਹ ਉਤੋਂ ਦੀ ਪੈ ਗਿਆ, ਚਮਿਆਰ ਆਪੇ ਟਲ ਜੂ।'
>
> 'ਇਹ ਗੱਲ ਕਿਮੇਂ ਹੋ ਜੂ। ਉਹ ਤਾਂ ਭੂਆ ਲੱਗੀ ਇਹਦੀ।'
>
> 'ਉਹ ਕੀ ਸਕੀ ਭੂਆ ਐ ਇਹਦੀ? ਸਿੱਧਰੀ ਗੱਲ ਕਿਉਂ ਕਰਦੀ ਐਂ, ਭਾਬੀ।
>
> ਇਹਨਾਂ ਦਾ ਆਪੇ ਈ ਹੋ ਜਾਣੈ।"[41]

ਕਹਿਣ ਤੋਂ ਭਾਵ ਜ਼ਮੀਨ ਦੀ ਖਾਤਿਰ ਇਨਸਾਨ ਆਪਣਾ ਈਮਾਨ ਵੀ ਭੁੱਲ ਜਾਂਦਾ ਹੈ। ਔਰਤ ਵਿਚਾਰੀ ਹਮੇਸ਼ਾ ਹੀ ਮਰਦ ਦੀਆਂ ਵਧੀਕੀਆਂ ਦੀ ਸ਼ਿਕਾਰ ਹੁੰਦੀ ਆਈ ਉਸ ਨੂੰ ਮਰਦ ਦੀਆਂ ਇਨ੍ਹਾਂ ਚਾਲਾਂ ਦੀ ਕਦੀ ਸਮਝ ਹੀ ਨਹੀਂ ਆਈ। ਪਿਆਰ ਦੇ ਦੋ ਬੋਲ ਸੁਣਨ ਖਾਤਿਰ ਔਰਤ ਆਪਣਾ ਸਭ ਕੁਝ ਲਟਾਉਣ ਵਾਸਤੇ ਤਿਆਰ ਹੋ ਜਾਂਦੀ ਹੈ। ਮਰਦ ਨੇ ਔਰਤ ਦੀ ਇਸੇ ਕਮਜ਼ੋਰੀ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ। "ਫਿਊਡਲ ਪੰਜਾਬੀ ਲੋਕਾਚਾਰ ਵਿਚ ਮਨੁੱਖ ਦੇ ਅਵਚੇਤਨ ਵਿਚ ਔਰਤ ਧਸੀ ਪਈ ਹੈ ਤਾਂ ਔਰਤ ਦੇ ਇਰਦ-ਗਿਰਦ ਉਸਾਰੇ ਨੈਤਿਕ ਲੁਬਾਦੇ ਦਾ ਕੋਈ ਪਰਵਾਹ ਨਹੀਂ। ਔਰਤ ਆਪਣੇ ਪਰਿਵਾਰ ਵਿਚ ਦੋ ਤਿੰਨ ਚਾਰ ਮਰਦਾਂ ਦੀ ਆਮਦ ਨੂੰ ਸ਼ੋਸ਼ਣ ਨਹੀਂ ਸਮਝਦੀ, ਉਧਰ ਮਰਦ ਵੀ ਆਪਣੀ ਔਰਤ ਨਾਲ ਸਕੇ ਭਰਾਵਾਂ ਜਾਂ ਰਿਸ਼ਤੇਦਾਰਾਂ ਦੇ ਸੰਬੰਧਾਂ ਦਾ ਪਤਾ ਹੋਣ ਦੇ ਬਾਵਜੂਦ ਬੁਰਾ ਨਹੀਂ ਮਨਾਉਂਦਾ।"[42] ਸ਼ਿਆਮ ਚਾਚੀ ਦੀ ਜ਼ਮੀਨ ਹਥਿਆਉਣ ਵਾਸਤੇ ਹੋਰ ਪੈਂਤਰਾ ਅਪਣਾਉਂਦਾ ਹੈ ਉਹ ਚਾਚੀ ਦੇ ਲਈ ਫਤਹਿ ਸੂੰ ਨੂੰ ਹਮੀਰਗੜ੍ਹ ਲੈ ਆਉਂਦਾ ਹੈ। ਬੇਸ਼ੱਕ ਗੁਰਮੇਲ ਦੇ ਮਗਰੋਂ ਜਲਕੁਰ ਨੇ ਦੇਹ ਦਾ ਸੁੱਖ ਕਈ ਬੰਦਿਆਂ ਨਾਲ ਮਾਣਿਆ ਪ੍ਰੰਤੂ ਉਹ ਸਿਰ ਦਾ ਸਾਂਈ ਗੁਰਮੇਲ ਨੂੰ ਹੀ ਮੰਨਦੀ। ਗੁਰਮੇਲ ਦੇ ਜੇਲ ਜਾਣ ਤੋਂ ਬਾਅਦ ਜਲਕੁਰ ਦੀ ਆਰਥਿਕ ਸਥਿਤੀ ਬਹੁਤ ਜ਼ਿਆਦਾ ਖਰਾਬ ਹੋ ਗਈ ਖੇਤੀ ਦਾ ਕੰਮ ਉਸ ਦੇ ਸਿਰ ਤੇ ਆਣ ਪਿਆ। ਬੇਸ਼ੱਕ ਫਤਹਿ ਸੂੰ ਅਤੇ ਸੀਰੀ ਸੰਤੋਖਾ ਉਸ ਦੀ ਪੂਰੀ ਮਦਦ ਕਰਦੇ ਪ੍ਰੰਤੂ ਜ਼ਮੀਨ-ਜਾਇਦਾਦ ਵੀ ਆਪਣਾ ਅਸਲ ਮਾਲਿਕ ਮੰਗਦੀ ਹੈ। ਗੱਲ ਕਿ ਗੁਰਮੇਲ ਦੇ ਜੇਲ ਜਾਣ ਤੋਂ ਬਾਅਦ ਜਲਕੁਰ ਨੂੰ ਜ਼ਮੀਨ ਗਹਿਣੇ ਧਰਨੀ ਪਈ;

"ਇਹਨਾਂ ਤਿੰਨਾਂ ਸਾਲਾਂ ਵਿਚ ਜਲਕੁਰ ਨੇ ਦੋ ਕਿੱਲੇ ਜ਼ਮੀਨ ਗਹਿਣੇ ਧਰ ਦਿੱਤੀ ਸੀ। ਹੋਰ ਕੀ ਕਰਦੀ ਉਹ? ਕਿਥੋਂ ਆਉਂਦੇ ਪੈਸੇ ਹੋਰ ਕਿਧਰੋਂ? ਪੈਸਿਆਂ ਦੀ ਤਾਂ ਲੱਗੋ-ਲੱਗ ਸੀ। ਪਹਿਲਾਂ ਦੋ ਸਾਲ ਬਠਿੰਡੇ ਲਗਦੇ ਰਹੇ, ਫੇਰ ਇਕ ਸਾਲ ਚੰਡੀਗੜ੍ਹ।"[43]

ਹੋਲੀ-ਹੋਲੀ ਹਾਲਾਤ ਬਦਲਣ ਲੱਗੇ ਸ਼ਿਆਮ ਦਾਸ ਦਾ ਵਿਆਹ ਜ਼ਮੀਨ ਦੇ ਜ਼ੋਰ 'ਤੇ ਹੋ ਗਿਆ ਜਲਕੁਰ ਦੀ ਜ਼ਮੀਨ ਦੇ ਵਾਰਿਸ ਲਈ ਚਿੰਤਾ ਘਟ ਗਈ। ਸ਼ਿਆਮ ਦਾਸ ਜੋ ਚਾਹੁੰਦਾ ਸੀ ਕਿ ਜ਼ਮੀਨ ਉਸੇ ਦੇ ਖਾਨਦਾਨ ਦੇ ਵਾਰਿਸ ਨੂੰ ਮਿਲੇ ਇਸ ਲਈ ਉਹ ਸਮੇਂ ਇਸ ਚਿੰਤਾ ਵਿਚ ਰਹਿੰਦਾ ਸੀ ਕਿ ਕਿਤੇ ਚਾਚੀ ਪੇਕਿਆਂ ਵਲੋਂ ਕਿਸੇ ਬੱਚੇ ਨੂੰ ਗੋਦ ਲੈ ਕੇ ਜ਼ਮੀਨ ਉਸ ਦੇ ਨਾਂ ਨਾ ਲਗਵਾ ਦੇਵੇ ਅੱਜ ਉਸੇ ਸ਼ਿਆਮ ਦਾਸ ਦੀ ਜ਼ਮੀਨ ਦਾ ਮਾਲਿਕ ਉਸ ਦੀ ਪਤਨੀ ਦੀ ਕੁੱਖ ਵਿਚੋਂ ਉਸ ਦੇ ਪ੍ਰੇਮੀ ਦਾ ਪੈਦਾ ਹੋਇਆ ਬੱਚਾ ਬਣਦਾ ਹੈ। ਇਸ ਗੱਲ ਦਾ ਸ਼ਿਆਮ ਨੂੰ ਕੋਈ ਇਲਮ ਵੀ ਨਹੀਂ ਉਸ ਦੇ ਲਈ ਤਾਂ ਇਹ ਹੀ ਬਹੁਤ ਹੈ ਕਿ ਉਸ ਦੀ ਜਾਇਦਾਦ ਨੂੰ ਸਾਂਭਣ ਲਈ ਵਾਰਿਸ ਪੈਦਾ ਹੋ ਗਿਆ। ਜਲਕੁਰ ਜਿਸ ਨੇ ਸਾਰੀ ਉਮਰ ਘਰ ਨੂੰ ਬੰਨ ਕੇ ਰੱਖਿਆ ਸੀ ਅੱਜ ਸ਼ਿਆਮ ਦਾਸ ਦੇ ਵਿਆਹ ਤੋਂ ਬਾਅਦ ਘਰ ਵਿਚ ਉਹ ਸਿਰਫ਼ ਦਿਨ ਹੀ ਕੱਟਣ ਲੱਗੀ। ਸ਼ਿਆਮ ਦੀ ਪਤਨੀ ਦੇ ਨਜਾਇਜ਼ ਸੰਬੰਧਾਂ ਦੀ ਜਾਣਕਾਰੀ ਹੁੰਦੇ ਹੋਏ ਵੀ ਉਹ ਇਸੇ ਕਰਕੇ ਚੁੱਪ ਵੱਟੀ ਰੱਖਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਮੱਘੋ ਵੀ ਉਸਦੇ ਸੰਬੰਧਾਂ ਬਾਰੇ ਜਾਣਦੀ ਹੈ।

ਇਸੇ ਨਾਵਲ ਦੀ ਦੂਸਰੀ ਪਾਤਰ ਤੇਜੋ ਜੋ ਸ਼ਿਆਮ ਦੀ ਭੂਆ ਦੀ ਨੂੰਹ ਹੈ ਉਹ ਵੀ ਛੋਟੀ ਕਿਸਾਨੀ ਵਿਚ ਆਰਥਿਕ ਸੰਤਾਪ ਹੰਢਾਉਂਦੀ ਨਜ਼ਰ ਆਉਂਦੀ ਹੈ। ਘੱਟ ਜ਼ਮੀਨ ਹੋਣ ਕਾਰਨ ਉਸ ਦੇ ਦਿਓਰਾਂ ਜੇਠਾਂ ਦਾ ਵਿਆਹ ਨਹੀਂ ਹੋ ਪਾਉਂਦਾ ਇਸੇ ਕਰਕੇ ਉਹ ਸਭ ਦੀ ਸਾਂਝੀ ਪਤਨੀ ਹੋਣ ਦਾ ਸੰਤਾਪ ਹੰਢਾਉਂਦੀ ਹੈ। ਪੈਸਿਆਂ ਦੀ ਤੰਗੀ ਕਾਰਨ ਉਸ ਨੂੰ ਸ਼ਿਆਮ ਨਾਲ ਵੀ ਸੰਬੰਧ ਬਣਾਉਣੇ ਪੈਂਦੇ ਹਨ। ਉਹ ਸ਼ਿਆਮ ਨੂੰ ਦੱਸਦੀ ਹੈ ਕਿ;

"ਵੇ ਸਿਆਮ, ਜਾਏਖਾਣੀਆਂ ਜਮੀਨਾਂ ਦੇ ਪੰਗੇ ਦੇਖ। ਮੈਂ ਵੀ ਤਾਂ ਜ਼ਮੀਨ ਪਿੱਛੇ ਈ ਤਿੰਨ-ਤਿੰਨ ਖਸਮ ਪਿੰਡੇ 'ਤੇ ਹੰਢਾਉਨੀਆਂ। ਹੁਣ ਤੂੰ ਦੇਖ ਜ਼ਮੀਨ ਪਿੱਛੇ ਕੀ-ਕੀ ਹੂਲੇ ਫਕਦਾ ਫਿਰਦੈ।"[44]

ਜ਼ਮੀਨ ਦੇ ਲਾਲਚ ਕਾਰਨ ਹੀ ਤੇਜੋ ਦਾ ਪਤੀ ਚੁੱਪ ਹੈ ਕਿ ਉਸਦੇ ਸੰਬੰਧ ਉਸਦੇ ਦੂਸਰੇ ਭਰਾਵਾਂ ਨਾਲ ਵੀ ਹਨ ਇੱਥੋਂ ਤੱਕ ਕਿ ਤੇਜੋ ਇਹ ਵੀ ਨਹੀਂ ਜਾਣਦੀ ਕਿ ਉਸਦੇ ਬੱਚੇ ਕਿਸ ਦੇ ਹਨ। ਕਿਸਾਨੀ ਸਮਾਜ ਵਿਚ ਜ਼ਮੀਨ ਦੀ ਵੰਡ ਦੇ ਡਰ ਤੋਂ ਕਈ ਭਰਾਵਾਂ ਦੀ ਇਕ ਹੀ ਪਤਨੀ ਦੀਆਂ ਸਾਨੂੰ ਕਈ ਉਦਾਹਰਨਾਂ ਸਾਹਿਤ ਵਿਚ ਵੇਖਣ ਨੂੰ ਮਿਲਦੀਆਂ ਹਨ।

**'ਸਲਫਾਸ' ਵਿਚ ਛੋਟੀ ਕਿਸਾਨੀ ਦਾ ਦੁਖਾਂਤ:-** 'ਦੁੱਲੇ ਦੀ ਢਾਬ' ਦਾ ਪੰਜਵਾਂ ਭਾਗ ਸਲਫਾਸ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਆਰਥਿਕ ਮਜ਼ਬੂਰੀ ਕਾਰਨ ਹੀ ਇੱਕ ਔਰਤ ਦੇ ਧੀ ਦੇ ਵਿਆਹ ਦੀ ਚਿੰਤਾ ਅਤੇ ਪੈਦਾਵਰ ਜ਼ਿਆਦਾ ਨਾ ਹੋਣ ਦੀ ਸਮੱਸਿਆ ਦੀ ਪੇਸ਼ਕਾਰੀ ਕੀਤੀ ਹੈ। "ਕਿਰਸਾਨੀ ਦੀਆਂ ਤੰਦਾਂ ਵਿੱਚ ਗਰੀਬੀ, ਸੌਦੇਬਾਜ਼ੀ ਔਰਤ ਦਾ ਰਿਸ਼ਤਿਆਂ ਵਿਚ ਪਸੀਸ ਜਾਣਾ, ਸਰਮਾਏਦਾਰੀ ਲੁੱਟ, ਜਮੀਨਾਂ ਦਾ ਗਹਿਣੇ ਪੈਣਾ ਆਦਿ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ।"[45] ਇਸੇ ਗਰੀਬੀ ਅਤੇ ਛੋਟੀ ਕਿਸਾਨੀ ਦਾ ਦੁਖਾਂਤ ਇਸ ਨਾਵਲ ਵਿਚ ਸੰਤਾ ਅਤੇ ਉਸ ਦੀ ਪਤਨੀ ਦਿਆਲੋ ਭੋਗਦੇ ਹਨ। ਜਵਾਨ ਹੋ ਰਹੀ ਧੀ ਦੇ ਵਿਆਹ ਦੀ ਚਿੰਤਾ ਦਿਆਲੋ ਨੂੰ ਸਤਾਉਂਦੀ ਹੈ ਹਰ ਵਾਰ ਫਸਲ ਦੇ ਕੱਟਣ ਤੋਂ ਬਾਅਦ ਉਹ ਆਪਣੀ ਦੀ ਗੇਲੋ ਦਾ ਵਿਆਹ ਕਰਨ ਬਾਰੇ ਸੋਚਦੀ ਹੈ। ਜੱਟ ਦੀਆਂ ਆਸਾਂ ਆੜਤੀਏ 'ਤੇ ਹੀ ਹੁੰਦੀਆਂ ਹਨ ਲੱਖਾਂ ਦੀ ਫਸਲ ਵੇਚ ਕੇ ਵੀ ਕਿਸਾਨ ਘਰ ਨੂੰ ਖਾਲੀ ਹੱਥ ਮੁੜਦਾ ਹੈ ਕਿਉਂਕਿ ਘਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਸਤੇ ਕਿਸਾਨ ਪਹਿਲਾਂ ਹੀ ਆੜਤੀਏ ਤੋਂ ਫਸਲ ਦੇ ਮੁੱਲ ਨਾਲੋਂ ਵੀ ਜ਼ਿਆਦਾ ਪੈਸੇ ਲੈ ਚੁੱਕਾ ਹੁੰਦਾ ਹੈ। ਸੰਤਾ ਆਪਣੀ ਪੈਦਾਵਰ ਘੱਟ ਹੋਣ ਕਾਰਨ ਬਹੁਤ ਦੁਖੀ ਹੈ ਉਹ ਦਿਆਲੋ ਨੂੰ ਦੱਸਦਾ ਹੈ ਕਿ;

> "ਤਿੰਨ ਸਾਲ ਹੋ 'ਗੇ, ਫਸਲ ਨ੍ਹੀ ਹੋਈ। ਪਹਿਲੇ ਸਾਲ ਤਾਂ ਪੱਕਣ 'ਤੇ
> ਆਈ ਕਣਕ ਉੱਤੇ ਗੜੇ ਪੈਗੇ। ਚੱਕੋ ਜੀ ਚੱਕ, ਕੁੱਛ ਵੀ ਨਾ ਹੋਇਆ
> ਦੂਜੇ ਸਾਲ ਹੜ੍ਹ ਆ 'ਗੇ। ਝੋਨਾ ਪਾਣੀ 'ਚ ਖੜ੍ਹਾ ਈ ਮਚ ਗਿਆ।
> ਕਿੰਨੇ ਦਿਨ ਤਾਂ ਪੱਤੇ ਈ ਨ੍ਹੀ ਦਿਸੇ। ਪਿਛਲੇ ਸਾਲ ਝੋਨਾ ਛੱਡ ਕੇ ਨਰਮਾ
> ਬੀਜਿਆ ਤਾਂ ਮਰੀਕਣ ਸੁੰਡੀ ਆ 'ਗੀ। ਫਨਾਹ ਕਰ 'ਤਾ ਸਾਰੇ ਨਰਮੇ
> ਦਾ। ਐਤਕੀ ਫੇਰ ਕੋਈ ਪਤਾ ਨ੍ਹੀ। ਕਣਕ ਤਾਂ ਘਰੇ ਈ ਖਾਧੀ ਜਾਂਦੀ ਐ।"[46]

ਇਕ ਲੰਬੇ ਸਮੇਂ ਤੋਂ ਫਲਸ ਦੀ ਮਾਰ 'ਤੇ ਦੂਜਾ ਜਵਾਨ ਹੁੰਦੀ ਧੀ ਦੇ ਵਿਆਹ ਦੀ ਚਿੰਤਾ ਇਸ ਗਰੀਬ ਕਿਸਾਨ ਪਰਿਵਾਰ ਨੂੰ ਤੋੜ ਦਿੰਦੀ ਹੈ। ਅਣਖੀ ਦੇ ਨਾਵਲ ਵਿਚ ਸਮੁੱਚੇ ਪਾਤਰਾਂ ਦਾ ਸੁਪਨਾ ਜਿਨਸ ਵਿਕਣ ਉੱਪਰ ਟਿਕਿਆ ਹੁੰਦਾ ਹੈ। 'ਸਲਫਾਸ' ਇਸ ਦੀ ਜਿਊਦੀ-ਜਾਗਦੀ ਉਦਾਹਰਨ ਹੈ। ਦਿਆਲੋ ਅਤੇ ਉਸਦੇ ਪਤੀ ਦੀ ਹਰੇਕ ਫਸਲ ਖਰਾਬ ਹੋਣ ਤੋਂ ਉਪਰੰਤ ਅਗਲੇਰੀ ਫਸਲ ਦਾ ਸੁਪਨਾ ਟੁੱਟਦਾ ਜਾਂਦਾ ਹੈ। ਸੰਤਾ ਇਕ ਮਿਹਨਤੀ ਕਿਸਾਨ ਹੈ ਜੋ ਅਤੇ ਉਸ ਦੀ ਪਤਨੀ

ਦਿਆਲੋ ਮਿਹਨਤ ਕਰਨ ਦੇ ਬਾਵਜੂਦ ਵੀ ਘਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦੇ। ਦੂਸਰੇ ਪਾਸੇ ਸੰਤੇ ਦਾ ਭਰਾ ਜੋਰਾ ਜੋ ਕਿ ਇਕ ਚੁਸਤ-ਚਲਾਕ ਵਿਅਕਤੀ ਹੈ ਉਹ ਅਤੇ ਉਸ ਦਾ ਪੁੱਤ ਸਰਪੰਚ ਦੇ ਮੁੰਡੇ ਨਾਲ ਮਿਲ ਕੇ ਕਈ ਗਲਤ ਕੰਮ ਕਰਕੇ ਬਹੁਤ ਤਰੱਕੀ ਕਰ ਜਾਂਦੇ ਹਨ। ਜਿਸ ਨੂੰ ਦੇਖ ਕੇ ਦਿਆਲੋ ਨੂੰ ਆਪਣੀ ਗਰੀਬੀ ਦਾ ਪਛਤਾਵਾ ਹੁੰਦਾ ਹੈ;

> "ਦਿਆਲੋ ਦਰਵਾਜ਼ੇ 'ਤੇ ਲੱਗਿਆ ਲੋਹੇ ਦਾ ਗੇਟ ਖੋਲ੍ਹਣ ਤੋਂ ਪਹਿਲਾਂ ਕੋਠੀ ਦੇ ਚੁਬਾਰਿਆਂ ਵੱਲ ਝਾਕਣ ਲੱਗੀ ਤੇ ਝਾਕਦੀ ਖੜ੍ਹੀ ਹੋ ਗਈ। ਮਨ ਵਿਚ ਚਿਤਵ ਰਹੀ ਸੀ ਕਿ ਇਹ ਵੀ ਤਾਂ ਓਸੇ ਮਾਂ ਦੇ ਢਿੱਡੋਂ ਜੰਮਿਆ ਸੀ। ਸੰਤੇ ਦੀ ਕਿਸਮਤ ਕਿਉਂ ਮਾੜੀ ਲਿਖੀ ਗਈ? ਉਹਨੇ ਝੋਰਾ ਕੀਤਾ ਕਿ ਉਹ ਤਾਂ ਓਸੇ ਸਦੀਆਂ ਪੁਰਾਣੇ ਮਕਾਨ ਵਿਚ ਬੈਠੇ ਹਨ ਅਤੇ ਜੋਰੇ ਨੇ ਕੋਠੀਆਂ ਪਾ ਲਈਆ।"[47]

ਹਰੀ ਕ੍ਰਾਂਤੀ ਦੇ ਕੋਈ ਖਾਸ ਸਿੱਟੇ ਨਹੀਂ ਨਿਕਲੇ। ਸਗੋਂ ਖੇਤੀ ਉੱਪਰ ਹੋਣ ਵਾਲੇ ਹੋਰ ਖਰਚਿਆਂ ਨੇ ਕਿਸਾਨ ਦੀ ਹਾਲਤ ਹੋਰ ਤਰਸਯੋਗ ਕਰ ਦਿੱਤੀ। ਆਰਥਿਕ ਮਜ਼ਬੂਰੀਆਂ ਨੇ ਕਿਸਾਨ ਦੇ ਕਈ ਸੁਪਨੇ-ਸੁਪਨੇ ਹੀ ਰਹਿਣ ਦਿੱਤੇ। ਖੇਤੀ ਦੇ ਕੰਮ ਵਿਚ ਉਹੀ ਤਰੱਕੀ ਕਰ ਰਹੇ ਹਨ ਜਿਨ੍ਹਾਂ ਕੋਲ ਜ਼ਿਆਦਾ ਜ਼ਮੀਨ ਹੈ ਅਤੇ ਉਹ ਕਈ ਪੁੱਠੇ-ਸਿੱਧੇ ਕੰਮ ਕਰ ਕੇ ਪੈਸੇ ਕਮਾ ਰਹੇ ਹਨ। ਭ੍ਰਿਸ਼ਟ ਲੋਕ ਤੰਤਰ ਵਿਚ ਲੋਕ ਵੀ ਭ੍ਰਿਸ਼ਟ ਹੋ ਚੁੱਕੇ ਹਨ "ਇਸ ਭ੍ਰਿਸ਼ਟ ਪ੍ਰਬੰਧ 'ਚ ਜਵਾਨ ਹੋਏ ਇਹਨਾਂ ਦੇ ਧੀਆਂ-ਪੁੱਤ ਆਪਣਿਆਂ ਮਾਪਿਆਂ ਨਾਲੋਂ ਵੀ ਚਾਰ ਕਦਮ ਅਗਾਂਹ ਲੰਘ ਜਾਂਦੇ ਹਨ।"[48] ਇਹੋ ਕਾਰਨ ਹੈ ਕਿ ਇਹੋ ਜਿਹੇ ਵਿਅਕਤੀ ਜ਼ਿਆਦਾ ਤਰੱਕੀ ਕਰ ਜਾਂਦੇ ਹਨ। ਉਨ੍ਹਾਂ ਲਈ ਕਦਰਾਂ-ਕੀਮਤਾਂ ਕੋਈ ਮਾਇਨੇ ਨਹੀਂ ਰੱਖਦੀਆਂ ਪੂੰਜੀਵਾਦੀ ਦੌਰ ਵਿਚ ਉਨ੍ਹਾਂ ਦੀ ਸੋਚ ਨੂੰ ਪੂੰਜੀ ਨੇ ਇਸ ਪ੍ਰਕਾਰ ਪ੍ਰਭਾਵਿਤ ਕਰ ਦਿੱਤਾ ਹੈ ਕਿ ਉਹ ਉਹ ਪਸਾ ਇਕੱਠਾ ਕਰਨ ਵਾਸਤੇ ਹਰ ਗਲਤ ਕੰਮ ਕਰਨ ਵਾਸਤੇ ਵੀ ਤਿਆਰ ਹੋ ਜਾਂਦੇ ਹਨ। ਸਰਕਾਰੇ-ਦਰਬਾਰੇ ਅਜਿਹੇ ਲੋਕਾਂ ਦੀ ਪੈਸੇ ਕਾਰਨ ਪਹੁੰਚ ਹੋਣ ਕਰਕੇ ਇਹ ਲੋਕ ਨਜਾਇਜ਼ ਕੰਮ ਕਰਨ ਤੋਂ ਵੀ ਨਹੀਂ ਕਤਰਾਉਂਦੇ। ਜਿਸ ਪ੍ਰਕਾਰ ਅਣਖੀ ਦੇ ਨਾਵਲ 'ਜੱਸੀ ਸਰਪੰਚ' ਵਿਚ ਜੱਸੀ ਪਿੰਡ ਦਾ ਸਰਪੰਚ ਹੋਣ ਕਾਰਨ ਪੁਲਿਸ ਵਾਲਿਆਂ ਨਾਲ ਉਸ ਦੀ ਉਠਣੀ-ਬਹਿਣੀ ਹੈ ਅਤੇ ਉਹ ਬਿਨ੍ਹਾਂ ਕਿਸੇ ਡਰ ਦੇ ਅਫੀਮ ਵੇਚਦਾ ਹੈ ਅਗਾਹ ਉਸ ਦਾ ਪੁੱਤ ਅਲਬੇਲ ਵੀ ਇਸੇ ਚਾਟੇ ਹੋ ਤੁਰਦਾ ਹੈ। ਇਸੇ ਪ੍ਰਕਾਰ ਇਸ ਨਾਵਲ (ਸਲਫਾਸ) ਵਿਚ ਪਹਿਲਾਂ ਜੋਰਾ ਅਤੇ ਬਾਅਦ ਵਿਚ ਉਸਦਾ ਪੁੱਤ ਗੁਰਜੰਟ ਅਫੀਮ ਵੇਚਦਾ ਹੈ। ਉੱਚ ਅਧਿਕਾਰੀਆਂ ਤੱਕ ਪਹੁੰਚ ਹੋਣ ਕਾਰਨ ਗੁਰਜੰਟ ਨੂੰ ਸਰਕਾਰੀ ਨੌਕਰੀ ਵੀ ਮਿਲ ਜਾਂਦੀ ਹੈ ਜਿਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਹੋਰ ਵੀ ਜ਼ਿਆਦਾ ਵਧੀਆ ਹੋ ਜਾਂਦੀ ਹੈ। ਦੂਸਰੇ ਪਾਸੇ ਸੰਤਾ ਆਪਣੀ ਗਰੀਬੀ ਕਾਰਨ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਛੋਟੀਆਂ-ਛੋਟੀਆਂ ਜ਼ਰਰੂਤਾਂ ਵੀ ਪੂਰੀਆਂ ਨਹੀਂ ਕਰ ਸਕਦਾ। ਦਿਆਲੋ ਦੂਸਰੇ ਲੋਕਾਂ ਦੀ ਦਿਨੋਂ-ਦਿਨ ਸੁਧਰਦੇ ਹਾਲਾਤ ਵੱਲ ਦੇਖ ਕੇ ਆਪਣੀ ਕਿਸਮਤ ਅਤੇ ਗਰੀਬੀ ਨੂੰ ਰੋਂਦੀ ਹੈ। ਘਰ ਦੀ ਤੰਗੀ ਕਾਰਨ ਉਹ ਜੋਰੇ ਕੋਲੋ ਬੜੀ ਹੀ ਆਸ ਲੈ ਕੇ ਕੁਝ ਮਦਦ ਲਈ ਜਾਂਦੀ ਹੈ ਪ੍ਰੰਤੂ ਉਸ ਦੀ ਆਸ ਪੂਰੀ ਨਹੀਂ ਹੁੰਦੀ ਉਹ ਉਸ ਸਮੇਂ ਟੁੱਟ

ਜਾਂਦੀ ਹੈ ਜਦੋਂ ਜੋਰਾ ਉਸ ਦੀ ਪਹਿਲਾਂ ਕੀਤੀ ਮਦਦ ਦੀ ਗੱਲ ਸੁਣਾ ਕੇ ਹੋਰ ਮਦਦ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਦਿਆਲੋ ਆਪਣੇ ਸਿਰ ਕਰਜ਼ੇ ਦੀ ਗੱਲ ਦੱਸਦੀ ਹੈ ਤਾਂ ਜੋਰਾ ਉਸ ਦਾ ਦਿਲ ਹੋਰ ਵੀ ਤੋ ਦਿੰਦਾ ਹੈ;

> "ਦਿਆਲੋ ਉਹਦੇ ਵਲ ਖਾਲੀ-ਖਾਲੀ ਅੱਖਾਂ ਨਾਲ ਝਾਕ ਰਹੀ ਸੀ। ਜੋਰੇ
>
> ਦੀਆਂ ਗੱਲਾਂ ਨੇ ਉਹਨੂੰ ਉੱਠਣ ਜੋਗਾ ਵੀ ਨਹੀਂ ਛੱਡਿਆ ਸੀ। ਉਹਨੇ
>
> ਪੁੱਛਿਆ, 'ਕਿੰਨਾ ਐ ਕੀਮਤੀ ਦਾ?'
>
> 'ਦੋ ਲੱਖ ਕਹਿੰਦਾ ਹੁੰਦੈ ਤੇਰਾ ਭਾਈ।'
>
> 'ਫੇਰ? ਦੋ ਲੱਖ ਤਾਂ ਥੋਥੋਂ ਅਗਲੇ ਜਨਮ 'ਚ ਵੀਨ੍ਹੀ ਮੁੜਨਾ। ਕੀ ਕਰੋਗੇ।'
>
> ਦਿਆਲੋ ਨੇ ਅੱਖਾਂ ਭਰ ਲਈਆਂ।"[49]

ਦਿਆਲੋ ਦੀ ਧੀ ਗੇਲੋ ਨਿੱਤ ਜਵਾਨ ਹੋ ਰਹੀ ਸੀ ਬੇਸ਼ੱਕ ਦਿਆਲੋ ਉਸ ਦੇ ਵਿਆਹ ਨੂੰ ਲੈ ਕੇ ਚਿੰਤਾ ਵੀ ਕਰਦੀ ਸੀ ਅਤੇ ਹਰ ਸਾਲ ਫਲਸ ਦੇ ਵੰਡਣ ਸਮੇਂ ਉਹ ਗੇਲੋ ਨੂੰ ਵਿਆਹ ਦਾ ਭਰੋਸਾ ਦਿੰਦੀ ਪਰ ਉਸ ਦਾ ਭਰੋਸਾ ਹਰ ਵਾਰ ਟੁੱਟ ਜਾਂਦਾ ਘਰ-ਕਬੀਲਦਾਰੀਆਂ ਵਿਚ ਉਲਝੀ ਦਿਆਲੋ ਧੀ ਦਾ ਵਿਆਹ ਕਰਨ ਲਈ ਹਰ ਵਾਰ ਅਸਮਰੱਥ ਰਹਿੰਦੀ। ਹਰ ਵਾਰ ਵਿਆਹ ਦੀ ਆਸ ਟੁੱਟ 'ਤੇ ਗੇਲੋ ਦੇ ਸੰਬੰਧ ਪਿੰਡ ਦੇ ਛੀਬਿਆਂ ਦੇ ਮੁੰਡੇ ਨਾਲ ਸੰਬੰਧ ਗੰਢ ਲੈਂਦੀ ਹੈ। ਬੇਸ਼ੱਕ ਸੰਤਾ ਇਕ ਗਰੀਬ ਜੱਟ ਹੈ ਪਰ ਜੱਟ ਵਾਲੀ ਅਹੁੰ ਉਸ ਵਿਚ ਬਰਕਾਰ ਹੈ। ਉਹ ਬਰਦਾਸ਼ਤ ਨਹੀਂ ਕਰ ਸਕਿਆ ਕਿ ਉਸ ਦੀ ਧੀ ਕਿਸੇ ਨੀਵੀਂ ਜਾਤ ਦੇ ਮੁੰਡੇ ਨਾਲ ਸੰਬੰਧ ਗੰਢੇ। ਉਹ ਗੁੱਸੇ ਨਾਲ ਲਾਲ-ਪੀਲਾ ਹੋ ਜਾਂਦਾ ਹੈ;

> "ਮੈਂ ਤਾਂ ਆਖਿਆ, ਜ਼ਮੀਨ ਕਰਕੇ ਆਉਂਦਾ ਹੁੰਦਾ ਉਹ। ਅੱਛਿਆ, ਉਹ
>
> ਮੇਰਾ ਸਾਲਾ ਛਿਬੋੜ। ਇਹ ਭੈਣ-ਚੋਦ ਲਾਗੀ-ਤੱਥੀ ਹੁਣ ਸਾਡੀਆਂ ਧੀਆਂ-
>
> ਭੈਣਾਂ ਨੂੰ ਤੱਕਾਉਣ ਲੱਗ 'ਪੇ।"[50]

ਉਸ ਦਿਨ ਤੋਂ ਸੰਤੇ ਨੂੰ ਧੀ ਦੇ ਵਿਆਹ ਦੀ ਚਿੰਤਾ ਹੋਰ ਵੀ ਸਤਾਉਣ ਲੱਗੀ। ਅੰਤ ਸੰਤਾ ਧੀ ਦਾ ਵਿਆਹ ਵਿਆਜੂ ਪੈਸੇ ਚੁੱਕ ਕੇ ਕਰ ਦਿੰਦਾ ਹੈ। ਧੀ ਦੇ ਵਿਆਹ 'ਤੇ ਸੰਤਾ ਦਿਲ ਖੋਲ ਕੇ ਖਰਚ ਕਰਦਾ ਹੈ। ਉਹ ਧੀ ਦੇ ਵਿਆਹ 'ਤੇ ਲੋਕਾਂ ਦੀ ਰੀਸੋ-ਰੀਸ ਹਰੇਕ ਚੀਜ਼ ਦਿੰਦਾ ਹੈ ਖਾਣ-ਪੀਣ ਦਾ ਵਧੀਆਂ ਪ੍ਰਬੰਧ ਕਰਦਾ ਹੈ। ਮੌਜੂਦਾ ਕਿਸਾਨ ਫੋਕੇ ਦਿਖਾਵੇ ਲਈ ਕੀਤੇ ਖਰਚਿਆਂ ਕਾਰਨ ਆਪਣੀ ਆਰਥਿਕ ਸਥਿਤੀ ਨੂੰ ਹੋਰ ਵੀ ਨਿਘਾਰ ਰਿਹਾ ਹੈ। ਆਪਣੀਆਂ ਖਾਹਿਸ਼ਾ ਪੂਰੀਆਂ ਕਰਨ ਲਈ ਉਹ ਜ਼ਮੀਨ ਗਹਿਣੇ ਰੱਖ ਰਿਹਾ ਹੈ। ਜਿਸ ਕਾਰਨ ਜ਼ਮੀਨ ਅਮੀਰ ਅਤੇ ਧਨੀ ਕਿਸਾਨਾਂ ਦੇ ਹੱਥ ਵਿਚ ਜਾ ਰਹੀ ਹੈ "ਜ਼ਮੀਨ ਅਮੀਰ ਹੱਥਾਂ ਵਿਚ ਇਕੱਤਤਰ ਹੋਣੀ ਇਸ ਅਰਥਚਾਰੇ ਦਾ ਇਕ ਉਭਰਵਾਂ ਅਤੇ ਅਨੀਵਾਰੀ ਵਰਤਾਰਾ ਕਿਹਾ

ਜਾ ਸਕਦਾ ਹੈ। ਮੌਜੂਦਾ ਕਿਸਾਨ ਦਾ ਨਜ਼ਰੀਆ ਵੀ ਉਪਭੋਗਤਾਵਾਦੀ ਹੋਣ ਕਰਕੇ ਉਹ ਆਪਣੀ ਇਸ ਭੁੱਖ ਦੀ ਪੂਰਤੀ ਲਈ ਹੋਰ ਕਰਜ਼ੇ ਵਿਚ ਫਸਦਾ ਜਾ ਰਿਹਾ ਹੈ। ਉਹ ਵਿਆਹਾਂ-ਸ਼ਾਦੀਆਂ ਤੇ ਅੰਨ੍ਹਾਂ ਖਰਚ ਕਰਦਾ ਹੈ।"[51] ਇਸੇ ਤਰ੍ਹਾਂ ਸੰਤੇ ਦੀ ਹਾਲਤ ਹੋਰ ਵੀ ਨਿਘਰ ਜਾਂਦੀ ਹੈ। ਘਰ ਦਾ ਖਰਚਾ ਵੀ ਸੰਤੇ ਨੂੰ ਤੋੜ ਸੁੱਟਦਾ ਹੈ ਉਸਦੀਆਂ ਬਹੂਆਂ ਨਿੱਤ ਕਸਤੂਰੀ ਦੀ ਦੁਕਨ ਤੋਂ ਉਧਾਰ ਸੌਦਾ ਮੰਗਵਾ ਲੈਂਦੀਆਂ ਹਨ ਅਤੇ ਉਧਾਰ ਉਤਰਨ ਦੀ ਬਜਾਏ ਦਿਨੋਂ ਦਿਨ ਹੋਰ ਜ਼ਿਆਦਾ ਚੜ੍ਹਦਾ ਜਾ ਰਿਹਾ ਸੀ। ਜਿਸ ਦੀ ਫਿਕਰ ਸਿਰਫ਼ ਸੰਤੇ ਜਾਂ ਦਿਆਲੋ ਨੂੰ ਸੀ। ਮੁੰਡੇ ਅਤੇ ਬਹੂਆਂ ਤਾਂ ਨਿੱਤ ਆ ਕੇ ਹੁਕਮ ਚਲਾ ਦਿੰਦੀਆਂ ਕਿ ਆਹ ਚਾਹੀਦਾ ਹੈ, ਉਹ ਚਾਹੀਦਾ ਹੈ। ਸੰਤਾ ਅਤੇ ਦਿਆਲੋ ਕੋਸ਼ਿਸ਼ ਵੀ ਕਰਦੇ ਕਿ ਕਸਤੂਰੀ ਦੀ ਦੁਕਾਨ ਤੋਂ ਘੱਟ ਸਮਾਨ ਆਵੇ ਪਰ ਅਜਿਹਾ ਨਾ ਹੁੰਦਾ ਰੋਜ਼ਾਨਾਂ ਦੀ ਜ਼ਰੂਰਤ ਦੀਆਂ ਕਈ ਚੀਜ਼ਾਂ ਹਰ ਰੋਜ਼ ਘਰ ਵਿਚ ਉਧਾਰ ਆਉਂਦੀਆਂ ਜਿਸ ਕਾਰਨ ਦੁਕਾਨ ਦਾ ਕਰਜ਼ਾ ਹੋਰ ਜ਼ਿਆਦਾ ਵੱਧ ਰਿਹਾ ਸੀ। ਜਿਸ ਕਾਰਨ ਸੰਤਾ ਜ਼ਮੀਨ ਗਹਿਣੇ ਰੱਖਣ ਬਾਰੇ ਸੋਚਦਾ ਹੈ;

> "ਸੰਤੇ ਨੇ ਇਕ ਦਿਨ ਦਿਆਲੋ ਨਾਲ ਸਲਾਹ ਕੀਤੀ ਕਿ ਹੋਰ ਤਾਂ ਕਿਧਰੇ ਹੱਥ ਨਹੀਂ ਪੈਂਦਾ, ਉਹ ਅੱਧਾ ਕਿੱਲਾ ਜ਼ਮੀਨ ਦਾ ਕੀਮਤੀ ਆੜ੍ਹਤੀਏ ਕੋਲ ਗਹਿਣੇ ਧਰ ਦਿੰਦੇ ਹਨ ਅਤੇ ਪੈਸੇ ਲੈ ਆਉਂਦੇ ਹਨ। ਅੱਧੇ ਕਿੱਲੇ 'ਤੇ ਉਹ ਵੀਹ ਹਜ਼ਾਰ ਦੇਵੇਗਾ। ਵੀਹ ਹਜ਼ਾਰ ਨਾਲ ਸਾਰੇ ਧੋਣੇ ਧੋਤੇ ਜਾਣਗੇ। ਇਹਨਾਂ ਵਿਚੋਂ ਹੀ ਉਹ ਦੋਵੇਂ ਦੁਕਾਨਾਂ ਦਾ ਜੂੜ ਵੀ ਵੱਡ ਦੇਣਗੇ। ਕਸਤੂਰੀ ਤੇ ਨੌਹਰ ਸਾਰਾ ਨਿੱਬੜ ਜਾਵੇਗਾ।"[52]

ਪਰ ਗਰੀਬ ਕਿਸਾਨ ਦੇ ਸਿਰ ਚੜਿਆਂ ਕਰਜ਼ਾ ਉਤਰਨਾ ਬਹੁਤ ਮੁਸ਼ਕਿਲ ਹੈ। ਉਹ ਜ਼ਮੀਨ ਗਹਿਣੇ ਧਰ ਦਿੰਦਾ ਹੈ ਪਰ ਸਮੱਸਿਆ ਇਹ ਹੀ ਨਹੀਂ ਸੀ ਕਿ ਕਸਤੂਰੀ ਦੇ ਪੈਸੇ ਵਾਪਿਸ ਕਰਨੇ ਸੀ। ਉਸ ਨੇ ਆਪਣੇ ਪੁੱਤਰ ਦੇ ਕਹਿਣ 'ਤੇ ਬੈਂਕ ਕੋਲੋਂ ਕਰਜ਼ਾ ਲੈ ਕੇ ਟਰੈਕਟਰ ਲਿਆ ਸੀ ਜਿਸ ਦੀਆਂ ਕਿਸ਼ਤਾਂ ਮੋੜਨਾਂ ਵੀ ਸੰਤੇ ਲਈ ਬਹੁਤ ਵੱਡੀ ਸਮੱਸਿਆ ਬਣ ਗਈ ਸੀ। ਉਸ ਤੋਂ ਵੀ ਵੱਡੀ ਸਮੱਸਿਆ ਦਿਆਲੋ ਵਾਸਤੇ ਉਸ ਦੇ ਮੁੰਡੇ ਕਰਨੈਲ ਦੇ ਸਾਲੇ ਦਾ ਵਿਆਹ ਬਣ ਗਿਆ ਸੀ ਬਹੂ ਅਤੇ ਪੁੱਤ ਨਵੇਂ ਕੱਪੜਿਆਂ ਦੀ ਅੜੀ ਕਰੀ ਬੈਠੇ ਸਨ ਅਤੇ ਕੋਈ ਸੋਨੇ ਦਾ ਗਹਿਣਾ ਪਾਉਣ ਵਾਸਤੇ ਆਖ ਰਹੇ ਸਨ। ਪੇਂਡੂ ਸਮਾਜ ਵਿਚ ਝੂਠੀ ਸ਼ਾਨ ਲਈ ਕੀਤੇ ਗਏ ਫਾਲਤੂ ਖਰਚੇ ਵੀ ਕਿਸਾਨ ਦੀ ਸਥਿਤੀ ਨੂੰ ਹੋਰ ਡਾਵਾਂ ਡੋਲ ਕਰ ਦਿੰਦੇ ਹਨ। ਨੌਬਤ ਇੱਥੋਂ ਤੱਕ ਆ ਜਾਂਦੀ ਹੈ ਕਿ ਸੰਤੇ ਨੂੰ ਇਕ ਕਿੱਲਾ ਜ਼ਮੀਨ ਵੇਚਣੀ ਪੈਂਦੀ ਹੈ। ਜ਼ਮੀਨ ਜੱਟ ਦੀ ਮਾਂ ਹੁੰਦੀ ਹੈ ਜ਼ਮੀਨ ਨਾਲ ਹੀ ਕਿਸਾਨ ਨੂੰ ਹੌਂਸਲਾ ਹੁੰਦਾ ਹੁੰਦਾ ਹੈ ਪਰ ਸੰਤੇ ਦਾ ਹੌਂਸਲਾ ਉਸ ਸਮੇਂ ਟੁੱਟ ਜਾਂਦਾ ਹੈ ਜਦੋਂ ਉਹ ਪੁੱਤਾਂ ਵਾਂਗ ਪਾਲੀ ਜ਼ਮੀਨ ਦਾ ਸੌਦਾ ਕਰ ਕੇ ਆਉਂਦਾ। ਉਸ ਦੀ ਆਸ ਹੁੰਦੀ ਹੈ ਕਿ ਇਹ ਜ਼ਮੀਨ ਵੇਚ ਕੇ ਉਸ ਕਰਜ਼ੇ ਵੀ ਉੱਤਰ ਜਾਣਗੇ ਅਤੇ ਕਰਨੈਲ ਦੇ ਸਾਲੇ ਦਾ ਵਿਆਹ ਵੀ ਭੁਗਤ ਜਾਊ। ਜ਼ਮੀਨ ਵੇਚ ਕੇ ਉਹ ਪੈਸਿਆਂ ਦਾ ਖੀਸਾ ਭਰ ਕੇ

ਸ਼ਹਿਰ ਕਰਨੈਲ ਹੁਣਾ ਵਾਸਤੇ ਕੱਪੜੇ ਲੈਣ ਜਾਂਦਾ ਹੈ ਅਤੇ ਆਉਂਦਾ ਹੋਇਆ ਕਸਤੂਰੀ ਦੀ ਦੁਕਾਨ ’ਤੇ ਉਧਾਰ ਵੀ ਚਕਾਉਂਦਾ ਹੈ ਪਰ ਉਸ ਕੋਲ ਪੈਸੇ ਘੱਟ ਸਨ ਜਿਸ ਕਾਰਨ ਉਹ ਸਿਰਫ਼ ਅੱਧਾ ਉਧਾਰ ਹੀ ਚੁਕਾ ਸਕਿਆ। ਉਤੋਂ ਧੀ ਦੇ ਵਿਆਹ ’ਤੇ ਸ਼ਹਿਰੋਂ ਉਧਾਰ ਕੱਪੜੇ ਅਤੇ ਕਸਤੂਰੀ ਦੀ ਦੁਕਾਨ ਤੋਂ ਰਾਸ਼ਨ ਆਇਆ। ਸੰਤਾ ਤਾਂ ਕਸਤੂਰੀ ਦਾ ਪਹਿਲਾਂ ਉਧਾਰ ਹੀ ਨਹੀਂ ਚੁਕਾ ਸਕਿਆ ਸੀ ਉੱਤੋਂ ਹੋਰ ਕਰਜ਼ਾ ਚੜ ਗਿਆ। ਉੱਤੋਂ ਟਰੈਕਟਰ ਦੀਆਂ ਕਿਸ਼ਤਾਂ ਟੁੱਟ ਗਈਆਂ। ਉਕਤ ਕਈ ਘਟਨਾਵਾਂ ਨਾਵਲ ਵਿਚ ਉਪਲੱਬਧ ਹਨ ਜੋ ਛੋਟੀ ਕਿਸਾਨੀ ਦੀ ਭੈੜੀ ਆਰਥਿਕ ਸਥਿਤੀ ਨੂੰ ਦਰਸਾਉਂਦੀਆਂ ਹਨ। ਕਰਜ਼ੇ ਵਿਚ ਫਸੇ ਕਿਸਾਨਾਂ ਕੋਲ ਖੁਦਕਸ਼ੀ ਤੋਂ ਸਿਵਾਏ ਹੋਈ ਕੋਈ ਚਾਰਾ ਨਹੀਂ ਹੁੰਦਾ। ਕਿਸਾਨ ਦੀ ਮਾੜੀ ਸਥਿਤੀ ਕਈ ਵਾਰ ਉਸ ਦੇ ਫਾਲਤੂ ਖਰਚੇ ਵੀ ਬਣਦੇ ਹਨ “ਰਾਮ ਸਰੂਪ ਅਣਖੀ ਨੇ ਬਹੁਤ ਸਾਰੇ ਕਾਰਣਾਂ ਦੀ ਪਹਿਚਾਣ ਕੀਤੀ ਹੈ ਜਿਹਨਾਂ ਕਰਕੇ ਸਾਡਾ ਸਮਾਜ ਅਤੇ ਸਾਡਾ ਖੇਤੀ ਚਾਰਾ ਸੰਕਟ ’ਚ ਫਸਿਆ ਹੈ।”[53] ਸੰਤੇ ਵਰਗੇ ਛੋਟੇ ਕਿਸਾਨ ਲਈ ਟਰੈਕਟਰ ਲਈ ਲਿਆ ਕਰਜ਼ਾ, ਗੇਲੋ ਦੇ ਵਿਆਹ ’ਤੇ ਕੀਤਾ ਖਰਚਾ ਉੱਤੋਂ ਕਰਨੈਲ ਦੇ ਸਾਲੇ ਦੇ ਵਿਆਹ ਦਾ ਫਾਲਤੂ ਖਰਚਾ ਦਿਆਲੋ ਅਤੇ ਸੰਤੇ ਲਈ ਗਲੇ ਦਾ ਫੰਦਾ ਬਣਦੇ ਹਨ। ਅਸਲ ਵਿਚ ਟਰੈਕਟਰ ਵੀ ਉਨ੍ਹਾਂ ਨੇ ਬੈਂਕ ਤੋਂ ਕਰਜ਼ਾ ਲੈ ਕੇ ਵੇਚ ਦਿੱਤਾ ਸੀ ਅਤੇ ਹੁਣ ਕਿਸ਼ਤਾਂ ਨਾ ਮੋੜ ਹੋਣ ਕਾਰਨ ਬੈਂਕ ਕਰਮਚਾਰੀ ਸੰਤੇ ਦੇ ਘਰ ਆ ਕੇ ਉਸ ਦੇ ਬੇਇਜ਼ੱਤੀ ਕਰਦੇ ਹਨ;

> “ਸੰਤਾ ਸਿਆਂ ਮੇਰੀ ਇਕੋ ਸੁਣ ਲੈ। ਮੈਂ ਵੀ ਜੱਟ ਦਾ ਪੁੱਤ ਆਂ, ਕੋਈ
> ਮਜ੍ਹਬੀ-ਰਮਦਾਸੀਆ ਨ੍ਹੀ। ਦਸ ਦਿਨਾਂ ਦੇ ਅੰਦਰ ਅੰਦਰ ਤਿੰਨੇ ਕਿਸ਼ਤਾਂ
> ਕੱਠੀਆਂ ਭਰ ਦੇ। ਨਹੀਂ ਡੰਡਾ ਦੇ ਕੇ ਪੈਸੇ ਲੈਣ ਮੈਂ ਵੀ ਜਾਣਦਾਂ।
> ਬੈਂਕ-ਮਨੇਜਰ ਨੇ ਸੰਤੇ ਦੇ ਮੋਢੇ ਉੱਤੇ ਹੱਥ ਧਰਿਆ ਅਤੇ ਉਹ ਸੱਥ ਵਿਚ
> ਬੈਠੇ ਲੋਕਾਂ ਵੱਲ ਅੱਖਾਂ ਕੱਢਕੇ ਝਾਕਿਆ।
> ‘ਦੇਖ ਓਏ ਧੌਲ-ਦਾੜ੍ਹੀਆ ਕਿਮੇਂ ਕੱਲ ਦੇ ਛੋਕਰੇ ਦੇ ਪੈਰੀ ਹੱਥ ਲਾਈਂ
> ਜਾਂਦੈ।’
> ਸੱਥ ਵਿਚ ਬੈਠੇ ਇਕ ਬੰਦੇ ਨੇ ਦੂਜੇ ਦੇ ਕੰਨ ਵਿਚ ਆਖਿਆ।”[54]

ਸੰਤੇ ਲਈ ਭਰੀ ਸੱਥ ਵਿਚ ਇਹ ਬਹੁਤ ਬੇਇਜ਼ੱਤੀ ਦੀ ਗੱਲ ਸੀ। ਅਤੇ ਅੰਤ ਉਹ ਸਲਫਾਸ ਖਾ ਕੇ ਆਪਣੀ ਜਾਨ ਦੇ ਦਿੰਦਾ ਹੈ। ਦਿਆਲੋ ਜਿਸ ਨੇ ਸਾਰੀ ਉਮਰ ਗਰੀਬੀ ਦਾ ਦੁਖਾਂਤ ਹੰਢਾਇਆ ਸੀ ਅੰਤ ਉਮਰੇ ਪਤੀ ਦੀ ਮੌਤ ਨਾਲ ਉਸ ਦੀ ਸਥਿਤੀ ਹੋਰ ਵੀ ਖਰਾਬ ਹੋ ਜਾਂਦੀ ਹੈ। ਸਾਰੀ ਉਮਰ ਉਹ ਛੋਟੀ ਤੋਂ ਛੋਟੀ ਖੁਸ਼ੀ ਲਈ ਵੀ ਤਰਸਦੀ ਰਹੀ। ਆਪਣੀ ਦਰਾਣੀ ਦੀ ਚੰਗੀ ਕਿਸਮਤ ਦੇਖ ਕੇ ਉਸ ਨੂੰ ਆਪਣੀ ਗਰੀਬੀ ਦਾ ਹੋਰ ਵੀ ਜ਼ਿਆਦਾ ਅਹਿਸਾਸ ਹੁੰਦਾ। ਅੰਤ ਉਮਰੇ

ਆ ਕੇ ਪਤੀ ਦਾ ਸਾਇਆ ਉਸ ਦੇ ਸਿਰ ਤੋਂ ਉੱਠ ਜਾਣ ਨਾਲ ਉਹ ਟੁੱਟ ਜਾਂਦੀ ਹੈ। ਉਪਰੋਕਤ ਅਧਿਐਨ ਤੋਂ ਇਹ ਸਿੱਧ ਹੁੰਦਾ ਹੈ ਅਣਖੀ ਖੇਤੀ ਨਾਲ ਜੁੜੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ ਉਸ ਨੇ ਮਾਲਵੀ ਦੀ ਕਿਸਾਨੀ ਦੀ ਲਗਭਗ ਹਰੇਕ ਸਮੱਸਿਆ ਦਾ ਵਰਣਨ ਆਪਣੇ ਨਾਵਲਾਂ ਵਿਚ ਕੀਤਾ ਹੈ। ਕਿਸਾਨੀ ਦਾ ਹਾਲਤ ਸੁਧਰਨ ਦਾ ਨਾਂ ਹੀ ਨਹੀਂ ਲੈ ਰਹੀ ਦਿਨੋਂ-ਦਿਨ ਨਿੱਤ ਦੀ ਵਰਤੋਂ ਦੇ ਸਮਾਨ ਵਿਚ ਮਹਿੰਗਾਈ ਅਤੇ ਖੇਤੀ ਲਈ ਨਿਰੰਤਰ ਹੋਣ ਵਾਲੇ ਉਪਰਲੇ ਖਰਚੇ ਨੇ ਕਿਸਾਨ ਨੂੰ ਤੋੜ ਕੇ ਰੱਖ ਦਿੱਤਾ ਹੈ। ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬ ਗਿਆ ਹੈ ਉਸ ਕੋਲੋਂ ਇਸ ਬੋਝ ਵਿਚੋਂ ਨਿਲਕਣ ਦਾ ਇੱਕੋ ਇਕ ਹੱਲ ਰਹਿ ਗਿਆ ਹੈ ਆਤਮਹੱਤਿਆ। ਇਸੇ ਕਰਕੇ ਅੱਜ ਕਿਸਾਨ ਬਹੁਤ ਖੁਦਕੁਸ਼ੀਆਂ ਕਰ ਰਿਹਾ ਹੈ। ਸਰਕਾਰ ਕਿਸਾਨੀ ਦੀ ਹਾਲਤ ਸੁਧਾਰਨ ਵਾਸਤੇ ਬਹੁਤ ਸਾਰੇ ਦਾਅਵੇ ਕਰਦੀ ਹੈ ਲੇਕਿਨ ਇਨ੍ਹਾਂ ਦਾ ਅਸਰ ਹੁੰਦਾ ਦਿਖਾਈ ਨਹੀਂ ਦਿੰਦਾ। ਕਿਸਾਨ ਵਲੋਂ ਖੁਦਕੁਸ਼ੀਆਂ ਕਰਨ ਦਾ ਦੌਰ ਵੱਧ ਰਿਹਾ ਹੈ। ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਅੱਜ ਖੁਦ ਤਰਸ ਰਿਹਾ ਹੈ। ਕਿਸਾਨ ਦੇ ਨਾਲ-ਨਾਲ ਔਰਤ ਨੂੰ ਆਰਥਿਕ ਦੁਸ਼ਵਾਰੀਆਂ ਦੀ ਮਾਰ ਝੱਲਣੀ ਪੈਂਦੀ ਹੈ। ਜਿਸ ਕਾਰਨ ਅਣਖੀ ਦੇ ਨਾਵਲਾਂ ਦੀਆਂ ਕਈ ਨਾਰੀ ਪਾਤਰਾਂ ਨਜਾਇਜ਼ ਸੰਬੰਧ ਬਣਾਉਂਦੀਆਂ ਹਨ। ਇਨ੍ਹਾਂ ਇਸਤਰੀ ਪਾਤਰਾਂ ਦੇ ਸੁਪਨੇ-ਸੁਪਨੇ ਹੀ ਰਹਿ ਜਾਂਦੇ ਹਨ। ਇਸੇ ਪ੍ਰਕਾਰ ਇਹ ਸਾਰੀ ਉਮਰ ਗਰੀਬੀ ਦਾ ਦੁੱਖ ਭੋਗਦੀਆਂ ਆਪਣੀਆਂ ਆਸਾਂ ਅਤੇ ਅਰਮਾਨਾਂ ਨੂੰ ਦਿਲ ਵਿਚ ਲੈ ਕੇ ਹੀ ਮਰ ਜਾਂਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1. ਭਾਈ ਕਾਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 329.
2. ਬਲਦੇਵ ਸਿੰਘ ਧਾਲੀਵਾਲ (ਸੰਪਾ.), ਟੀ. ਆਰ. ਵਿਨੋਦ, ਕਰਮਜੀਤ ਕੁੱਸਾ ਦੇ ਨਾਵਲਾਂ ਦਾ ਰਚਨਾ ਪ੍ਰਬੰਧ, ਪੰਨਾ 25
3. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 16
4. ਗੁਰਪ੍ਰੀਤ ਸਿੰਘ, ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਪੰਨਾ 67.
5. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 44
6. ਸੁਰਜੀਤ ਸਿੰਘ, ਪਰਤਾਪੀ ਗ੍ਰਾਮੀਣ-ਸੰਸਕ੍ਰਿਤੀ ਦਾ ਨਾਵਲ, ਹਿਰਦੇਜੀਤ ਸਿੰਘ ਭੋਗਲ, ਰਾਮ ਸਰੂਪ ਅਣਖੀ ਦੀ ਨਾਵਲੀ-ਸੰਵੇਦਨਾ, ਪੰਨਾ 66-67.
7. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 43
8. ਗੁਰਪ੍ਰੀਤ ਸਿੰਘ, ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਪੰਨਾ 71.
9. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 83
10. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦੇ ਸੰਰਚਨਾਤਮਕ ਪੈਟਰਨ, ਪੰਨਾ 118
11. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 85
12. ਉਹੀ, ਪੰਨਾ 101
13. ਕੁਲਵੰਤ ਸਿੰਘ, ਕੋਠੇ ਖੜਕ ਸਿੰਘ: ਕਿਸਾਨੀ ਦਾ ਦੁਖਾਂਤ, ਬਿਕਰਮ ਸਿੰਘ ਘੁੰਮਣ (ਸੰਪਾ.), ਅਣਖੀ ਦਾ ਗਲਪ ਸੰਸਾਰ, 71
14. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 172
15. ਉਹੀ, ਪੰਨਾ 182
16. ਇੰਦਰਜੀਤ ਕੌਰ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਨਾ 95
17. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 185
18. ਉਹੀ, ਪੰਨਾ 186
19. ਉਧਰਿਤ, ਗੁਰਪ੍ਰੀਤ ਸਿੰਘ, ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਪੰਨਾ 77.
20. ਰਾਮ ਸਰੂਪ ਅਣਖੀ, ਪਰਤਾਪੀ,ਪੰਨਾ 187
21. ਉਹੀ ਪੰਨਾ
22. ਪਰਮਿੰਦਰ ਸਿੰਘ, ਪਰਤਾਪੀ: ਰਿਸ਼ਤਿਆਂ ਦੀਆਂ ਸਮੀਕਰਣਾ, ਹਿਰਦੇਜੀਤ ਸਿੰਘ ਭੋਗਲ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ-ਸੰਵੇਦਨਾ, ਪੰਨਾ 110.

23. ਰਾਮ ਸਰੂਪ ਅਣਖੀ,ਪਰਤਾਪੀ ਪੰਨਾ 8 ?

24. ਉਹੀ, ਪੰਨਾ 214

25. ਉਹੀ, ਪੰਨਾ 242

26. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦਾ ਸੰਰਚਨਾਤਮਕ ਪੈਟਰਨ, ਪੰਨਾ 29.

27. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 249

28. ਗੁਰਦਿਆਲ ਸਿੰਘ, ਮੜ੍ਹੀ ਦਾ ਦੀਵਾ, ਪੰਨਾ 20

29. ਇਕਬਾਲ ਸਿੰਘ, ਰਾਮ ਸਰੂਪ ਅਣਖੀ ਦਾ ਨਾਵਲ ਜਗਤ, ਪੰਨਾ 78

30. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 250

31. ਉਹੀ, ਪੰਨਾ 276

32. ਉਹੀ, ਪੰਨਾ 280

33. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦੇ ਸੰਰਚਨਾਤਮਕ ਪੈਟਰਨ, 80.

34. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 105

35. ਕੁਲਵੰਤ ਸਿੰਘ ਸੰਧੂ, ਅਣਖੀ ਦੀ ਨਾਵਲੀ ਦੁਨਿਆਂ ਦੇ ਸਰੋਕਾਰ, ਹਿਰਦੇਜੀਤ ਸਿੰਘ ਭੋਗਲ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ ਸੰਵੇਦਨਾ, ਪੰਨਾ48

36. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 129

37. ਰਾਜਦੀਪ ਕੌਰ, ਅਣਖੀ ਦੇ ਨਾਵਲਾਂ ਦੇ ਸੰਰਚਨਾਤਮਕ ਪੈਟਰਨ, ਪੰਨਾ 47

38. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ151

39. ਉਹੀ, ਪੰਨਾ 153

40. ਸਰਬਜੀਤ ਸਿੰਘ, 'ਪਰਤਾਪੀ' ਫਿਊਡਲ ਰਿਸ਼ਤਿਆਂ ਦਾ ਸੁਹਜ ਅਤੇ ਸੰਤਾਪ, ਸੁਖਦੇਵ ਸਿੰਘ ਖਾਹਰਾ (ਸੰਪਾ.), ਰਾਮ ਸਰੂਪ ਅਣਖੀ ਦੀ ਗਪਲ ਰਚਨਾ, ਪੰਨਾ 92

41. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 158

42. ਸਰਬਜੀਤ ਸਿੰਘ, ਊਣੇ ਘਰਾਂ ਦਾ ਕਥਾ-ਬਿਰਤਾਂਤ: ਹਮੀਰਗੜ੍ਹ, ਹਿਰਦੇਜੀਤ ਸਿੰਘ ਭੋਗਲ, ਰਾਮ ਸਰੂਪ ਅਣਖੀ ਦੀ ਨਾਵਲੀ-ਸੰਵੇਦਨਾ, ਪੰਨਾ 154

43. ਰਾਮ ਸਰੂਪ ਅਣਖੀ, ਪਰਤਾਪੀ.160

44. ਉਹੀ, ਪੰਨਾ 159

45. ਮਨਿੰਦਰਜੀਤ ਕੌਰ, 'ਦੁੱਲੇ ਦੀ ਢਾਬ ਵਿਚ ਨਾਰੀ ਚਿੰਤਨ, 91

46. ਰਾਮ ਸਰੂਪ ਅਣਖੀ, ਪਰਤਾਪੀ, ਪੰਨਾ 384

47. ਉਹੀ, ਪੰਨਾ 389

48. ਦਵਿੰਦਰ ਸਿੰਘ ਬੋਹਾ, ਮਾਨਵੀ ਸਰੋਕਾਰਾਂ ਲਈ ਆਸਵੰਦ ਗਲਪੀ-ਬਿਰਤਾਂਤ: 'ਦੁੱਲੇ ਦੀ ਢਾਬ', ਸੁਖਦੇਵ ਸਿੰਘ ਖਾਹਰਾ (ਸੰਪਾ.), ਰਾਮ ਸਰੂਪ ਅਣਖੀ ਦੀ ਗਪਲ ਰਚਨਾ, ਪੰਨਾ 257
49. ਪੰਨਾ 391
50. ਪੰਨਾ 400
51. ਸੁਰਜੀਤ ਬਰਾੜ, ਪੇਂਡੂ ਅਰਥਚਾਰੇ ਅਤੇ ਸੰਸਕ੍ਰਿਤੀ ਦਾ ਦਸਤਾਵੇਜ: ਜ਼ਮੀਨਾਂ ਵਾਲੇ, ਸੁਖਦੇਵ ਸਿੰਘ ਖਾਹਰਾ (ਸੰਪਾ.) ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 302
52. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 416
53. ਸੁਰਜੀਤ ਬਰਾੜ, ਪੇਂਡੂ ਅਰਥਚਾਰੇ ਅਤੇ ਸੰਸਕ੍ਰਿਤੀ ਦਾ ਦਸਤਾਵੇਜ: ਜ਼ਮੀਨਾਂ ਵਾਲੇ, ਸੁਖਦੇਵ ਸਿੰਘ ਖਾਹਰਾ, ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਪੰਨਾ 303
54. ਰਾਮ ਸਰੂਪ ਅਣਖੀ, ਦੁੱਲੇ ਦੀ ਢਾਬ, ਪੰਨਾ 441

## ਸਥਾਪਨਾਵਾਂ ਅਤੇ ਸਿੱਟੇ

ਸਾਹਿਤ ਦਾ ਵਿਸ਼ਾ-ਵਸਤੂ ਜ਼ਿੰਦਗੀ ਹੈ। ਸਾਹਿਤਕਾਰ ਆਮ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਇਕ ਅਲੱਗ ਅਤੇ ਅਲੋਚਨਾਤਮਕ ਨਜ਼ਰੀਏ ਤੋਂ ਵੇਖਦਾ ਹੈ ਅਤੇ ਉਸ ਨੂੰ ਸਾਹਿਤ ਦੀ ਕਿਸੇ ਇਕ ਵਿਧਾ ਦਾ ਰੂਪ ਦਿੰਦਾ ਹੈ। ਪਰਮਾਤਮਾ ਨੇ ਨਾਰੀ ਨੂੰ ਕੁੱਝ ਹੱਦ ਤੱਕ ਆਪਣੇ ਆਪ ਦੇ ਬਰਾਬਰ ਦਾ ਦਰਜ਼ਾ ਦਿੱਤਾ ਹੈ ਇਸ ਦਾ ਪ੍ਰਮਾਣ ਹੈ ਨਾਰੀ ਨੂੰ ਸਿਰਜਣ ਸ਼ਕਤੀ ਦਾ ਵਰਦਾਨ ਦੇਣਾ। ਖੁਦ ਸ੍ਰਿਸ਼ਟੀ ਦੇ ਸਿਰਜਕ ਨੇ ਔਰਤ ਨੂੰ ਸਿਰਜਣ ਸ਼ਕਤੀ ਦੇ ਕੇ ਔਰਤ ਨੂੰ ਅਹਿਮ ਦਰਜ਼ਾ ਦਿੱਤਾ। ਔਰਤ ਜੋ ਕਿ ਇਕ ਅਹਿਮ ਪ੍ਰਾਣੀ ਹੈ ਜਿਸ ਤੋਂ ਬਿਨ੍ਹਾਂ ਮਨੁੱਖ ਦੀ ਹੋਂਦ ਸੰਭਵ ਨਹੀਂ ਜਿਸ ਦਾ ਅਹਿਸਾਨ ਇਨਸਾਨ ਸਾਰੀ ਉਮਰ ਨਹੀਂ ਚੁਕਾ ਸਕਦਾ ਉਸੇ ਔਰਤ ਨੂੰ ਪੂਜਣ ਦੀ ਬਜਾਏ ਉਸ ਨਾਲ ਵਧੀਕੀਆਂ ਹੋਣ ਲੱਗੀਆਂ। ਇਨ੍ਹਾਂ ਵਧੀਕੀਆਂ ਨੇ ਔਰਤ ਦੀ ਸਮਾਜ ਵਿਚ ਸਥਿਤੀ ਤਰਸਯੋਗ ਬਣਾ ਦਿੱਤੀ। ਸਮਾਜ ਵਿਚ ਤਰੱਕੀ ਤਾਂ ਹੋ ਗਈ ਪ੍ਰੰਤੂ ਔਰਤ ਦੇ ਪੱਖ ਵਿਚ ਸੁਧਾਰ ਨਹੀਂ ਹੋਇਆ। ਔਰਤ ਦੀਆਂ ਸਮੱਸਿਆਵਾਂ ਨੇ ਘੋਰ ਸੰਤਾਪ ਦਾ ਰੂਪ ਧਾਰਨ ਕਰ ਲਿਆ। ਔਰਤ ਨੇ ਇਸ ਨੂੰ ਹੋਣੀ ਦਾ ਨਾਂ ਦੇ ਕੇ ਆਪਣੀ ਕਿਸਮਤ ਸਮਝ ਕੇ ਇਸ ਪ੍ਰਤੀ ਚੁੱਪ ਧਾਰ ਲਈ। ਔਰਤ ਪਿੱਤਰ ਸੱਤਾ ਦੀ ਮਜ਼ਬੂਤ ਪਕੜ ਵਿਚ ਜਕੜੀ ਗਈ। ਸਾਹਿਤ ਅਤੇ ਨਾਰੀ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਸਮਾਜ ਵਿਚ ਨਾਰੀ ਦੇ ਬਦਲਦੇ ਸੰਕਲਪਾਂ ’ਤੇ ਭਾਵਨਾਵਾਂ ਨੂੰ ਸਾਹਿਤ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜਿਸ ਦੀ ਪੇਸ਼ਕਾਰੀ ਸਾਨੂੰ ਸਾਡੇ ਸਾਹਿਤ ਵਿਚ ਵੇਖਣ ਨੂੰ ਵੀ ਮਿਲਦੀ ਹੈ। ਨਾਰੀ ਦੀ ਭਾਵਨਾ ਦੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਵਿਚ ਪੁਰਾਤਨ ਕਾਵਿ ਦਾ ਵਿਸ਼ੇਸ਼ ਸਥਾਨ ਹੈ। ਨਾਥਾਂ-ਜੋਗੀਆਂ ਨੇ ਆਪਣੇ ਸਾਹਿਤ ਵਿਚ ਔਰਤ ਨੂੰ ਖੂਬ ਭੰਢਿਆ। ਉਨ੍ਹਾਂ ਨੇ ਔਰਤ ਨੂੰ ਬਾਘਣ ਤੱਕ ਕਹਿ ਦਿੱਤਾ ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਸੰਦਰਭ ਵਿਚ ਬਹੁਤ ਹੀ ਵਧੀਆ ਗੱਲ ਕਹੀ, ‘ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ’। ਸਭਿਅਤਾ ਦਾ ਵਿਕਾਸ ਕਰਦੀ ਹੈ ਪਰ ਔਰਤ ਦੀ ਤ੍ਰਾਸਦੀ ਇਹ ਰਹੀ ਹੈ ਕਿ ਉਹ ਖੁਦ ਸਭਿਅਤਾ ਦਾ ਵਿਕਾਸ ਤਾਂ ਕਰਦੀ ਹੈ ਪ੍ਰੰਤੂ ਖੁਦ ਬਹੁਤ ਪਿੱਛੇ ਮਰਦ ਦੇ ਅਧੀਨ ਰਹਿ ਗਈ। ਸਮੇਂ ਦੇ ਨਾਲ-ਨਾਲ ਸਾਹਿਤ ਨੂੰ ਵਾਚਣ ਨਾਲ ਧਰਮ ਦਰਸ਼ਨ ਤੋਂ ਅਤੇ ਸਾਹਿਤ ਤੋਂ ਔਰਤ ਪ੍ਰਤੀ ਰਵੱਈਏ ਬਾਰੇ ਪਤਾ ਚੱਲਦਾ ਰਹਿੰਦਾ ਹੈ।

ਇਸਤਰੀ ਦੀ ਸਮਾਜ ਵਿਚ ਮਾੜੀ ਸਥਿਤੀ ਦਾ ਮਸਲਾ ਸਮਾਜਿਕ ਅਸਤਿਤਵ ਨਾਲ ਜੁੜਿਆ ਹੋਇਆ ਹੈ। ਉਸ ਦਾ ਦਰਜ਼ਾ ਮਰਦ ਦੇ ਰਹਿਮ ’ਤੇ ਦਇਆ ਉੱਪਰ ਨਿਰਭਰ ਹੈ। ਹਰ ਸਮਾਜ ਅਤੇ ਸਭਿਆਚਾਰ ਆਪਣੇ ਸਾਹਿਤ ਕਲਾ ਅਤੇ ਸੰਚਾਰ ਮਾਧਿਅਮ ਰਾਹੀਂ ਔਰਤ ਦਾ ਅਜਿਹਾ ਦਾ ਅਜਿਹਾ ਸੰਕਲਪ ਉਭਰਦਾ ਹੈ, ਜੋ ਔਰਤ ਦੀ ਅਧੀਨ ਹੈਸੀਅਤ ਨੂੰ ਹੋਰ ਪੱਕਿਆਂ ਕਰਨ ਅਤੇ ਨਿਰੰਤਰ ਅੱਗੇ ਤੋਰਨ ਲਈ ਮਰਦ ਨੂੰ ਸਹਾਈ ਹੁੰਦਾ ਹੈ। ਇਕ ਔਰਤ ’ਤੇ ਇਕੋ ਸਮੇਂ ਕਈ ਜ਼ਿੰਮੇਵਾਰੀਆਂ ਪਾ ਦਿੱਤੀਆਂ ਜਾਂਦੀਆਂ ਹਨ ਔਰਤ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਧੀ, ਭੈਣ, ਪਤਨੀ ਅਤੇ ਨੂੰਹ ਵਾਲੇ ਰਿਸ਼ਤਿਆਂ ’ਤੇ ਪੂਰੀ ਤਰ੍ਹਾਂ ਖਰੀ ਉਤਰੇ ਉਹ ਵੀ ਘਰ ਦੀ ਚਾਰ ਦੀਵਾਰੀ ਵਿਚ ਰਹਿ ਕੇ। ਉਸ ਉੱਪਰ ਕਈ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ ਇਕ ਇਨਸਾਨ ਤੋਂ ਪਹਿਲਾਂ ਉਸ ਨੂੰ ਇਕ ਔਰਤ ਦੇ ਰੂਪ ਵਜੋਂ ਦੇਖਿਆ ਜਾਂਦਾ ਹੈ। ਇਹ ਸਾਡੇ ਸਮਾਜ ਦੇ ਘਟਿਆ ਨਿਜ਼ਾਮ ਦੀ ਹੀ ਕਮਜ਼ੋਰੀ ਰਹੀ ਹੈ ਕਿ ਉਹ ਔਰਤ ਤੋਂ ਬੇਵਫ਼ਾਈ ਦੇ ਬਦਲੇ ਵਫ਼ਾਈ, ਨਫ਼ਰਤ ਦੇ ਬਦਲੇ ਪਿਆਰ ਦੀ ਉਮੀਦ ਰੱਖਦਾ ਆਇਆ ਹੈ। ਸ਼ਿਸ਼੍ਰਟੀ ਦੇ ਆਰੰਭ ਤੋਂ ਮਨੁੱਖ ਜਦ ਵੀ

ਸਭਿਅਤਾ ਦੀ ਦੌੜ ਵਿਚ ਪਛੜਿਆ ਜਾਂ ਮਾਨਸਿਕ ਅਸ਼ਾਂਤੀ ਦਾ ਸ਼ਿਕਾਰ ਹੋਇਆ, ਨਾਰੀ ਦੇ ਅਭਾਵ ਕਾਰਨ ਸੀ ਜਾਂ ਉਸ ਪ੍ਰਤੀ ਦ੍ਰਿਸ਼ਟੀਕੋਣ ਦਾ ਫਲ ਸੀ। ਵਾਸਤਵ ਵਿਚ ਪੁਰਸ਼ ਜ਼ੋਰਾਵਰ ’ਤੇ ਅਸੰਤੁਲਨ ਕਾਰਨ ਜੀਵਨ ਦੀ ਲੰਮੀ ਦੌੜ ਵਿਚ ਇਕੱਲਾ ਅਸਫ਼ਲ ਰਿਹਾ ਹੈ। ਅਰਸਤੂ ਨੇ ਇਸਤਰੀ ਨੂੰ ਅਪੂਰਨ, ਘੱਟ ਸਾਹਸ ਵਾਲੀ, ਕਮਜ਼ੋਰ ’ਤੇ ਆਦਮੀ ਨਾਲੋਂ ਜ਼ਿਆਦਾ ਜ਼ਜ਼ਬਾਤੀ ਹੋਣ ਕਰਕੇ ਉਸ ਦੀ ਬਿਰਤੀ ਅਧੀਨ ਰਹਿਣ ਵਾਲੀ ਕਿਹਾ ਹੈ।

ਇਸਤਰੀ ਅਤੇ ਮਰਦ ਦਾ ਅਜ਼ਲੀ ਸੰਬੰਧ ਰਿਹਾ ਹੈ। ਸਿਰਫ਼ ਸੰਬੰਧ ਹੀ ਨਹੀਂ, ਸਗੋਂ ਇਕ ਦੂਜੇ ਦੇ ਪੂਰਕ ਹਨ, ਭਾਵ ਇਕ ਦੇ ਸਾਥ ਤੋਂ ਬਿਨ੍ਹਾਂ ਦੂਜਾ ਅਧੂਰਾ ਹੈ। ਇਹੋ ਕਾਰਨ ਹੈ ਸ਼ੁਰੂ ਤੋਂ ਹੀ ਸਾਹਿਤ ਵਿਚ ਮਰਦ ਦੇ ਨਾਲ-ਨਾਲ ਇਸਤਰੀ ਦੀ ਚਰਚਾ ਤੁਰੀ ਆਉਂਦੀ ਹੈ। ਕਿਸੇ ਸਮੇਂ ਵਿਚ ਇਸਤਰੀ ਨੂੰ ਕਿਹੋ ਜਿਹਾ ਦਰਜ਼ਾ ਪ੍ਰਾਪਤ ਸੀ। ਸਮਾਂ ਕਰਵਟ ਬਦਲਦਾ ਰਿਹਾ, ਜਿਸ ਨਾਲ ਸਮਾਜਿਕ ਸੰਬੰਧਾਂ ਵਿਚ ਵੀ ਪਰਿਵਰਤਨ ਹੁੰਦੇ ਰਹੇ ਅਤੇ ਇਸਤਰੀ ਦੀ ਸਥਿਤੀ ਵੀ ਸਮਾਜ ਵਿਚ ਬਦਲਦੀ ਰਹੀ। ਇਥੋਂ ਤੱਕ ਕਿ ਗੋਰਖ ਨਾਥ, ਵਾਰਿਸ, ਪੀਲੂ ਆਦਿ ਨੇ ਔਰਤ ਲਈ ਨੀਵੇਂ ਵਿਸ਼ੇਸ਼ਣਾ ਦੀ ਵਰਤੋਂ ਕੀਤੀ। 15ਵੀਂ-16ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸਾਹਿਤ ਵਿਚ ਇਸਤਰੀ ਨੂੰ ਸਤਿਕਾਰਯੋਗ ਸਥਾਨ ਮਿਲਿਆ। ਇਸਤਰੀ ਦੇ ਵਿਕਾਸ ਦੀ ਅਸਲ ਕਹਾਣੀ 20ਵੀਂ ਸਦੀ ਦੇ ਸ਼ੁਰੂ ਹੋਣ ਨਾਲ ਆਰੰਭ ਹੁੰਦੀ ਹੈ। ਚਾਰੇ ਪਾਸੇ ਵਿਦਿਆ ਪਾਸਾਰ ਕਰਕੇ ਜਾਗ੍ਰਿਤੀ ਆਉਣੀ ਸ਼ੁਰੂ ਹੁੰਦੀ ਹੈ। ਭਾਵੇਂ ਜਾਗ੍ਰਿਤੀ ਹੋਣ ਕਰਕੇ ਔਰਤ ਤ੍ਰਾਸਦੀ ਭੋਗ ਰਹੀ ਹੈ। ਔਰਤ ਦੇ ਦੁਖਾਂਤ ਨੂੰ ਸਮਝਣਾ ਅਤੇ ਸਾਹਿਤ ਵਿਚ ਪੇਸ਼ ਕਰਨਾ ਇਕ ਸੁਚੇਤ ਕਾਰਜ ਹੈ।

ਰਾਮ ਸਰੂਪ ਅਣਖੀ ਨਵੀਨ ਪੰਜਾਬੀ ਸਾਹਿਤ ਦਾ ਚੇਤੰਨ ਲੇਖਕ ਹੈ। ਸਠਵਿਆਂ ਤੋਂ ਬਾਅਦ ਵਿਚ ਲਿਖੇ ਪੰਜਾਬੀ ਗਲਪ ਵਿਚ ਉਸਦਾ ਵਿਸ਼ੇਸ਼ ਅਤੇ ਨਿਵੇਲਕਾ ਸਥਾਨ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਸੂਰਜ ਦੀ ਤਰ੍ਹਾਂ ਚਮਕ ਰਿਹਾ ਹੈ। ਹਥਲੇ ਖੋਜ ਪ੍ਰਬੰਧ ਵਿਚ ਰਾਮ ਸਰੂਪ ਅਣਖੀ ਦੇ ਤਿੰਨ ਨਾਵਲ ਪਰਤਾਪੀ, ਦੁੱਲੇ ਦੀ ਢਾਬ ਅਤੇ ਗੇਲੋ ਲਏ ਗਏ ਹਨ। ਇਨ੍ਹਾਂ ਵਿਚ ਔਰਤ ਦੀ ਤ੍ਰਸਾਦੀ, ਉਸ ਦੇ ਨਜਾਇਜ਼ ਸੰਬੰਧ ਅਤੇ ਪਿਆਰ ਨਾਲ ਉਸਰਨ ਵਾਲੇ ਭਵਿੱਖਮੁਖੀ ਰੂਪਾਂ ਨੂੰ ਸਾਹਮਣੇ ਲਿਆਂਦਾ ਹੈ।

‘ਪਰਤਾਪੀ’ ਨਾਵਲ ਵਿਚ ਜਾਗੀਰਦਾਰੀ ਸਮਾਜ ਵਿਚ ਰੁਲਦੀ ਔਰਤ ਦੇ ਦੁਖਾਂਤ ਦਾ ਵਰਣਨ ਕੀਤਾ ਗਿਆ ਹੈ। ਨਾਵਲ ਦੀ ਮੁੱਖ ਨਾਇਕਾ ਪਿੰਡ ਦੇ ਮੁੰਡੇ ਨੂੰ ਪਿਆਰ ਕਰਦੀ ਅਤੇ ਉਸ ਨਾਲ ਰਾਂਗਲੇ ਭਵਿੱਖ ਦੇ ਸੁਪਨੇ ਦੇਖਦੀ ਹੈ। ਉਸ ਦੇ ਸਾਰੇ ਸੁਪਨੇ ਉਸ ਸਮੇਂ ਟੁੱਟ ਜਾਂਦੇ ਹਨ ਜਦੋਂ ਇਕ ਸਾਧੂ ਦੁਆਰਾ ਉਸ ਦਾ ਬਲਾਤਕਾਰ ਹੁੰਦਾ ਹੈ। ਅਣਖੀ ਨੇ ਆਪਣੇ ਇਸ ਨਾਵਲ ਵਿਚ ਡੇਰਿਆਂ ਵਿਚ ਔਰਤ ’ਤੇ ਧਰਮ ਦੇ ਨਾਂ ਉੱਤੇ ਹੋਣ ਵਾਲੇ ਸ਼ੋਸ਼ਣ ਦਾ ਬਿਆਨ ਕੀਤਾ ਹੈ। ਅਣਖੀ ਡੇਰਿਆਂ ਦਾ ਯਥਾਰਥ ਸਾਹਮਣੇ ਲੈ ਕੇ ਆਉਂਦਾ ਹੈ ਕਿ ਕਿਸ ਪ੍ਰਕਾਰ ਡੇਰਿਆਂ ਵਿਚ ਨਜਾਇਜ਼ ਸੰਬੰਧ ਬਣਦੇ ਹਨ ਅਤੇ ਧਰਮ ਦੇ ਨਾਂ ’ਤੇ ਔਰਤ ਦਾ ਸ਼ੋਸ਼ਣ ਹੁੰਦਾ ਹੈ। ਪਰਤਾਪੀ ਇਸ ਨਾਵਲ ਵਿਚ ਅਜਿਹੀ ਔਰਤ ਹੈ ਜੋ ਇਕ ਤੋਂ ਬਾਅਦ ਦੂਜੀ ਮੁਸਿਬਤ ਵਿਚ ਫ਼ਸਦੀ ਨਜ਼ਰ ਆਉਂਦੀ ਹੈ। ਪਹਿਲਾ ਗੱਜਣ ਨਾਲ ਅਣਜੋੜ ਵਿਆਹ ਉਸ ਤੋਂ ਬਾਅਦ ਗੱਜਣ ਦਾ ਦੂਸਰਾ ਵਿਆਹ ਉਸ ਦੀਆਂ ਮੁਸਿਬਤਾਂ ਦਾ ਕਾਰਨ ਬਣਦਾ ਹੈ। ਇਸ ਨਾਵਲ ਵਿਚ ਅਣਖੀ ਨੇ ਜ਼ਮੀਨ ਦੀ ਖਾਤਿਰ

ਰਿਸ਼ਤਿਆਂ ਵਿਚ ਆ ਗਈ ਦਰਾੜ ਦਾ ਬਿਆਨ ਕੀਤਾ ਹੈ। ਜ਼ਮੀਨ ਦੀ ਖਾਤਿਰ ਇਨਸਾਨ ਖਾਸ ਕਰਕੇ ਜੱਟ ਰਿਸ਼ਤੇ-ਨਾਤੇ ਭੁੱਲ ਜਾਂਦੇ ਹਨ ਅਤੇ ਉਸੇ ਦੀ ਕਦਰ ਹੁੰਦੀ ਹੈ ਜਿਸ ਦੇ ਨਾਂ ਜ਼ਮੀਨ ਹੁੰਦੀ ਹੈ। ਆਪਣੇ ਹੀ ਧੀਆਂ-ਪੁੱਤ ਜ਼ਮੀਨ ਦੇ ਮੋਹ ਕਾਰਨ ਮੁੱਖ ਮੋੜ ਲੈਂਦੇ ਹਨ। ਅਜਿਹਾ ਹੀ ਪਰਤਾਪੀ ਨਾਲ ਹੁੰਦਾ ਹੈ ਜਦੋਂ ਪਰਤਾਪੀ ਕੋਲ ਕੁੱਝ ਨਹੀਂ ਸੀ ਤਾਂ ਉਸ ਦੇ ਧੀਆਂ-ਪੁੱਤ ਉਸ ਨੂੰ ਨਹੀਂ ਪੁੱਛਦੇ ਲੇਕਿਨ ਜਦੋਂ ਉਸ ਦੇ ਨਾਂ ਜ਼ਮੀਨ ਲੱਗ ਜਾਂਦੀ ਹੈ ਤਾਂ ਉਸ ਦੀ ਕਦਰ ਕਰਦੇ ਹਨ ਅਤੇ ਜ਼ਮੀਨ ਦੇ ਮੋਹ ਵਿਚ ਇੰਨਾਂ ਗ੍ਰਸਤ ਹੋ ਜਾਂਦੇ ਹਨ ਕਿ ਇਕ ਪੁੱਤਰ ਚਾਹੁੰਦਾ ਹੈ ਕਿ ਪਰਤਾਪੀ ਮਰੇ ਨਾ ਇਹ ਨਹੀਂ ਕਿ ਉਸ ਦਾ ਪੁੱਤਰ ਉਸ ਨੂੰ ਬਹੁਤ ਪਿਆਰ ਕਰਦਾ ਹੈ ਬਲਕਿ ਇਸ ਕਰਕੇ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਪਰਤਾਪੀ ਦੇ ਹਿੱਸੇ ਦੀ ਜ਼ਮੀਨ ਜੋ ਉਹ ਵਾਹੁੰਦਾ ਹੈ ਉਸ ਦੀ ਵੰਡੀ ਪਵੇ ਜਦੋਂ ਕਿ ਦੂਜਾ ਪੁੱਤ ਪਰਤਾਪੀ ਦੀ ਮੌਤ ਉਡੀਕਦਾ ਹੈ ਤਾਂ ਜੋ ਜ਼ਮੀਨ ਵੰਡੀ ਜਾ ਸਕੇ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਜਾਗੀਰਦਾਰੀ ਪ੍ਰਬੰਧ ਵਿਚ ਔਰਤ ਦੀ ਹੋ ਰਹੀ ਦੁਰਗਤੀ ਦਾ ਬਿਆਨ ਕਰਦਾ ਹੈ। ਇਸ ਤੋਂ ਬਿਨਾਂ ਇਸ ਨਾਵਲ ਵਿਚ ਔਰਤ-ਮਰਦ ਦੇ ਦਵੰਦਾਤਮਕ ਸੰਬੰਧਾਂ ਦਾ ਬਿਆਨ ਮਿਲਦਾ ਹੈ।

'ਸਰਦਾਰੋ' ਵਿਚ ਔਰਤ ਆਪਣੀ ਚਰਮ ਸੀਮਾ ਦੀ ਦੁਖਾਂਤਕ ਸਥਿਤੀ ਸੰਗ ਪੇਸ਼ ਹੁੰਦੀ ਹੈ। ਇਹ ਅਣਖੀ ਦੇ ਵੱਡ ਆਕਾਰੀ ਨਾਵਲ ਦਾ ਪਹਿਲਾ ਭਾਗ ਹੈ। ਨਾਵਲ ਵਿਚ ਭਾਵਨਾਤਮਕ ਵਖਰੇਵੇਂ 'ਚ ਪੈਦਾ ਹੋਇਆ ਸੰਕਟ ਹੈ। ਇਸ ਸੰਕਟ ਦੀਆਂ ਜੜ੍ਹਾਂ ਅਣਜੋੜ ਵਿਆਹ 'ਚ ਪੈਦਾ ਹੋਈ ਪਾਸ਼ਵਿਕ ਰੁਚੀਆਂ ਹਨ। ਇਹ ਮੂਲ ਰੂਪ ਵਿਚ ਬਾਜ਼ੀਗਰ ਕਬੀਲੇ ਨਾਲ ਸੰਬੰਧ ਰੱਕਣ ਵਾਲਾ ਨਾਵਲ ਹੈ। ਇਸ ਨਾਵਲ ਵਿਚ ਸਰਦਾਰੋ ਦਾ ਵਿਆਹ ਆਪਣੇ ਤੋਂ ਤਿਗਣੀ ਉਮਰ ਦੇ ਵਿਅਕਤੀ ਨਾਲ ਹੋਣਾ ਹੀ ਉਸ ਦੀ ਤ੍ਰਾਸਦੀ ਹੈ। ਇਹੋ ਅਣਜੋੜ ਵਿਆਹ ਕਾਰਨ ਉਸ ਨੂੰ ਮਾਨਸਿਕ ਤਸੀਹੇ ਝੱਲਣੇ ਪੈਂਦੇ ਹਨ। ਇਸੇ ਅਣਜੋੜ ਵਿਆਹ ਕਾਰਨ ਸਰਦਾਰੋ ਦੀ ਕਾਮ ਤ੍ਰਿਪਤੀ ਪੂਰੀ ਨਹੀਂ ਹੁੰਦੀ ਜਿਸ ਕਾਰਨ ਉਸ ਦੇ ਨਜਾਇਜ਼ ਸੰਬੰਧ ਬਣਦੇ ਹਨ। ਫਿਰ ਉਸ ਦਾ ਪਿੰਡ ਦੇ ਮੈਂਗਲ ਜੱਟ ਨਾਲ ਉੱਧਲ ਜਾਣ ਤੇ ਹਾਣ ਪਰਵਾਨ ਕਰਨਾ। ਦੁੱਲੇ 'ਤੇ ਸਰਦਾਰੋ ਦੇ ਉਪਰੋਕਤ ਵਿਹਾਰ ਦਾ ਵਿਵੇਕ ਸਾਡੀ ਭੂਪਵਾਦੀ ਵਿਵਸਥਾ ਦੇ ਵਿਆਹ-ਪ੍ਰਬੰਧ ਵਿਚ ਮੌਜੂਦ ਹੈ, ਜਿਹੜਾ ਕਿ ਪੁਰਸ਼ 'ਤੇ ਪੈਸੇ ਦੀ ਸਰਦਾਰੀ ਉੱਤੇ ਅਧਾਰਿਤ ਹੈ। ਜੋ ਅਣਜੋੜ ਵਿਆਹ ਦੀ ਵਾਸਤਵ ਵਿਚ ਵਿਆਹ ਬਾਹਰੇ ਜਿਨਸੀ ਸੰਬੰਧ ਹੰਢਾਉਣ ਦੀ ਮਜ਼ਬੂਰੀ ਬਣਦਾ ਹੈ। ਜਿਸ ਦੇ ਸਿੱਟੇ ਵਜੋਂ ਸਰਦਾਰੋ ਵਰਗੀਆਂ ਮੈਂਗਲ ਵਰਗਿਆਂ ਨਾਲ ਨਿਕਲ ਜਾਂਦੀਆਂ ਹਨ। ਇਹੋ ਔਰਤ ਦਾ ਦੁਖਾਂਤ ਹੈ।

'ਹਮੀਰਗੜ੍ਹ' ਨਾਵਲ ਵਿਚ ਸਾਂਝੇ ਪਰਿਵਾਰ ਪ੍ਰਣਾਲੀ ਦੀ ਤਰਜ਼ ਦੇ ਪਰਿਵਾਰ ਦੇ ਦਰਸ਼ਨ ਹੁੰਦੇ ਹਨ। ਇਸ ਵਿਚ ਜ਼ਮੀਨ ਦੀ ਖਾਤਿਰ ਔਰਤ ਪਿਸਦੀ ਦਿਖਾਈ ਦਿੰਦੀ ਹੈ। ਜਲਕੁਰ, ਮੱਘੋ, ਤੇਜੋ ਆਦਿ ਔਰਤਾਂ ਦੁਖਾਂਤ ਭੋਗਦੀਆਂ ਹਨ। ਫਿਊਡਲ ਪੰਜਾਬੀ ਲੋਕਾਚਾਰ ਵਿਚ ਮਨੁੱਖ ਦੇ ਅਵਚੇਤਨ ਵਿਚ ਔਰਤ ਧਸੀ ਪਈ ਹੈ ਤਾਂ ਔਰਤ ਦੇ ਇਰਦ-ਗਿਰਦ ਉਸਾਰੇ ਨੈਤਿਕ ਲੁਬਾਦੇ ਦਾ ਕੋਈ ਪਾਰਾਦਾਰ ਨਹੀਂ ਹੈ। ਔਰਤ ਆਪਣੇ ਪਰਿਵਾਰ ਵਿਚ ਦੋ, ਤਿੰਨ, ਚਾਰ ਮਰਦਾਂ ਦੀ ਆਮਦ ਨੂੰ ਸ਼ੋਸ਼ਣ ਨਹੀਂ ਸਮਝਦੀ। ਨਾਵਲਕਾਰ ਨਾਵਲ ਘੋਖਵੀਂ ਵਿਧੀ ਨਾਲ ਬਿਆਨਦਾ ਹੈ। ਜ਼ਮੀਨ ਜੱਟ ਲਈ ਇੰਨੀ ਮਹੱਤਵਪੂਰਨ ਹੋ ਜਾਂਦੀ ਹੈ ਕਿ ਉਹ ਆਪਣੀ ਦੇ ਆਪਣੇ ਭਰਾਵਾਂ ਨਾਲ ਨਜਾਇਜ਼ ਸੰਬੰਧਾਂ ਸੰਬੰਧੀ ਚੁੱਪ ਵੱਟ ਲੈਂਦਾ ਹੈ।

ਸਿਰਫ਼ ਇਸ ਕਰਕੇ ਤਾਂ ਜੋਂ ਜ਼ਮੀਨ ਦੀ ਵੰਡੀ ਨਾ ਪਵੇ। ਇਸ ਨਾਵਲ ਵਿਚ ਅਣਖੀ ਨੇ ਔਰਤ ਦੇ ਦੁਖਾਂਤ ਨੂੰ ਸਫਲਤਾਪੂਰਵਕ ਢੰਗ ਨਾਲ ਬਿਆਨ ਕਰਦਾ ਹੈ।

'ਜੱਸੀ ਸਰਪੰਚ' ਨਾਵਲ ਵਿਚ ਵੀ ਜ਼ਮੀਨ ਦੀ ਖਾਤਿਰ ਔਰਤ ਦੁਖਾਂਤ ਭੋਗਦੀ ਹੈ। ਵੇਖਿਆ ਜਾਵੇ ਤਾਂ ਨਾਵਲਕਾਰ ਵਾਸਤਵ ਵਿਚ ਅੰਦਰਲੇ ਪਾਤਰਾਂ ਦੀ ਕਿਰਦਾਰ ਉਸਾਰੀ ਵਿਚੋਂ ਹੀ ਪੂੰਜੀਕ੍ਰਿਤ ਪੰਜਾਬ ਦਾ ਗਲਪੀ ਬਿੰਬ ਸਿਰਜਿਆ ਹੈ। ਇਸ ਵਿਚ ਇਸਤਰੀ ਪਾਤਰ ਜੈਬੇ ਨਾਈ ਦੀ ਕੁੜੀ ਮੀਤੋ, ਬੰਤੋ 'ਤੇ ਰੂਪੋ ਵਰਗੀਆਂ ਵੱਖ-ਵੱਖ ਸਥਿਤੀ ਵਿਚ ਦੁਖਾਂਤ ਭੋਗਦੀਆਂ ਹਨ। ਭਾਵੇਂ ਨਾਵਲਕਾਰ ਨਾਵਲ ਦਾ ਕੇਂਦਰੀ ਥੀਮ ਪੂੰਜੀਵਾਦੀ ਸੰਸਕ੍ਰਿਤੀ ਨੂੰ ਬਣਾਉਂਦਾ ਹੈ ਤਾਂ ਵੀ ਉਹ ਔਰਤ ਦੇ ਦੁਖਾਂਤ ਨੂੰ ਇਸੇ ਸੰਦਰਭ ਵਿਚ ਪੇਸ਼ ਕਰਦਾ ਹੈ। ਮੀਤੋ ਨੀਵੀਂ ਜਾਤ ਦੀ ਅਤੇ ਗਰੀਬ ਘਰ ਦੀ ਧੀ ਹੋਣ ਕਰਕੇ ਮਰਦ ਦੇ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ ਜਦਕਿ ਰੂਪੋ ਪਤੀ ਦੇ ਨਸ਼ਿਆਂ ਦੀ ਆਦਤ ਅਤੇ ਅਣਜੋੜ ਵਿਆਹ ਤੋਂ ਬਾਅਦ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ। ਨਾਵਲ ਔਰਤ ਦੇ ਸਮਾਜਿਕ ਅਸਤਿਤਵ ਨੂੰ ਆਪਣੇ ਅਸਲੇ ਦੀ ਪਹਿਚਾਣ ਕਰਵਾਉਣ ਵਲ ਉਤਸਾਹਿਤ ਹੈ ਜੋ ਇਕ ਨਿੱਗਰ ਕਦਮ ਹੈ। 'ਅੱਛਰਾਂ ਦਾਂਦੂ' ਖਾੜਕੂ ਲਹਿਰ ਸਮੇਂ ਦੀ ਪੰਜਾਬ ਦੀ ਸਥਿਤੀ ਘੋਖਵੀਂ ਨਜ਼ਰ ਵਿਚ ਬਿਆਨ ਕਰਕੇ ਡੇਰਾਵਾਦ 'ਤੇ ਰਾਜਨੀਤੀ ਦੀਆਂ ਪਰਤਾਂ ਨੂੰ ਖੋਲਿਆ 'ਤੇ ਜੀਵਨ ਦੀ ਅਸਲ ਸਚਾਈ ਤੱਕ ਪਹੁੰਚਣ ਦੀ ਕੋਸ਼ਿਸ ਕੀਤੀ ਹੈ। 'ਸਲਫਾਸ' ਵਿਚ ਛੋਟੀ ਕਿਸਾਨੀ 'ਤੇ ਪੂੰਜੀਕ੍ਰਿਤ ਕੀਮਤਾਂ ਨੂੰ ਲੈ ਕੇ ਇਕ ਕਿਸਾਨ ਦੀ ਦੁੱਖ ਭਰੇ ਜੀਵਨ ਦੀ ਲਾਲਸਾ ਨੂੰ ਬਿਆਨ ਕਰਕੇ ਉਸ ਦੇ ਜੀਵਨ ਨੂੰ 'ਸਲਫਾਸ' ਦੀ ਡੱਬੀ ਤੱਕ ਲੈ ਜਾਣ ਦੀ ਵਿਥਿਆ ਦਾ ਵਿਸਥਾਰ ਹੈ।

'ਗੇਲੋ' ਨਾਵਲ ਸਾਡੇ ਸਮਾਜ ਔਰਤ 'ਤੇ ਲੱਗੀਆਂ ਪਬੰਦੀਆਂ ਦਾ ਬਿਆਨ ਮਿਲਦਾ ਹੈ। ਸਮਾਜ ਵਿਚ ਔਰਤ ਨੂੰ ਆਪਣੀ ਮਨ ਪਸੰਦ ਦਾ ਵਰ ਚੁਣਨ ਦੀ ਆਜ਼ਾਦੀ ਨਹੀਂ ਜੇਕਰ ਉਹ ਅਜਿਹਾ ਕਰਦੀ ਹੈ ਤਾਂ ਉਸ ਨੂੰ ਬਹੁਤ ਤਸੀਹੇ ਝੱਲਣੇ ਪੈਂਦੇ ਹਨ। ਅਜਿਹੀ ਸਥਿਤੀ ਵਿਚ ਉਸ ਤੋਂ ਛੁਟਕਾਰਾ ਪਾਉਣ ਵਾਸਤੇ ਉਸ ਦਾ ਕਿਸੇ ਨਾਲ ਵੀ ਵਿਆਹ ਕਰ ਦਿੱਤਾ ਜਾਂਦਾ ਹੈ ਇਹ ਜਾਣੇ ਬਿਨਾਂ ਕਿ ਵਰ ਉਸ ਦੇ ਲਾਇਕ ਹੈ ਵੀ ਜਾਂ ਨਹੀਂ। ਇਸ ਤੋਂ ਬਿਨਾਂ ਇਸ ਨਾਵਲ ਵਿਚ ਜੱਟ ਮਾਨਸਿਕਤਾ ਦਾ ਬਿਆਨ ਹੋਇਆ ਮਿਲਦਾ ਹੈ ਜੋ ਆਪਣੀਆਂ ਧੀਆਂ ਦੇ ਸੰਬੰਧ ਕਿਸੇ ਨੀਵੀਂ ਜਾਤ ਨਹੀਂ ਵੇਖ ਸਕਦੇ। ਜੇਕਰ ਔਰਤ ਅਜਿਹਾ ਕਰਦੀ ਹੈ ਤਾਂ ਕਤਲ ਵਰਗੀਆਂ ਘਟਨਾਵਾਂ ਆਮ ਵੇਖਣ ਨੂੰ ਮਿਲਦੀਆਂ ਹਨ। ਅਣਖੀ ਨੇ ਇਸ ਨਾਵਲ ਵਿਚ ਆਰਥਿਕ ਤੰਗੀਆਂ ਭੋਗਦੀ ਔਰਤ ਦੇ ਦੁਖਾਂਤ ਦਾ ਵਰਣਨ ਵੀ ਕੀਤਾ ਹੈ ਉਸ ਦੀ ਆਰਥਿਕ ਸਮੱਸਿਆ ਇਥੋਂ ਤੱਕ ਵੱਧ ਜਾਂਦੀ ਹੈ ਕਿ ਉਸ ਨੂੰ ਜਿਸਮਫਰੋਸ਼ੀ ਦਾ ਧੰਦਾ ਵੀ ਅਪਣਾਉਣਾ ਪੈਂਦਾ ਹੈ। ਇਹ ਨਾਵਲ ਮਰਦ ਦੀਆਂ ਕਰੂੜ ਨੀਤੀਆਂ ਉੱਪਰ ਵੀ ਚਾਨਣਾ ਪਾਉਂਦਾ ਹੈ ਜੋ ਔਰਤ ਨੂੰ ਇਕ ਵਸਤੂ ਦੀ ਤਰ੍ਹਾਂ ਵਰਤਦਾ ਹੈ ਅਤੇ ਵਰਤ ਕੇ ਸੁੱਟ ਦਿੰਦਾ ਹੈ।

ਇਸ ਤਰ੍ਹਾਂ ਰਾਮ ਸਰੂਪ ਅਣਖੀ ਔਰਤ ਦੇ ਪਰੰਪਰਾਗਤ ਸੰਕਲਪ ਨੂੰ ਤੋੜਨ ਦਾ ਵਿਅਕੀਗਤ ਉਪਰਾਲਾ ਕਰਦਾ ਹੈ। ਨਾਵਲਾਂ ਵਿਚ ਅਨੇਕਾਂ ਪਰਤਾਂ ਨੂੰ ਖੋਲਿਆ ਗਿਆ ਹੈ ਜਿਵੇਂ ਕਿ, ਔਰਤ ਮਰਦ ਸੰਬੰਧਾਂ, ਪੂੰਜੀਵਾਦੀ ਸੰਸਕ੍ਰਿਤੀ 'ਤੇ ਔਰਤ ਦੇ ਦੁਖਾਂਤ ਅਤੇ ਛੋਟੀ ਕਿਸਾਨੀ ਵਿਚ ਪਿਸਦੀ ਔਰਤ ਦੇ ਸੰਤਾਪ ਨੂੰ ਪੇਸ਼ ਕੀਤਾ ਹੈ। ਨਾਵਲਾਂ ਵਿਚ ਜੋ ਢੰਗ

ਅਣਖੀ ਨੇ ਵਰਤਿਆ ਹੈ, ਉਸ ਨਾਲ ਸਹਿਮਤ ਹੋਣ ਲਈ ਭਾਵਨਾਤਮਕ ਪੱਧਰ ਤੋਂ ਉੱਠ ਕੇ ਵਿਸ਼ਾਲ ਦਾਇਰੇ ਦਾ ਵਿਵੇਕ ਧਾਰਨਾ ਕਰਨਾ ਪਵੇਗਾ। ਔਰਤ ਦੇ ਦੁਖਾਂਤ ਨੂੰ ਘਟਾਉਣ ਲਈ ਸਭ ਤੋਂ ਪਹਿਲਾਂ ਜੋ ਮਰਦ ਅਤੇ ਔਰਤ ਵਿਚਲਾ ਫ਼ਾਸਲਾ ਮਿਟਾਉਣਾ ਪਵੇਗਾ। ਔਰਤ ਨੂੰ ਅੱਗੇ ਵਧਣ ਲਈ ਮੌਕੇ ਦੇਣੇ ਚਾਹੀਦੇ ਹਨ।

## ਪੁਸਤਕ ਸੂਚੀ


ਉੱਪਲ, ਸਵਿੰਦਰ ਸਿੰਘ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਨਵੀਂ ਦਿੱਲੀ, ਪੰਜਾਬੀ ਰਾਈਟਰਜ਼ ਕੋਆਪਰੇਟਿਵ, 1982.

ਅਹੂਜਾ, ਰੋਸ਼ਨ ਲਾਲ, ਸਾਹਿਤ ਸ਼ਾਸ਼ਤਰ, ਅੰਮ੍ਰਿਤਸਰ, ਲਾਹੌਰ ਬੁੱਕ ਸ਼ਾਪ, 1996.

ਅਣਖੀ, ਰਾਮ ਸਰੂਪ ਅਤੇ ਐਸ. ਤਰਸੇਮ (ਸੰਪਾ.), ਨਾਵਲ ਕਿਵੇਂ ਲਿਖੀਏ, ਬਰਨਾਲਾ, ਪੰਜਾਬੀ ਸਾਹਿਤ ਸਭਾ 2000.

ਉਹੀ, ਪਰਤਾਪੀ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 1993.

ਉਹੀ, ਦੁੱਲੇ ਦੀ ਢਾਬ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2003.

ਉਹੀ, ਗੇਲੋ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2005.

ਸਿੰਘ, ਹਰਸਿਮਰਨ, ਪੰਜਾਬੀ ਬਿਤਾਂਤਕ ਗਲਪ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਾਲਾ, 1998.

ਸਿੰਘ, ਕਿਸ਼ਨ ਸਿੰਘ, ਔਰਤ ਦੀ ਆਜ਼ਾਦੀ ਦਾ ਮਸਲਾ, ਬਰਨਾਲਾ, ਤਰਕ ਭਾਰਤੀ ਪ੍ਰਕਾਸ਼ਨ, 2005.

ਸਿੰਘ, ਗੁਰਜੰਟ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2005.

ਸਿੰਘ, ਗੁਰਚਰਨ, ਪੰਜਾਬੀ ਗਲਪ ਦਾ ਇਤਿਹਾਸ, ਅੰਮ੍ਰਿਤਸਰ, ਲਾਹੌਰ ਬੁੱਕ ਸ਼ਾਪ, 1978.

ਸਿੰਘ, ਗੁਰਦਿਆਲ, ਮੜ੍ਹੀ ਦਾ ਦੀਵਾ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 1968.

ਸਿੰਘ, ਗੁਰਪ੍ਰੀਤ ਸਿੰਘ, ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2013.

ਸਿੰਘ, ਨਾਨਕ, ਚਿੱਟਾ ਲਹੂ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1932

ਉਹੀ, ਆਦਮ ਖੋਰ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1950.

ਸਿੰਘ, ਪਿਆਰਾ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ, ਜਲੰਧਰ, ਨਿਊ ਬੁੱਕ ਕੰਪਨੀ, 2012.

ਸਿੰਘ, ਬ੍ਰਹਮਜਗਦੀਸ਼ ਸਿੰਘ ਅਤੇ ਕੌਰ, ਰਾਜਬੀਰ, ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫ਼ਾਉਂਡੇਸ਼ਨ, 2007.

ਸਿੰਘ, ਰਜਨੀਸ਼, ਸਮਕਾਲੀ ਪੰਜਾਬੀ ਕਹਾਣੀ: ਪਾਠਗਤ ਅਧਿਐਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2005.

ਸਿੰਘ, ਰਜਿੰਦਰਪਾਲ, ਉੱਤਰ ਆਧੁਨਿਕਤਾ, ਪਟਿਆਲਾ, ਪਬਲੀਕੇਸ਼ਨ ਬਿਊਰੋ, 2002.

ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਦਿੱਲੀ, ਪੰਜਾਬੀ ਅਕਾਦਮੀ, 2005.

ਸੰਧੂ, ਤਾਰਾ ਸਿੰਘ, ਔਰਤ ਦੇ ਜੀਵਨ ਵਿਚ ਇਨਕਲਾਬ, ਚੰਡੀਗੜ੍ਹ, ਪੰਜਾਬ ਬੁੱਕ ਸੈਂਟਰ, 1987.

ਕੋਲਾਵਸਕੀ, ਐਨ.ਏ ਅਤੇ ਬਲੋਨੋਵਾ, ਵਾਈ.ਪੀ. (ਸੰਪਾ.), ਅੱਜ ਦੀ ਇਸਤਰੀ, ਚੰਡੀਗੜ੍ਹ, ਪੰਜਾਬ ਬੁੱਕ ਸੈਂਟਰ, ਮਿਤੀਹੀਣ.

ਕੌਰ, ਹਰਪ੍ਰੀਤ, ਦਲੀਪ ਕੌਰ ਟਿਵਾਣਾ ਦੇ ਨਾਵਲ ਨਾਰੀਵਾਦੀ ਦ੍ਰਿਸ਼ਟੀ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007.

ਕੌਰ, ਇੰਦਰਜੀਤ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਬਿਰਤਾਂਤ ਅਤੇ ਵਿਚਾਰਧਾਰਾ (ਔਰਤ-ਮਰਦ ਸੰਬੰਧਾਂ ਦੇ ਵਿਸ਼ੇਸ਼ ਪ੍ਰਸੰਗ ਵਿਚ), ਚੰਡੀਗੜ੍ਹ, ਯੂਨੀਸਟਾਰ ਬੁੱਕਸ 2015.

ਕੌਰ, ਤਜਿੰਦਰ ਪਾਲ, ਔਰਤ ਦਾ ਸੰਤਾਪ (ਗਿੱਲ ਮੋਰਾਂਵਾਲੀ ਦੀ ਰਚਨਾ 'ਮੌਸਮ ਦਾ ਸੰਤਾਪ' ਦੇ ਸੰਦਰਭ ਵਿਚ), ਚੰਡੀਗੜ੍ਹ, ਤਰਲੋਚਨ ਪਬਲਿਸ਼ਰਜ਼, 2013.

ਕੌਰ, ਪਰਮਜੀਤ, ਮਿੱਤਲ ਵਿਨੋਦ, ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2013.

ਕੌਰ, ਮਨਿੰਦਰਜੀਤ, 'ਦੁੱਲੇ ਦੀ ਢਾਬ' ਨਾਵਲ ਵਿਚ ਨਾਰੀ ਚਿੰਤਨ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2014.

ਕੌਰ, ਬੇਅੰਤ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਨਿਊ ਦਿੱਲੀ, ਫ਼ਾਇਨ ਇਮਪਰੈਸ਼ਨ, 2001.

ਕੇਸਰ, ਜਸਬੀਰ ਕੌਰ, ਔਰਤ ਆਜ਼ਾਦ ਹੈ?, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2004.

ਖਾਹਰਾ, ਸੁਖਦੇਵ ਸਿੰਘ, ਪੰਜਾਬੀ ਨਾਵਲ ਵਿਚ ਸਾਂਸਕ੍ਰਿਤਿਕ ਚੇਤਨਾ, ਅੰਮ੍ਰਿਤਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1988.

ਉਹੀ, ਪਰਤਾਪੀ: ਸਮੀਖਿਆ ਅਤੇ ਸੰਵਾਦ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫਾਉਂਡੇਸ਼ਨ, 2001.

ਉਹੀ, ਸੁਖਦੇਵ ਸਿੰਘ (ਸੰਪਾ.), ਰਾਮ ਸਰੂਪ ਅਣਖੀ ਦੀ ਗਲਪ ਰਚਨਾ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 2006.

ਘੁੰਮਣ, ਬਿਕਰਮ ਸਿੰਘ (ਸੰਪਾ.), ਅਣਖੀ ਦਾ ਗਲਪ ਸੰਸਾਰ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫ਼ਾਉਂਡੇਸ਼ਨ, 1992.

ਢਿੱਲੋਂ, ਕਰਨਲ ਚੰਨਣ ਸਿੰਘ, ਇੱਕਵੀਂ ਸਦੀ ਨਾਰੀ ਦੀ ਚੜ੍ਹਦੀ ਕਲਾ, ਲੁਧਿਆਣਾ, ਜਸਵੰਤ ਪ੍ਰਿੰਟਰਜ਼, 2001.

ਥਿੰਦ, ਸੁਖਪਾਲ ਸਿੰਘ, ਪੰਜਾਬੀ ਗਲਪ ਦੇ ਆਰ-ਪਾਰ, ਜਲੰਧਰ, ਪੰਜ ਆਬ ਪ੍ਰਕਾਸ਼ਨ, 2012.

ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਿਕ ਨਾਵਲ, ਅੰਮ੍ਰਿਤਸਰ, ਲਾਹੌਰ ਬੁੱਕ ਸ਼ਾਪ, 2005.

ਦਵੇਸ਼ਵਰ, ਸੁਰਿੰਦਰ ਕੁਮਾਰ, ਆਧੁਨਿਕ ਪੰਜਾਬੀ ਬਿਰਤਾਂਤ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2012

ਧਾਲੀਵਾਲ, ਬਲਦੇਵ ਸਿੰਘ (ਸੰਪਾ.), ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦਾ ਰਚਨਾ ਪ੍ਰਬੰਧ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1988.

ਉਹੀ, ਬਲਦੇਵ ਸਿੰਘ, ਕਰਮਜੀਤ ਸਿੰਘ ਕੱਸਾ ਦੇ ਨਾਵਲ ਬਿਰਤਾਂਤ ਚੇਤਨਾ ਦੇ ਪਾਸਾਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਮਿਤੀਹੀਣ.

ਪੂਨੀ, ਬਲਵੀਰ ਸਿੰਘ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, 2013.

ਬਟਾਲਵੀ, ਸ਼ਿਵ ਕੁਮਾਰ ਸੰਪੂਰਨ ਕਾਵਿ ਸੰਗ੍ਰਹਿ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1999.

ਬਰਾੜ, ਬਲਵਿੰਦਰ ਕੌਰ, ਨਾਰੀਵਾਦੀ ਸਿਧਾਂਤ ਚਿੰਤਨ ਅਤੇ ਵਿਹਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2000.

ਭੱਟੀ, ਸੁਰਜੀਤ ਸਿੰਘ, ਵਾਦ ਚਿੰਤਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2010.

ਭੋਗਲ, ਹਿਰਦੇਜੀਤ ਸਿੰਘ (ਸੰਪਾ.), ਰਾਮ ਸਰੂਪ ਅਣਖੀ ਦੀ ਨਾਵਲੀ-ਸੰਵੇਦਨਾ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2000.

ਰਚਨਾ, ਮਹਿਰੋਕ, ਨਾਰੀ ਪਛਾਣ ਅਤੇ ਪੰਜਾਬੀ ਕਹਾਣੀ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2014

ਰਾਹੀ, ਜੋਗਿੰਦਰ ਸਿੰਘ, ਮਸਲੇ ਗਲਪ ਦੇ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, 2004.

ਰੰਧਾਵਾ, ਸੁਖਵਿੰਦਰ ਸਿੰਘ, ਗਲਪ ਚਿੰਤਨ, ਜਲੰਧਰ, ਸੁੰਦਰ ਬੁੱਕ ਡਿਪੂ, 2000.

ਸ਼ਰਮਾ, ਲੱਕੀ, ਪ੍ਰਮੁੱਖ ਪੰਜਾਬੀ ਨਾਵਲ ਸਿਧਾਂਤ ’ਤੇ ਚਿੰਤਨ, ਸੁੰਦਰ ਬੁੱਕ ਡਿਪੂ, 2015.

ਫ਼ਰੈਂਕ, ਗੁਰਬਖਸ਼ ਸਿੰਘ, ਨਿੱਕੀ ਕਹਾਣੀ ਅਤੇ ਪੰਜਾਬੀ ਕਹਾਣੀ, ਲੁਧਿਆਣਾ, ਪੰਜਾਬੀ ਰਾਇਟਰਜ਼ ਕੋ. ਆਪ. ਸੁਸਾਇਟੀ, 1988.

### ਖੋਜ ਪ੍ਰਬੰਧ

ਸਿੰਘ, ਅਮਰੀਕ , ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਉਪ-ਸਭਿਆਚਾਰਕ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2006.

ਕੌਰ, ਅੰਮ੍ਰਿਤਪਾਲ, ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2004

ਕੌਰ, ਸੁਖਮਿੰਦਰ, ਰਾਮ ਸਰੂਪ ਅਣਖੀ ਦੇ ਨਾਵਲ 'ਦੁੱਲੇ ਦੀ ਢਾਬ' ਦਾ ਲੋਕਧਾਰਕ ਅਧਿਐਨ (ਸਰਦਾਰੋ, ਹਮੀਰਗੜ੍ਹ, ਜੱਸੀ ਸਰਪੰਚ, ਚੰਡੀਗੜ੍ਹ, ਅੱਛਰਾ ਦਾਂਦੂ ਅਤੇ ਸਲਫਾਸ ਦੇ ਪ੍ਰਸੰਗ ਵਿਚ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2006

ਕੌਰ, ਜਗਦੀਸ਼, ਪੰਜਾਬੀ ਲੋਕ-ਕਹਾਣੀ ਵਿਚ ਸਭਿਆਚਾਰਜ ਦਵੰਦ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ, (ਪੀ.ਐਚ.ਡੀ, ਥੀਸਿਜ਼), 2002

ਕੌਰ, ਨਰਿੰਦਰ ਪਾਲ , ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਸਭਿਆਚਾਰਕ ਅਧਿਐਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2009.

## ਹਿੰਦੀ ਪੁਸਤਕਾਂ

ਪਾਂਡੇ, ਊਸ਼ਾ, ਮੱਧਯੁਗੀਨ ਹਿੰਦੀ ਸਾਹਿਤ ਮੇਂ ਨਾਰੀ ਭਾਵਨਾ, ਦਿੱਲੀ, ਹਿੰਦੀ ਸਾਹਿਤਯ ਸੰਸਾਰ, 1959.

ਰਕੇਸ਼ ਕੁਮਾਰ, ਨਾਰੀਵਾਦੀ ਵਿਮਰਸ਼, ਪੰਚਕੂਲਾ, ਅਧਾਰ ਪ੍ਰਕਾਸ਼ਨ, 2001.

ਵੋਹਰਾ, ਆਸ਼ਾ ਰਾਣੀ, ਭਾਰਤੀਯ ਨਾਰੀ ਦਸ਼ਾ ਏਵਮ ਦਿਸ਼ਾ, ਦਿੱਲੀ, ਨੈਸ਼ਨਲ ਪਬਲਿਸ਼ਿਗ, 1956.

## ਖੋਜ ਪੱਤਰ

ਸਿੰਘ, ਜਸਪਾਲ, ਨਾਰੀਵਾਦੀ ਪਰਿਪੇਖ ਵਿਚ ਅੰਮ੍ਰਿਤਾ ਪ੍ਰੀਤਮ ਅਤੇ ਮਨਜੀਤ ਟਿਵਾਣਾ ਕਾਵਿ ਦਾ ਅਧਿਐਨ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2006.

ਖਾਹਰਾ, ਸੁਖਦੇਵ ਸਿੰਘ, ਰਾਮ ਸਰੂਪ ਅਣਖੀ ਦਾ ਨਵਾਂ ਨਾਵਲ 'ਪਰਤਾਪੀ', ਸੀਰਜ਼ਾ (ਦਮਾਸਿਕ ਪੱਤਰ), 1993.

ਸ਼ਾਹੀ, ਮਨਦੀਪ ਕੌਰ, ਪੰਜਾਬੀ ਨਾਵਲਾਂ ਵਿਚ ਇਸਤਰੀ ਪਾਤਰਾਂ ਦੇ ਸਵੈ ਦੇ ਨਿਜੀ, ਸਮਾਜਿਕ ਤੇ ਬਿਰਤਾਂਤ ਪਾਸਾਰ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 2008.

## ਪਤ੍ਰਿਕਾਵਾਂ

ਅਜੋਕੇ ਸ਼ਿਲਾਲੇਖ (ਨਾਰੀ ਵਿਸ਼ੇਸ਼ ਅੰਕ), ਅੰਮ੍ਰਿਤਸਰ, ਜਨਵਰੀ 1977.

ਸਮਦਰਸ਼ੀ, ਅੰਕ 127, ਦਿੱਲੀ, ਪੰਜਾਬੀ ਅਕਾਦਮੀ, ਮਈ-ਜੂਨ 2012.

## ਕੋਸ਼

ਗੁਰੂ ਸ਼ਬਦ ਰਤਨਕਾਰ ਮਹਾਨ ਕੋਸ਼, ਭਾਈ ਕਾਨ ਸਿੰਘ ਨਾਭਾ, ਦਿੱਲੀ, ਨੈਸ਼ਨਲ ਬੁੱਕ ਸ਼ਾਪ, 1990.